## ਅਧਿਆਇ 6

# ਅਲੋਚਕ ਅਤੇ ਸੰਦੇਹਵਾਦੀ

ਅਧਿਆਇ 5 ਜਿੱਥੇ ਨਿਹਚਾ ਬਾਰੇ ਸੀ ਉੱਥੇ ਹੀ ਅਧਿਆਇ 6 ਨੂੰ ''ਸੰਦੇਹਵਾਦ ਦਾ ਅਧਿਆਇ'' ਕਿਹਾ ਜਾ ਸਕਦਾ ਹੈ। ਇਸ ਅਧਿਆਇ ਵਿਚ ਨਾਸਰਤ ਦੇ ਲੋਕਾਂ, ਰਾਜਾ ਹੇਰੋਦੇਸ ਅਤੇ ਇੱਥੋਂ ਤਕ ਕਿ ਯਿਸੂ ਦੇ ਚੇਲਿਆਂ ਨੂੰ ਵੀ ਯਿਸੂ ਵਿਚ ਨਿਹਚਾ ਨਾ ਕਰਨ ਵਾਲੇ ਵਿਖਾਇਆ ਗਿਆ ਹੈ (6:1–6, 14–16, 47–52)।

### ''ਭਲਾ, ਇਹ ਤਰਖਾਣ ਨਹੀਂ ਹੈ, ਮਰੀਅਮ ਦਾ ਪੁੱਤਰ ?'' (6:1-3)[1]

**[1]ਫੇਰ ਉਹ ਉੱਥੋਂ ਤੁਰ ਕੇ ਆਪਣੇ ਦੇਸ ਵਿੱਚ ਆਇਆ ਅਰ ਉਹਦੇ ਚੇਲੇ ਉਹਦੇ ਪਿੱਛੇ ਹੋ ਤੁਰੇ**
**[2]ਜਾਂ ਸੱਬਤ ਦਾ ਦਿਨ ਹੋਇਆ ਤਾਂ ਉਹ ਸਮਾਜ ਵਿੱਚ ਉਪਦੇਸ਼ ਦੇਣ ਲੱਗਾ ਅਰ ਬਹੁਤੇ ਸੁਣ ਕੇ ਹੈਰਾਨ ਹੋ ਗਏ ਅਤੇ ਬੋਲੇ ਕਿ ਇਹ ਗੱਲਾਂ ਇਸ ਨੂੰ ਕਿੱਥੋਂ ਆਈਆਂ? ਅਤੇ ਇਹ ਕਿਹੋ ਜਿਹਾ ਗਿਆਨ ਹੈ ਜੋ ਇਸ ਨੂੰ ਦਿੱਤਾ ਗਿਆ? ਅਰ ਏਹੋ ਜਹੀਆਂ ਕਰਾਮਾਤਾਂ ਜੋ ਉਹਦੇ ਹੱਥੋਂ ਹੁੰਦੀਆਂ ਹਨ ਕੀ ਹਨ?**
**[3]ਭਲਾ, ਇਹ ਤਰਖਾਣ ਨਹੀਂ ਹੈ, ਮਰਿਯਮ ਦਾ ਪੁੱਤਰ ਅਤੇ ਯਾਕੂਬ ਅਰ ਯੋਸੇਸ ਅਰ ਯਹੂਦਾਹ ਅਰ ਸ਼ਮਊਨ ਦਾ ਭਰਾ ਅਤੇ ਉਹਦੀਆਂ ਭੈਣਾਂ ਐਥੇ ਸਾਡੇ ਕੋਲ ਨਹੀਂ ਹਨ? ਸੋ ਉਨ੍ਹਾਂ ਉਸ ਤੋਂ ਠੋਕਰ ਖਾਧੀ।**

**ਆਇਤ 1.** ਯਿਸੂ **ਆਪਣੇ ਦੇਸ** (πατρίς, *ਪੇਟ੍ਰਿਸ*) ਵਿਚ ਆਇਆ। ਇਹ ਮੁੱਖ ਤੌਰ ਤੇ ਨਾਸਰਤ ਬਾਰੇ ਕਿਹਾ ਗਿਆ ਲਗਦਾ ਹੈ (ਵੇਖੋ ਲੂਕਾ 4:16)। 1:9, 24 ਵਿਚ ਮਰਕੁਸ ਨੇ ਇਸ ਥਾਂ ਦਾ ਨਾਮ ਦਿੱਤਾ ਹੈ। *ਪੇਟਰਿਸ* ਦਾ ਮੂਲ ਅਰਥ ਹੈ ''ਆਪਣਾ ਵਤਨ'', ''ਜਨਮ ਭੂਮੀ'', ਜਾਂ ''ਉਹ ਥਾਂ ਜਿੱਥੇ ਕੋਈ ਵੱਡਾ ਹੋਇਆ ਹੋਵੇ'', ਪਰ ''ਦੇਸ'' ਵੀ ਸਹੀ ਅਨੁਵਾਦ ਹੈ।

**ਆਇਤਾਂ 2, 3. ਜਾਂ ਸੱਬਤ ਦਾ ਦਿਨ ਹੋਇਆ ਤਾਂ ਉਹ ਸਮਾਜ ਵਿੱਚ ਉਪਦੇਸ਼ ਦੇਣ ਲੱਗਾ।** ਲੂਕਾ 4:16 ਸਾਨੂੰ ਦੱਸਦਾ ਹੈ ਕਿ ਸਮਾਜ (ਸਿਨਾਗੋਗ) ਵਿਚ ਜਾਣਾ ਯਿਸੂ ਦਾ ''ਦਸਤੂਰ'' ਸੀ। ਆਪਣੀ ਪੂਰੀ ਸੇਵਕਾਈ ਦੌਰਾਨ, ਉਹ ਤਕਰੀਬਨ ਹਰ ਹਫ਼ਤੇ ਸਮਾਜਾਂ (ਸਿਨਾਗੋਗਾਂ) ਵਿਚ ਉਪਦੇਸ਼ ਦਿੰਦਾ ਹੋਵੇਗਾ।

ਜਿਨ੍ਹਾਂ ਨੇ ਉਸ ਦਿਨ ਯਿਸੂ ਨੂੰ ਸੁਣਿਆ ਉਹ **ਹੈਰਾਨ ਹੋ ਗਏ ਅਤੇ ਬੋਲੇ ਕਿ ਇਹ ਗੱਲਾਂ ਇਸ ਨੂੰ ਕਿੱਥੋਂ ਆਈਆਂ? ਅਤੇ ਇਹ ਕਿਹੋ ਜਿਹਾ ਗਿਆਨ ਹੈ ਜੋ ਇਸ ਨੂੰ ਦਿੱਤਾ ਗਿਆ? ਅਰ ਏਹੋ ਜਹੀਆਂ ਕਰਾਮਾਤਾਂ ਜੋ ਉਹਦੇ ਹੱਥੋਂ ਹੁੰਦੀਆਂ ਹਨ ਕੀ ਹਨ?** ਭਲਾ ਅਜਿਹਾ ਹੋ ਸਕਦਾ ਹੈ ਕਿ ਜਿਨ੍ਹਾਂ ਨੇ ਯਿਸੂ ਨੂੰ ਸੁਣਿਆ ਉਹ ਆਪਣੇ ਸ਼ਹਿਰ ਨੂੰ ਇਵੇਂ ਹੀ ਵੇਖਦੇ ਹੋਣ ਜਿਵੇਂ ਬਾਹਰ ਦੇ ਲੋਕ ਵੇਖਦੇ ਸਨ। ਭਾਵ ਉਨ੍ਹਾਂ ਨੂੰ ਇਹ ਲਗਦਾ ਹੋਵੇ ਕਿ ਨਾਸਰਤ ਬੇਕਾਰ ਜਿਹਾ ਪਿੰਡ ਹੈ ਜਿਸ ਵਿੱਚੋਂ ਕਦੇ ਕੋਈ ਚੰਗੀ ਚੀਜ਼ ਨਹੀਂ ਨਿੱਕਲੀ?[2] ਜੇ ਆਪਣੀ ਬਰਾਦਰੀ ਬਾਰੇ ਉਨ੍ਹਾਂ ਦਾ ਇਹ ਵਿਚਾਰ ਸੀ ਤਾਂ ਆਪਣੇ ਵਿੱਚੋਂ ਆਪਣੇ ਤੋਂ ਉੱਪਰ ਕਿਸੇ ਨੂੰ ਵੇਖ ਕੇ ਉਨ੍ਹਾਂ ਨੂੰ ਬੁਰਾ ਲੱਗਿਆ ਹੋਵੇਗਾ। ਲੂਕਾ 4:28 ਵੀ ਸੰਕੇਤ ਦਿੰਦਾ ਹੈ ਕਿ ਨਾਸਰਤ ਦੇ ਕੁਝ ਲੋਕਾਂ ਨੂੰ ਇਸ ਮੌਕੇ ਯਿਸੂ ਤੋਂ ਠੋਕਰ ਲੱਗੀ। ਇਹ ਇਸ ਕਰਕੇ ਹੋਇਆ ਹੋ

ਸਕਦਾ ਹੈ ਕਿ ਉਸ ਨੇ ਯਸਾਯਾਹ 61:1, 2 ਦੀ ਨਬੂਵਤ ਨੂੰ ਆਪਣੇ ਉੱਤੇ ਲਾਗੂ ਕੀਤਾ ਜਾਂ ਉਸ ਨੇ ਦੱਸਿਆ ਸੀ ਕਿ ਯਹੂਦੀ ਲੋਕ ਖ਼ੁਦਾ ਦੀਆਂ ਬਰਕਤਾਂ ਦੇ ਗੈਰਕੌਮਾਂ ਨਾਲੋਂ ਘੱਟ ਯੋਗ ਹਨ।[3] ਲੂਕਾ ਵਿਚ ਉਸ ਵੱਲੋਂ ਦਿੱਤਾ ਉਪਦੇਸ਼ ਹੈ, ਪਰ ਮੱਤੀ ਅਤੇ ਮਰਕੁਸ ਵਿਚ ਨਹੀਂ ਹੈ।

''ਗਿਆਨ'' (σοφία, *ਸੋਫ਼ੀਆ*) ਉਸ ਵਿੱਚ, ਉਸ ਨੂੰ ''ਦਿੱਤਾ ਗਿਆ'' (δίδωμι, *ਡਿਡੋਮੀ*) ਵੱਖਰਾ ਨਜ਼ਰ ਆਉਂਦਾ ਸੀ, ਪਰ ''ਧਰਮ ਸ਼ਾਸਤਰੀਆਂ'' (ਥਿਓਲੋਜਿਅਨਾਂ) ਅਤੇ ਬਹੁਤ ਸਾਰੇ ਲੋਕਾਂ ਨੇ ਵੇਖਿਆ ਕਿ ਉਹਨੇ ਰੱਬੀਆਂ ਦੀ ਕਿਸੇ ਪਾਠਸ਼ਾਲਾ ਵਿਚ ਪੜ੍ਹਾਈ ਨਹੀਂ ਕੀਤੀ ਸੀ। ਉਹਦੇ ਆਪਣੇ ਆਪ ਨੂੰ ਐਨਾ ਪੜ੍ਹਿਆ ਲਿਖਿਆ ਬਣਾਉਣ ਦੀ ਸੰਭਾਵਨਾ ਲਈ ਉਹਦਾ ਗੈਰਮਾਮੂਲੀ ਢੰਗ ਨਾਲ ਅਕਲਮੰਦ ਹੋਣਾ ਜ਼ਰੂਰੀ ਸੀ; ਅਤੇ ਉਹ ਇਸ ਵਿਚਾਰ ਨੂੰ ਮੰਨਣ ਲਈ ਤਿਆਰ ਨਹੀਂ ਸਨ। ਇਸ ਤੋਂ ਇਲਾਵਾ, ਉਸ ਦੇ ਆਪਣੇ ਰਿਸ਼ਤੇਦਾਰਾਂ ਦੇ ਉਸ ਤੇ ਵਿਸ਼ਵਾਸ ਨਾ ਕਰਨ ਕਰਕੇ, ਸਾਫ਼ ਹੈ ਕਿ ਸਲੀਬ ਦਾ ਪਰਛਾਵਾਂ ਉਨ੍ਹਾਂ ਉੱਤੇ ਪੈਣ ਲਗ ਪਿਆ ਸੀ।[4]

ਕਿਤੇ ਹੋਰ ਕੀਤੇ ਉਹਦੇ ਚਮਤਕਾਰਾਂ ਬਾਰੇ ਸੁਣ ਕੇ ਉਨ੍ਹਾਂ ਨੇ ਪੁੱਛਿਆ ਸੀ, **''ਭਲਾ, ਇਹ ਤਰਖਾਣ ਨਹੀਂ ਹੈ?''** ਇਸ ਤੋਂ ਅਸੀਂ ਅੰਦਾਜ਼ਾ ਲਾਉਂਦੇ ਹਾਂ ਕਿ ਆਪਣੀ ਸੇਵਕਾਈ ਦੇ ਸ਼ੁਰੂ ਹੋਣ ਤਕ, ਉਹ ਤਰਖਾਣਾ ਕੰਮ ਕਰਦਾ ਸੀ।[5] ਦੂਜੀ ਸਦੀ ਦੀ ਸ਼ੁਰੂਆਤੀ ਰਵਾਇਤ ਤੋਂ ਪਤਾ ਲਗਦਾ ਹੈ ਕਿ ਨਾਸਰਤ ਨੇ ਕੁਝ ਲੋਕ ਅਜੇ ਵੀ ਉਨ੍ਹਾਂ ਹਲਾਂ ਅਤੇ ਜੂਲਿਆਂ ਨੂੰ ਵਿਖਾਉਂਦੇ ਸਨ ਜਿਹੜੇ ਉਨ੍ਹਾਂ ਦੇ ਬਲਦਾਂ ਲਈ ਯਿਸੂ ਨੇ ਬਣਾਏ ਸਨ।[6] ਉਹਦੇ ਲਈ ''ਹਲ'' (ਲੂਕਾ 9:62), ''ਜੂਲਾ'' ਚੁੱਕਣ ਵਰਗੇ (ਮੱਤੀ 11:29) ਖੇਤੀਬਾੜੀ ਵਿਚ ਵਰਤੇ ਜਾਂਦੇ ਸ਼ਬਦਾਂ ਦੀ ਵਰਤੋਂ ਸੁਭਾਵਕ ਸੀ।

6:3 ਵਿਚ ਲੋਕਾਂ ਵੱਲੋਂ ਯਿਸੂ ਨੂੰ **ਮਰੀਅਮ ਦਾ ਪੁੱਤਰ** (ਯੂਸੁਫ਼ ਦਾ ਨਹੀਂ) ਆਖ ਕੇ ਅਪਮਾਨਿਤ ਕੀਤਾ ਗਿਆ। ਯਹੂਦੀਆਂ ਵਿਚ ਆਦਮੀ ਨੂੰ ਉਸ ਦੇ ਪਿਤਾ ਦੀ ਮੌਤ ਦੇ ਬਹੁਤ ਬਾਅਦ ਤਕ ਆਪਣੇ ਪਿਤਾ ਦੇ ਪੁੱਤਰ ਦੇ ਰੂਪ ਵਿਚ ਪਛਾਣਿਆ ਜਾਂਦਾ ਸੀ। ਛੋਟੇ ਸ਼ਹਿਰਾਂ ਵਿੱਚ ਅਫ਼ਵਾਹ ਨੂੰ ਯਾਦ ਰੱਖਣ ਦਾ ਇਕ ਤਰੀਕਾ ਹੈ ਅਤੇ ਯਿਸੂ ਬਚਪਨ ਤੋਂ ਨਜਾਇਜ਼ ਹੋਣ ਦੇ ਕਲੰਕ ਨਾਲ ਹੀ ਵੱਡਾ ਹੋਇਆ ਹੋਵੇਗਾ। ਜਦ ਬਾਲਕ ਜਿਸ ਨੂੰ ''ਯਿਸੂ'' ਕਿਹਾ ਗਿਆ, ਜਨਮ ਲੈਣ ਵਾਲਾ ਸੀ ਅਤੇ ਯੂਸੁਫ਼ ਮਰੀਅਮ ਨੂੰ ਆਪਣੀ ਪਤਨੀ ਬਣਾ ਕੇ ਲੈ ਆਇਆ (ਮੱਤੀ 1:24), ਤਾਂ ਉਨ੍ਹਾਂ ਨੂੰ ਰੋਮੀ ਕਾਨੂੰਨ ਦੇ ਕਾਰਣ ਆਪਣੇ ਜੱਦੀ ਸ਼ਹਿਰ ਵਿਚ ਟੈਕਸ ਲਈ ਨਾਂਅ ਲਿਖਵਾਉਣ ਵਾਸਤੇ ਆਪਣੇ ਪੁਰਖੇ ਦਾਊਦ ਦੇ ਸ਼ਹਿਰ ਬੈਤਲਹਮ ਜਾਣਾ ਪਿਆ। ਲੂਕਾ ਦੱਸਦਾ ਹੈ ਕਿ ਉਸ ਸਮੇਂ ਉਨ੍ਹਾਂ ਦੀ ''ਕੁੜਮਾਈ'' ਹੋਈ ਹੋਈ ਸੀ (ਲੂਕਾ 1:27)।[7] ਇਹ ਉਸ ਦੇ ਅਤੇ ਯੂਸੁਫ਼ ਦੇ ਵਿਆਹ ਹੋਣ ਤੋਂ ਬਹੁਤ ਪਹਿਲਾਂ ਦੀ ਗੱਲ ਹੈ। ਸੰਭਵ ਤੌਰ ਤੇ ਜਦ ਇਹ ਪਤਾ ਲੱਗਿਆ ਕਿ ਮਰੀਅਮ ਗਰਭਵਤੀ ਹੈ, ਤਾਂ ਇਹ ਗੱਲ ਫੈਲ ਗਈ, ਜਿਵੇਂ ਆਮ ਤੌਰ ਤੇ ਅਫ਼ਵਾਹ ਵਿਚ ਹੁੰਦਾ ਹੈ। ਅਜਿਹੀ ਸੂਰਤ ਵਿੱਚ ਲੋਕ ਆਖਦੇ ਹੋਣਗੇ, ''ਯਿਸੂ ਉੱਤੇ ਖ਼ੁਦਾ ਦਾ ਸਰਾਪ ਹੈ, ਅਤੇ ਉਹ ਕਦੇ ਵੀ ਕੋਈ ਚੰਗੀ ਚੀਜ਼ ਨਹੀਂ ਕਰ ਸਕਦਾ ਜਾਂ ਚੰਗਾ ਨਹੀਂ ਕਰ ਸਕਦਾ।'' ਉਨ੍ਹਾਂ ਵੱਲੋਂ ਉਨ੍ਹਾਂ ਨੂੰ ਰੱਦੇ ਜਾਣ ਨੂੰ ਉਨ੍ਹਾਂ ਦੇ ਪੱਖ ਤੋਂ ਆਮ ਯਹੂਦੀ ਸੋਚ ਮੰਨਿਆ ਜਾ ਸਕਦਾ ਹੈ। ਉਹ ਉਸ ਦੇ ਬਾਪ-ਦਾਦਿਆਂ ਦਾ ਆਦਰ ਨਹੀਂ ਕਰਦੇ ਸਨ। ਉਨ੍ਹਾਂ ਨੇ ਇਸੇ ਕਰਕੇ ਉਸ ਦੇ ''ਇਖ਼ਤਿਆਰ ਵਾਲੇ ਵਾਂਗੂੰ ਉਪਦੇਸ਼'' ਦੇਣ ਨੂੰ ਨਕਾਰਿਆ ਹੋਵੇਗਾ (1:22) ਕਿਉਂ ਜੋ ਉਹ ਉਨ੍ਹਾਂ ਵਿੱਚੋਂ ਬਹੁਤ ਸਾਰੇ ਲੋਕਾਂ ਵਾਂਗ ਇਕ ਆਮ ਕੰਮ ਕਰਨ ਵਾਲਾ ਸੀ। ਬਾਅਦ ਵਿਚ ਯਹੂਦੀਆਂ ਵਾਂਗ, ਨਾਸਰੀਆਂ ਨੇ ਉਸ ਦੇ ਵੱਡਾ ਹੋਣ ਪ੍ਰਤੀ ਈਰਖਾ ਰੱਖੀ, ਜਿਸ ਕਰਕੇ ਉਨ੍ਹਾਂ ਨੇ ਉਸ ਦਾ ਅਪਮਾਨ ਕੀਤਾ। ਇਹ ਸਾਰੀਆਂ ਗੱਲਾਂ ਇਹ ਸਮਝਾਉਣ ਲਈ ਪਾਈਆਂ ਗਈਆਂ ਹੋ ਸਕਦੀਆਂ ਹਨ ਕਿ ਉਹ ਉਸ ਤੋਂ ''ਨਰਾਜ਼'' ਕਿਉਂ ਸਨ ਜਾਂ **ਉਨ੍ਹਾਂ ਉਸ ਤੋਂ ਠੋਕਰ** ਕਿਉਂ **ਖਾਧੀ**। ''ਠੋਕਰ'' ਦਾ ਅਨੁਵਾਦ σκανδαλίζω (*ਸਕੈਂਡੇਲਿਜ਼ੋ*) ਤੋਂ ਕੀਤਾ ਗਿਆ ਹੈ ਅਤੇ ਇਸ ਦਾ ਅਰਥ ''ਕਿਸੇ ਨੂੰ ਠੋਕਰ ਲੱਗਣ ਦਾ ਕਾਰਣ'' ਹੈ।

ਲੋਕਾਂ ਨੇ ਯਿਸੂ ਨੂੰ **ਯਾਕੂਬ ਅਰ ਯੋਸੇਸ ਅਰ ਯਹੂਦਾਹ ਅਰ ਸ਼ਮਊਨ ਦਾ ਭਰਾ** ਕਿਹਾ ਅਤੇ ਪੁੱਛਿਆ, **''ਉਹਦੀਆਂ ਭੈਣਾਂ ਇੱਥੇ ਸਾਡੇ ਕੋਲ ਨਹੀਂ ਹਨ?''** ਰੋਮਨ ਕੈਥੋਲਿਕ ਲੋਕਾਂ ਨੂੰ ਮਰੀਅਮ ਦੇ ''ਆਦਿ ਕੁਆਰੀ'' ਭਾਵ ਹਮੇਸ਼ਾ ਕੁਆਰੀ ਵਾਲੇ ਵਿਚਾਰ ਲਈ ਇਹ ਦਲੀਲ ਦੇਣੀ ਪਵੇਗੀ ਕਿ ਯਿਸੂ ਦੇ ਭੈਣ ਭਰਾ ਯੂਸੁਫ਼ ਦੀ ਪਿਛਲੀ ਪਤਨੀ ਤੋਂ ਉਹਦੇ ਮਤਰਏ ਭੈਣ–ਭਰਾ ਸਨ।

> ਰੋਮ ਦੀ ਬੇਦੀਨ ਕਲੀਸੀਆ ਵਿਚ ਮਰੀਅਮ ਦੀ ਪੂਜਾ ਦੀ ਗੱਲ ਉਦੋਂ ਹੀ ਉੱਠਣ ਲਗ ਪਈ ਜਦੋਂ ਮਸੀਹੀ ਲੇਖਕਾਂ ਨੇ ਇਹ ਇਨਕਾਰ ਕਰਨ ਦੇ ਕੁਝ ਮਾਧਿਅਮ ਕੱਢ ਦਿੱਤੇ ਕਿ ਇਹ ਯੂਸੁਫ਼ ਅਤੇ ਮਰੀਅਮ ਦੀ ਸੰਤਾਨ ਸਨ।[8]

''ਖ਼ੁਦਾ ਦੀ ਮਾਂ'' (*mater dei*, *ਮੇਟਰ ਡਈ*) ਦੀ ਉਪਾਧੀ ਮਰੀਅਮ ਦੇ ਗੀਤਾਂ ਅਤੇ ਪ੍ਰਾਰਥਨਾਵਾਂ ਦੀ ਵਰਤੋਂ ਪੰਜਵੀ ਸਦੀ ਵਿਚ ਕੈਥੋਲਿਕ ਚਰਚ ਦੀ ਪ੍ਰਵਾਨਗੀ ਨਾਲ ਸ਼ੁਰੂ ਹੋਈ। ਮਾਸ ਵਿਚ ਉਹਦੇ ਲਈ ਇਹ ਉਪਾਧੀ ਛੇਵੀਂ ਸਦੀ ਵਿਚ ਜੋੜੀ ਗਈ।[9]

ਕੁਝ ਸ਼ੁਰੂਆਤੀ ਲੇਖਕਾਂ (ਜਿਵੇਂ ਟਰਟੁੱਲੀਅਨ[10] ਲਗਭਗ 160–ਲਗਭਗ 220) ਨੇ ਸਾਫ਼–ਸਾਫ਼ ਮੰਨਿਆ ਕਿ ਯਿਸੂ ਦੇ ਭੈਣ–ਭਰਾ ਯੂਸੁਫ਼ ਅਤੇ ਮਰੀਅਮ ਦੋਹਾਂ ਦੇ ਬੱਚੇ ਸਨ। ਇਬਰਾਨੀ ਸ਼ੈਲੀ ਵਿਚ ਕਈ ਵਾਰ ਵਰਤੇ ਜਾਣ ਵਾਲੇ ''ਭਰਾ'' ਅਤੇ ''ਭੈਣ'' ਦਾ ਅਰਥ ''ਰਿਸ਼ਤੇਦਾਰ'' ਜਾਂ ''ਚਾਚੇ ਤਾਏ, ਮਾਮੇ ਮਾਸੀ ਦੇ ਧੀਆਂ ਪੁੱਤ'' ਹੁੰਦਾ ਹੈ, ਪਰ ਇਹ ਕੋਈ ਆਮ ਅਰਥ ਨਹੀਂ ਹੈ। 6:3 ਵਿਚ ਦੱਸੇ ਗਏ ਲੋਕ ਯਿਸੂ ਦੇ ਮਤਰਏ ਭੈਣ–ਭਰਾ ਸਨ।

ਯਾਕੂਬ ਸਾਡੇ ਪ੍ਰਭੂ ਦਾ ਇਕ ਭਰਾ ਸੀ ਜਿਸ ਨੂੰ ਮੁੱਢਲੀ ਕਲੀਸੀਆ ਵਿਚ ਮਸ਼ਹੂਰੀ ਮਿਲੀ।[12] ਉਹ ਸੰਭਵ ਤੌਰ ਤੇ ਯਹੂਦੀਆਂ ਲਈ ''ਰਸੂਲ'' ਬਣਿਆ ਕਿਉਂ ਜੋ ਉਨ੍ਹਾਂ ਦਾ ''ਰਸੂਲ'' (ਮਸੀਹ) ਇਬਰਾਨੀਆਂ 3:1 ਇਸ ਦੁਨੀਆਂ ਤੋਂ ਕੂਚ ਕਰ ਗਿਆ ਸੀ। ਕਲੀਸੀਆ ਯਕੀਨੀ ਤੌਰ ਤੇ ਯਿਸੂ ਦੇ ਭਰਾ ਯਾਕੂਬ ਨੂੰ ਆਗੂ ਮੰਨਦੀ ਸੀ। 1 ਕੁਰਿੰਥੀਆਂ 15:7 ਕੁਝ ਅਰਥਾਂ ਵਿਚ ਉਸ ਨੂੰ ਰਸੂਲਾਂ ਵਿੱਚੋਂ ਇਕ ਹੋਣ ਦਾ ਸਿਹਰਾ ਦਿੰਦਾ ਹੋਇਆ ਲਗਦਾ ਹੈ, [13] ਜਿਸ ਨੂੰ ਕਿਸੇ ਖ਼ਾਸ ਕੰਮ ਲਈ ਘੱਲਿਆ ਗਿਆ ਸੀ।

## ''ਨਬੀ ਦਾ ਆਪਣੇ ਦੇਸ਼ ਅਤੇ ਅੰਗ ਸਾਕ ਅਤੇ ਆਪਣੇ ਘਰ ਤੋਂ ਬਿਨਾ ਹੋਰ ਕਿਤੇ ਨਿਆਦਰ ਨਹੀਂ ਹੁੰਦਾ'' (6:4-6)[14]

**4ਯਿਸੂ ਨੇ ਉਨ੍ਹਾਂ ਨੂੰ ਆਖਿਆ, ਨਬੀ ਦਾ ਆਪਣੇ ਦੇਸ਼ ਅਤੇ ਅੰਗ ਸਾਕ ਅਤੇ ਆਪਣੇ ਘਰ ਤੋਂ ਬਿਨਾ ਹੋਰ ਕਿਤੇ ਨਿਆਦਰ ਨਹੀਂ ਹੁੰਦਾ 5ਅਰ ਉਹ ਉੱਥੇ ਕੋਈ ਕਰਾਮਾਤ ਨਾ ਵਿਖਾ ਸੱਕਿਆ ਪਰ ਥੋੜ੍ਹੇ ਜੇਹੇ ਰੋਗੀਆਂ ਉੱਤੇ ਹੱਥ ਰੱਖ ਕੇ ਉਨ੍ਹਾਂ ਨੂੰ ਚੰਗਾ ਕੀਤਾ 6ਅਤੇ ਉਸ ਨੇ ਉਨ੍ਹਾਂ ਦੀ ਬੇਪਰਤੀਤੀ ਉੱਤੇ ਅਚਰਜ ਮੰਨਿਆ ਅਰ ਉਹ ਆਲੇ ਦੁਆਲੇ ਦੇ ਪਿੰਡਾਂ ਵਿੱਚ ਉਪਦੇਸ਼ ਦਿੰਦਾ ਫਿਰਿਆ। ਅਰ ਉਹ ਆਲੇ ਦੁਆਲੇ ਦੇ ਪਿੰਡਾਂ ਵਿੱਚ ਉਪਦੇਸ਼ ਦਿੰਦਾ ਫਿਰਿਆ।**

**ਆਇਤ 4. ''ਨਬੀ ਦਾ ਆਪਣੇ ਦੇਸ ਅਤੇ ਅੰਗ ਸਾਕ ਅਤੇ ਆਪਣੇ ਘਰ ਤੋਂ ਬਿਨਾ ਹੋਰ ਕਿਤੇ ਨਿਆਦਰ ਨਹੀਂ ਹੁੰਦਾ।''** ਸਾਫ਼–ਸਾਫ਼ ਕਹੀਏ ਤਾਂ ਇਹ ਆਇਤ ਕਹਿੰਦੀ ਹੈ ਕਿ ''ਨਬੀ ਦੀ ਇੱਜ਼ਤ ਆਪਣੇ ਘਰ ਵਿਚ ਨਹੀਂ ਹੁੰਦੀ।'' ਜਿਹੜੇ ਲੋਕ ਯਿਸੂ ਨੂੰ ਉਹਦੇ ਬਚਪਨ ਤੋਂ ਜਾਣਦੇ ਸਨ, ਉਨ੍ਹਾਂ ਨੂੰ ਸਮਝ ਨਹੀਂ ਆਈ, ਇਸੇ ਕਰਕੇ ਉਨ੍ਹਾਂ ਨੇ ਉਸ ਨੂੰ ਠੁਕਰਾ ਦਿੱਤਾ। ਉਨ੍ਹਾਂ ਦੀ ਬੇਪਰਤੀਤੀ ਦੇ ਕਾਰਣ ਉਹ ਉਨ੍ਹਾਂ ਲਈ ''ਠੋਕਰ ਦਾ ਪੱਥਰ'' ਸੀ (ਵੇਖੋ ਯਸਾਯਾਹ 8:14; ਰੋਮੀਆਂ 9:32, 33)। ਯਹੂਦੀ ਲੋਕ ਕਿਸੇ ਨੂੰ ਉਦੋਂ ਤਕ ਇੱਜ਼ਤ ਨਾਲ ਨਹੀਂ ਸੁਣਦੇ ਸਨ, ਜਦੋਂ ਤਕ ਉਹ ਤੀਹਾਂ ਤੋਂ ਵੱਧ ਉਮਰ ਦਾ

ਨਾ ਹੋਵੇ, ਪਰ ਯਿਸੂ ਇਸ ਉਮਰ ਦਾ ਹੋ ਗਿਆ ਸੀ, ਪਰ ਅਜੇ ਵੀ ਉਹ ਉਸ ਨੂੰ ਇਖ਼ਤਿਆਰ ਵਾਲੇ ਵਿਅਕਤੀ ਦੇ ਰੂਪ ਵਿਚ ਨਹੀਂ ਵੇਖਦੇ ਸਨ।

ਯੂਸੁਫ਼ ਦੀ ਮੌਤ ਤੋਂ ਬਾਅਦ, ਯਿਸੂ ਨੇ ਆਪਣੀ ਮਾਤਾ ਅਤੇ ਛੋਟੇ ਭੈਣ–ਭਰਾਵਾਂ ਦੀ ਮਦਦ ਕਰਨ ਲਈ ਤਰਖਾਣਾ ਕੰਮ ਕੀਤਾ ਹੋਵੇਗਾ। ਨਾਸਰਤ ਦੇ ਲੋਕ ਉਹਨੂੰ ਚੰਗੀ ਤਰ੍ਹਾਂ ਜਾਣਦੇ ਹੋਣਗੇ। ਫਿਰ ਵੀ ਉਹਦੀ ਆਲੋਚਨਾ ਉਨ੍ਹਾਂ ਨਾਲੋਂ ਵਧ ਕੇ ਕੋਈ ਨਹੀਂ ਕਰ ਸਕਦਾ ਸੀ ਜਿਹੜੇ ਉਸ ਬਚਪਨ ਤੋਂ ਜਾਣਦੇ ਸਨ। ਦਾਊਦ ਦੇ ਪਰਿਵਾਰ ਦੇ ਲੋਕ ਉਸ ਨੂੰ ਸਭ ਤੋਂ ਛੋਟਾ ਮੰਨਦੇ ਸਨ, ਜੋ ਕਿ ਤਕਰੀਬਨ ਨਾਚੀਜ਼ ਵਰਗਾ ਸੀ; ਪਰ ਸਮੂਏਲ ਨੂੰ ਦਾਊਦ ਵਿਚ ਉਹ ਵੇਖਣ ਲਈ ਕਿਹਾ ਗਿਆ ਜੋ ਉਸ ਦੇ ਭਰਾਵਾਂ ਵਿੱਚੋਂ ਕਿਸੇ ਨੂੰ ਜਾਂ ਉਸ ਦੇ ਪਿਉ ਨੂੰ ਨਜ਼ਰ ਨਹੀਂ ਆਇਆ (1 ਸਮੂਏਲ 16:6–13)। ਯੂਹੰਨਾ ਨੇ ਲਿਖਿਆ, ''ਉਹ ਆਪਣੇ ਘਰ ਆਇਆ ਅਰ ਜਿਹੜੇ ਉਸ ਦੇ ਆਪਣੇ ਸਨ ਉਨ੍ਹਾਂ ਨੇ ਉਸ ਨੂੰ ਕਬੂਲ ਨਾ ਕੀਤਾ'' (ਯੂਹੰਨਾ 1:11)। ਉਨ੍ਹਾਂ ਨੂੰ ਲੱਗਾ ਕਿ ਉਹ ਯਿਸੂ ਨੂੰ ਜਾਣਦੇ ਹਨ, ਜਦਕਿ ਅਸਲ ਵਿੱਚ ਉਹ ਨਹੀਂ ਜਾਣਦੇ ਸਨ। ਫ਼ਿਲਿਪਸ ਬਰੁਕਸ ਨੇ ਕਿਹਾ, ''ਪਛਾਣ ਨਫ਼ਰਤ ਦਾ ਕਾਰਣ ਬਣਦੀ ਹੈ, ਪਰ ਸਿਰਫ਼ ਘਿਣਾਉਣੇ ਲੋਕਾਂ ਜਾਂ ਚੀਜ਼ਾਂ ਤੋਂ।''[15] ਨਾਸਰਤ ਦੇ ਲੋਕ ਇਸੇ ਸ਼੍ਰੇਣੀ ਵਿੱਚ ਆਉਂਦੇ ਹਨ। ਯਿਸੂ ਲਈ ਉਨ੍ਹਾਂ ਦੀ ਨਫ਼ਰਤ ਤੋਂ ਯਿਸੂ ਨਾਲੋਂ ਉਨ੍ਹਾਂ ਬਾਰੇ ਬਹੁਤਾ ਪਤਾ ਲਗਦਾ ਹੈ। ਉਹ ਆਖ ਸਕਦੇ ਸਨ, ''ਉਸ ਦੇ ਤਾਂ ਭਰਾ ਅਤੇ ਭੈਣਾਂ ਵੀ ਉਸ ਵਿਚ ਵਿਸ਼ਵਾਸ ਨਹੀਂ ਕਰਦੇ, ਤਾਂ ਫਿਰ ਅਸੀਂ ਕਿਉਂ ਕਰੀਏ?'' ਬਹੁਤ ਸਾਰੇ ਲੋਕ ਉਸ ਦੇ ਪ੍ਰਚਾਰ ਤੋਂ ਦੰਗ ਸਨ, ਸ਼ਾਇਦ ਉਸ ਇਖ਼ਤਿਆਰ ਕਰਕੇ ਜਿਸ ਨਾਲ ਉਹ ਬੋਲਦਾ ਸੀ, ਉਸ ਦੇ ਮੋਅਜਜ਼ਿਆਂ ਅਤੇ ਉਸ ਦੇ ਸੰਦੇਸ਼ ਦੀਆਂ ਗੱਲਾਂ ਤੋਂ। ਉਸ ''ਗਿਆਨ'' ਜਿਹੜਾ ਉਹਨੇ ਵਿਖਾਇਆ ਸੀ ਅਤੇ ਉਸ ਸਮਰੱਥਾ ਦੇ ਬਾਵਜੂਦ ਜਿਹੜੀ ਚਮਤਕਾਰ ਕਰਕੇ ਉਸਨੇ ਵਿਖਾਈ ਸੀ, ਉਹਦੇ ਪੁਰਾਣੇ ਪਰਿਵਾਰਕ ਦੋਸਤਾਂ ਨੇ ਉਹਦੇ ਨਾਲ ਇਵੇਂ ਸਲੂਕ ਕੀਤਾ ਜਿਵੇਂ ਉਹ ਇਕ ਆਮ ਆਦਮੀ ਹੋਵੇ।

**ਆਇਤ 5. ਅਰ ਉਹ ਉੱਥੇ ਕੋਈ ਕਰਾਮਾਤ ਨਾ ਵਿਖਾ ਸੱਕਿਆ ਪਰ ਥੋੜ੍ਹੇ ਜੇਹੇ ਰੋਗੀਆਂ ਉੱਤੇ ਹੱਥ ਰੱਖ ਕੇ ਉਨ੍ਹਾਂ ਨੂੰ ਚੰਗਾ ਕੀਤਾ।** ਯਿਸੂ ਨੇ ਉਨ੍ਹਾਂ ਵਿਚਕਾਰ ਛੋਟੇ ਮੋਟੇ ਚਮਤਕਾਰ ਜ਼ਰੂਰ ਕੀਤੇ, ਪਰ ਉਹ ਉੱਥੇ ''ਸਮਰੱਥਾ ਦਾ ਕੋਈ ਕੰਮ'' ਨਹੀਂ ਕਰ ਸਕਿਆ[16] (ASV; NKJV) ਭਾਵ ਅਜਿਹਾ ਨਹੀਂ ਜਿਹੜਾ ਉਸ ਔਰਤ ਨਾਲ ਕੀਤਾ ਜਿਹਨੇ ਉਹਦਾ ਪੱਲਾ ਛੋਹਿਆ ਅਤੇ ਉਹ ਚੰਗੀ ਹੋ ਗਈ ਸੀ (5:25–34)। ਖ਼ੁਦਾ ਨੇ ਕਦੇ ਵੀ ਕਿਸੇ ਵਿਅਕਤੀ ਲਈ ਜਿਹੜਾ ਮੋਅਜਜ਼ਿਆਂ ਦੇ ਅਸਲ ਮਕਸਦ ਨੂੰ ਵੇਖਣ ਲਈ ਤਿਆਰ ਨਾ ਹੋਵੇ, ਮੋਅਜਜ਼ਾ ਜ਼ਬਰਦਸਤੀ ਨਹੀਂ ਕਰਨਾ ਚਾਹਿਆ। ਇਹੀ ਕਾਰਣ ਹੈ ਕਿ ਯਿਸੂ ''... ਉਨ੍ਹਾਂ ਦੀ ਬੇਪਰਤੀਤੀ ਦੇ ਕਾਰਣ'' ਉਨ੍ਹਾਂ ਵਿਚਕਾਰ ਸਮਰੱਥਾ ਦਾ ਕੋਈ ਕੰਮ ਨਹੀਂ ਕਰ ਸਕਿਆ (ਮੱਤੀ 13:58; ASV)।

ਇਸ ਅਧਿਆਇ ਵਿਚ ਸ਼ੱਕ ਯਿਸੂ ਦੇ ਜੱਦੀ ਸ਼ਹਿਰ ਦੇ ਲੋਕਾਂ ਵੱਲੋਂ ਸੀ। ਮਰਕੁਸ ਸ਼ਾਇਦ ਆਪਣੇ ਪਾਠਕਾਂ ਨੂੰ ਇਹ ਵਿਖਾਉਣਾ ਚਾਹੁੰਦਾ ਸੀ ਕਿ 8:27–29 ਵਿਚ ''ਵੱਡੇ ਇਕਰਾਰ'' ਦੇ ਨਾਲ ਇਤਰਾਜ਼ ਵੀ ਹੋਣੇ ਸਨ। ਇੰਜੀਲ ਦੇ ਇਸ ਵਿਰਤਾਂਤ ਵਿਚ ਮਸੀਹਾ ਦੇ ਰੂਪ ਵਿਚ ਯਿਸੂ ਬਾਰੇ ਗਿਆਨ ਸਬੰਧੀ ਇਹ ਇਕ ਮੋੜ ਹੈ। ਯਿਸੂ ਲਈ ਕਿਸੇ ਵੀ ਮੋਅਜਜ਼ੇ ਨੂੰ ਕਰਨ ਲਈ ਨਿਹਚਾ ਦਾ ਇਕ ਮਾਪ ਹੋਣਾ ਜ਼ਰੂਰੀ ਸੀ; ਇਹੀ ਕਾਰਣ ਹੈ ਕਿ ਉਨ੍ਹਾਂ ਬਹੁਤ ਸਾਰੇ ਮੋਅਜਜ਼ਿਆਂ ਦੇ ਮੁਕਾਬਲੇ ਜਿਹੜੇ ਉਹਨੇ ਗਲੀਲ ਵਿਚ ਕੀਤੇ ਸਨ ਨਾਸਰਤ ਵਿਚ ਬੜੇ ਘੱਟ ਮੋਅਜਜ਼ੇ ਕੀਤੇ। ਅਫ਼ਸੋਸ ਦੀ ਗੱਲ ਹੈ ਕਿ ਉਹਦੇ ਜ਼ਿਆਦਾਤਰ ''ਚਮਤਕਾਰਾਂ'' (ਮੂਲ ਵਿਚ, ''ਸਮਰੱਥਾ ਦੇ ਕੰਮ''; 6:2) ਦੇ ਕਾਰਣ ਉਨ੍ਹਾਂ ਸ਼ਹਿਰਾਂ ਵਿਚ ਜਿਨ੍ਹਾਂ ਵਿਚ ਉਹ ਕੀਤੇ ਗਏ ਸਨ, ਲੋਕਾਂ ਵੱਲੋਂ ਗੰਭੀਰ ਉਲਾਂਭਾ ਮਿਲਿਆ, ਕਿਉਂ ''ਜੋ ਉਨ੍ਹਾਂ ਨੇ ਤੋਬਾ ਨਹੀਂ ਸੀ ਕੀਤੀ'' (ਮੱਤੀ 11:20)। ਯੂਹੰਨਾ ਬਪਤਿਸਮਾ ਦੇਣ ਵਾਲੇ ਅਤੇ ਯਿਸੂ ਦੋਹਾਂ ਨੇ ਲੋਕਾਂ ਨੂੰ ਯਕੀਨ ਦੁਆਉਣ ਅਤੇ ਪਾਪਾਂ ਤੇ ਦੁਖੀ ਹੋਣ ਅਤੇ ਲੋਕਾਂ ਤੋਂ ਤੋਬਾ ਕਰਵਾਉਣ ਦੇ ਮਕਸਦ

ਨਾਲ ਇਸ ਇਲਾਕੇ ਵਿਚ ਪ੍ਰਚਾਰ ਕੀਤਾ ਸੀ।

ਆਪਣੇ ਹੀ ਲੋਕਾਂ ਵੱਲੋਂ ਯਿਸੂ ਨੂੰ ਠੁਕਰਾਉਣ ਕਰਕੇ ਰਸੂਲ ਖਿਝ ਗਏ ਹੋਣਗੇ, ਪਰ ਅਜਿਹਾ ਕੋਈ ਸੰਕੇਤ ਨਹੀਂ ਮਿਲਦਾ ਕਿ ਉਸ ਵਿਚ ਉਨ੍ਹਾਂ ਦਾ ਵਿਸ਼ਵਾਸ ਗੜਬੜਾਇਆ ਹੋਵੇ। ਭਾਵੇਂ ਉਨ੍ਹਾਂ ਵਿਚ ''ਥੋੜੀ ਪਰਤੀਤ'' ਸੀ (ਮੱਤੀ 6:30; 8:26; 14:31; 16:8), ਪਰ ਯਿਸੂ ਦੇ ਪਿੱਛੇ ਚੱਲਦੇ ਰਹਿ ਕੇ ਉਹਦਾ ਹੁਕਮ ਮੰਨਣ ਲਈ ਉਨ੍ਹਾਂ ਨੂੰ ਅਗਵਾਈ ਦੇਣਾ ਕਾਫ਼ੀ ਸੀ। ਆਪਣੇ ਪੁਰਾਣੇ ਮਿੱਤਰਾਂ ਦੇ ਉਸ ਵਿੱਚ ਵਿਸ਼ਵਾਸ ਕਰਨ ਤੋਂ ਇਨਕਾਰ ਕਰਦਿਆਂ ਵੇਖ ਕੇ ਸਾਡੇ ਪ੍ਰਭੂ ਨੂੰ ਦੁੱਖ ਤਾਂ ਹੋਇਆ ਹੋਵੇਗਾ। ਉਨ੍ਹਾਂ ਦੀ ਬੇਪਰਤੀਤੀ ਕਰਕੇ, ਉਨ੍ਹਾਂ ਨਾਲ ਘੱਟ ਦਿਆ ਵਿਖਾਈ ਗਈ ਅਤੇ ਉਨ੍ਹਾਂ ਵਿਚ ਘੱਟ ਚਮਤਕਾਰ ਕੀਤੇ ਗਏ। ਖ਼ੁਦਾ ਕਿਸੇ ਨੂੰ ਵੀ ਮੰਨਣ ਲਈ ਮਜਬੂਰ ਨਹੀਂ ਕਰਦਾ ਭਾਵ ਪਵਿੱਤਰ ਆਤਮਾ ਕਿਸੇ ਨਾਲ ਜ਼ਬਰਦਸਤੀ ਨਹੀਂ ਕਰਦਾ।

**ਆਇਤ 6.** ਆਪਣੇ ਜੱਦੀ ਸ਼ਹਿਰ ਦੇ ਲੋਕਾਂ ਵਿਚ ਮਸੀਹਾ ਦੇ ਰੂਪ ਵਿਚ ਯਿਸੂ ਬਾਰੇ ਸ਼ੱਕ ਹੋਣ ਕਰਕੇ ਯਿਸੂ ਹੈਰਾਨ ਹੋਇਆ; ਉਹਨੇ **ਅਚਰਜ ਮੰਨਿਆ** ਕਿ ਉਹ ਕਿਵੇਂ ਉਹਦੇ ਮੋਅਜਜ਼ਿਆਂ ਅਤੇ ਉਪਦੇਸ਼ ਨੂੰ ਨਕਾਰ ਕੇ **ਬੇਪਰਤੀਤੀ** ਵਿਚ ਬਣੇ ਰਹਿ ਸਕਦੇ ਹਨ। ਸਿਰਫ਼ ਇੱਥੇ ਹੀ ਸਾਨੂੰ ਦੱਸਿਆ ਗਿਆ ਹੈ ਕਿ ਯਿਸੂ ਕਮਜ਼ੋਰ ਵਿਸ਼ਵਾਸ ਤੋਂ ਹੈਰਾਨ ਹੋਇਆ। ਇਕ ਹੋਰ ਮੌਕੇ ਤੇ, ਯਿਸੂ ਨੇ ਇਕ ਰੋਮੀ ਸੂਬੇਦਾਰ ਦੀ ਵੱਡੀ ਨਿਹਚਾ ਕਰਕੇ ''ਅਚਰਜ ਮੰਨਿਆ'' ਸੀ (ਮੱਤੀ 8:10; ਲੂਕਾ 7:9) ਜਿਸਦੇ ਦਾਸ ਨੂੰ ਯਿਸੂ ਨੇ ਉਸ ਦੇ ਕੋਲ ਗਏ ਬਗੈਰ ਚੰਗਾ ਕਰ ਦਿੱਤਾ ਸੀ (ਲੂਕਾ 7:2–10)। ਉਹਦੇ ਲਈ ਯਿਸੂ ਨੇ ਆਖਿਆ, ''ਮੈਂ ਤੁਹਾਨੂੰ ਆਖਦਾ ਹਾਂ ਜੋ ਇਸਰਾਏਲ ਵਿਚ ਵੀ ਮੈਂ ਐਡੀ ਨਿਹਚਾ ਨਹੀਂ ਵੇਖੀ!'' (ਲੂਕਾ 7:9)। ਹੋ ਸਕਦਾ ਹੈ ਕਿ ਯਿਸੂ ਦੇ ਮਨੁੱਖੀ ਮਨ ਨੂੰ ਸਮਝਣਾ ਸਾਡੀ ਸਮਰੱਥਾ ਤੋਂ ਬਾਹਰ ਹੋਵੇ; ਪਰ ਵਿਸ਼ਵਾਸੀਆਂ ਲਈ ਐਨਾ ਜਾਣ ਲੈਣਾ ਕਾਫ਼ੀ ਹੈ ਕਿ ਉਹ ਹੈਰਾਨ ਹੋ ਸਕਦਾ ਹੈ। ਬਾਈਬਲ ਅਜਿਹਾ ਕੋਈ ਸੰਕੇਤ ਨਹੀਂ ਦਿੰਦੀ ਕਿ ਯਿਸੂ ਇਸ ਦੌਰੇ ਤੋਂ ਬਾਅਦ ਕਦੇ ਘਰ ਵਾਪਸ ਆਇਆ ਜਾਂ ਨਹੀਂ।

ਕਈਆਂ ਦਾ ਮੰਨਣਾ ਹੈ ਕਿ ਮਸੀਹ ਨੂੰ ਆਪਣੇ ਸ਼ਹਿਰ ਤੋਂ ਕੱਢਣ ਦੇ ਮਰਕੁਸ ਦੇ ਹਵਾਲੇ ਵਿਚ ਇਸ ਦਾ ਕੋਈ ਜ਼ਿਕਰ ਨਹੀਂ ਹੈ, ਇਸ ਕਰਕੇ ਇਹ ਲੂਕਾ ਵਿਚ ਲਿਖੇ ਜਾਣ ਤੋਂ ਬਾਅਦ ਦੀ ਗੱਲ ਹੈ, ਜਿਹੜੀ ਨਾਸਰਤ ਵਿਚ ਯਿਸੂ ਦੀ ਸੇਵਕਾਈ ਦਾ ਹੋਰ ਵੇਰਵਾ ਵਿਸਤਾਰ ਨਾਲ ਦੁਹਰਾਉਂਦੀ ਹੈ (ਲੂਕਾ 4:24–30 )। ਅਜਿਹਾ ਲਗਦਾ ਨਹੀਂ ਹੈ ਕਿ ਯਿਸੂ ਉਸ ਸ਼ਹਿਰ ਵਿਚ ਵਾਪਸ ਗਿਆ ਹੋਵੇ ਜਿਸਨੇ ਉਹਦਾ ਐਨਾ ਮਾੜਾ ਸਵਾਗਤ ਕੀਤਾ ਹੋਵੇ, ਇੱਥੋਂ ਤਕ ਕਿ ਉਹਨੂੰ ਮਾਰ ਸੁੱਟਣ ਦੀ ਕੋਸ਼ਿਸ਼ ਕੀਤੀ। ਪਰ ਇਸ ਦੌਰੇ ਦੀਆਂ ਕਈ ਗੱਲਾਂ ਮੱਤੀ ਅਤੇ ਮਰਕੁਸ ਵਾਂਗ ਲੂਕਾ ਵਿਚ ਵੀ ਉਹੀ ਹਨ; ਭਾਵ ਤਿੰਨਾਂ ਵਿਚ ਉਸ ਦੇ ਠੁਕਰਾਏ ਜਾਣ ਦੀ ਗੱਲ ਹੈ। ਜੇ ਯਿਸੂ ਬਾਅਦ ਵਿਚ ਨਾਸਰਤ ਵਿਚ ਗਿਆ ਹੋਵੇ, ਤਾਂ ਉਹ ਆਪਣੇ ਜੱਦੀ ਸ਼ਹਿਰ ਦੇ ਦੋਸਤਾਂ ਲਈ ਤਰਸ ਕਰਨ ਅਤੇ ਉਨ੍ਹਾਂ ਨੂੰ ਇਕ ਹੋਰ ਮੌਕਾ ਦੇਣ ਦੀ ਆਪਣੀ ਰਹਿਮ ਭਰੀ ਇੱਛਾ ਕਰਕੇ ਗਿਆ ਹੋਵੇਗਾ। ਦੂਜੀ ਵਾਰ ਜਾਣ ਦੇ ਵਿਚਾਰ ਦੀ ਤਸਦੀਕ ਕਰਨ ਦੇ ਬਹੁਤ ਘੱਟ ਸਬੂਤ ਹਨ। ਤਰਸ ਦੀ ਇਕ ਹੋਰ ਪੇਸ਼ਕਸ਼ ਨਾਲ ਦੂਜੀ ਵਾਰ ਠੁਕਰਾਏ ਜਾਣ ਦੇ ਇਹ ਕਾਰਣ ਦਿੰਦਿਆਂ ਵਿਲੀਅਮ ਹੈਂਡ੍ਰਿਕਸਨ ਦਾ ਮੰਨਣਾ ਸੀ ਕਿ ਮਰਕੁਸ ਦੀ ਇਹ ਘਟਨਾ ਮੱਤੀ ਅਤੇ ਲੂਕਾ ਵਾਲੀ ਘਟਨਾ ਹੀ ਹੈ: (ੳ) ਕਹਾਣੀ ਦੀ ਆਮ ਰੂਪਰੇਖਾ ਇੰਜੀਲ ਦੇ ਤਿੰਨਾਂ ਵਿਰਤਾਂਤਾਂ ਵਿਚ ਇੱਕੋ ਹੀ ਹੈ (ਆਪਣੇ ਦੇਸ ਦੇ ਇਕ ਸਿਨਾਗੋਗ ਵਿੱਚ ਯਿਸੂ ਦੇ ਉਪਦੇਸ਼ ਦੇਣ ਕਰਕੇ ਹੈਰਾਨੀ, ਆਲੋਚਨਾ ਅਤੇ ਠੁਕਰਾਇਆ ਜਾਣਾ ਹੋਇਆ); (ਅ) ਇਹੀ ਗੱਲ ਮੱਤੀ 13:57, ਮਰਕੁਸ 6:4, ਅਤੇ ਲੂਕਾ 4:24 ਵਿਚ ਮਿਲਦੀ ਹੈ; ਅਤੇ (ੲ) ਇਤਿਹਾਸਕ ਪਿਛੋਕੜ ਦੀ ਕੋਈ ਸਮੱਸਿਆ ਨਹੀਂ ਹੈ ਕਿਉਂ ਜੋ ਲੂਕਾ 4:23 ਇਹ ਵਿਖਾਉਂਦਾ ਹੈ ਕਿ ਨਾਸਰਤ ਵਿਚ ਮਸੀਹ ਦਾ ਠੁਕਰਾਇਆ ਜਾਣਾ ਗਲੀਲ ਦੀ ਉਹਦੀ ਸੇਵਕਾਈ ਵਿਚ ਬਾਅਦ ਵਿਚ ਹੋਇਆ।[17]

ਯਿਸੂ ਨੇ ਉਹੀ ਨਿਯਮ ਅਪਣਾਇਆ ਹੋਵੇਗਾ ਜਿਹੜਾ ਸਾਨੂੰ ਗਲਾਤੀਆਂ 6:7 ਵਿਚ ਮਿਲਦਾ ਹੈ, ''ਮਨੁੱਖ ਜੋ ਕੁਝ ਬੀਜਦਾ ਹੈ, ਸੋਈਓ ਵੱਢੇਗਾ ਵੀ।'' ਮਸੀਹ ਨੂੰ ਕਬੂਲਣ ਦੇ ਵਿਰੁੱਧ ਢੀਠਪੁਣੇ ਦੇ ਮਾਮਲਿਆਂ ਵਿਚ, ਲੋਕ ਇਸ ਯੋਗ ਹੀ ਨਹੀਂ ਸਨ ਕਿ ਉਨ੍ਹਾਂ ਨੂੰ ਦੂਜਾ ਮੌਕਾ ਦਿੱਤਾ ਜਾਵੇ। ਯਿਸੂ ਨਾਸਰਤ ਵਿਚ ਆਪਣਾ ਸਾਹਮਣਾ ਕੀਤੇ ਜਾਣ ਤੋਂ ਬਾਅਦ ਸੰਭਵ ਤੌਰ ਤੇ ਇਨ੍ਹਾਂ ਪਿਆਰੇ ਲੋਕਾਂ ਦੀ ਨਿਰਾਸ਼ਾ ਭਰੀ ਹਾਲਤ ਤੋਂ ਦੁੱਖੀ ਹੋ ਕੇ (ਮੱਤੀ 9:35-38) ਗਲੀਲੀਆਂ ਵਿਚ ਇਕ ਵਾਰ ਫੇਰ ਜਾਣ ਲੱਗਾ।

## ਬਾਰ੍ਹਾਂ ਨੂੰ ਪ੍ਰਚਾਰ ਕਰਨ ਅਤੇ ਮੋਅਜਜ਼ੇ ਕਰਨ ਲਈ ਘੱਲਿਆ ਗਿਆ (6:6-13)[18]

**6ਅਤੇ ਉਸ ਨੇ ਉਨ੍ਹਾਂ ਦੀ ਬੇਪਰਤੀਤੀ ਉੱਤੇ ਅਚਰਜ ਮੰਨਿਆ ਅਰ ਉਹ ਆਲੇ ਦੁਆਲੇ ਦੇ ਪਿੰਡਾਂ ਵਿੱਚ ਉਪਦੇਸ਼ ਦਿੰਦਾ ਫਿਰਿਆ। ਅਰ ਉਹ ਆਲੇ ਦੁਆਲੇ ਦੇ ਪਿੰਡਾਂ ਵਿੱਚ ਉਪਦੇਸ਼ ਦਿੰਦਾ ਫਿਰਿਆ।**

**7ਫੇਰ ਉਹ ਉਨ੍ਹਾਂ ਬਾਰਾਂ ਨੂੰ ਕੋਲ ਸੱਦ ਕੇ ਉਨ੍ਹਾਂ ਨੂੰ ਦੋ ਦੋ ਕਰ ਕੇ ਭੇਜਣ ਲੱਗਾ ਅਰ ਉਸ ਨੇ ਉਨ੍ਹਾਂ ਨੂੰ ਭ੍ਰਿਸ਼ਟ ਆਤਮਿਆਂ ਉੱਤੇ ਇਖਤਿਆਰ ਦਿੱਤਾ 8ਅਤੇ ਉਨ੍ਹਾਂ ਨੂੰ ਹੁਕਮ ਦਿੱਤਾ ਭਈ ਰਾਹ ਦੇ ਲਈ ਲਾਠੀ ਬਿਨਾ ਹੋਰ ਕੁਝ ਨਾ ਲਓ, ਨਾ ਰੋਟੀ, ਨਾ ਝੋਲਾ, ਨਾ ਕੁਝ ਨਕਦੀ ਆਪਣੇ ਕਮਰ ਕੱਸੇ ਵਿੱਚ 9ਪਰ ਜੁੱਤੀ ਪਾਓ ਅਤੇ ਦੋ ਕੁਰਤੇ ਨਾ ਪਹਿਨੋ 10ਉਸ ਨੇ ਉਨ੍ਹਾਂ ਨੂੰ ਆਖਿਆ ਕਿ ਜਿੱਥੇ ਤੁਸੀਂ ਕਿਸੇ ਘਰ ਵਿੱਚ ਜਾਓ ਤਾਂ ਜਿਨ੍ਹਾਂ ਚਿਰ ਉੱਥੋਂ ਨਾ ਤੁਰੋ ਉੱਥੇ ਹੀ ਟਿਕੋ 11ਪਰ ਜਿੱਥੇ ਕਿਤੇ ਤੁਹਾਨੂੰ ਕਬੂਲ ਨਾ ਕਰਨ ਅਤੇ ਤੁਹਾਡੀ ਨਾ ਸੁਣਨ ਤਾਂ ਉੱਥੋਂ ਨਿੱਕਲ ਕੇ ਓਨ੍ਹਾਂ ਉੱਤੇ ਸਾਖੀ ਲਈ ਆਪਣੇ ਪੈਰਾਂ ਦੀ ਧੂੜ ਝਾੜ ਸੁੱਟੋ 12ਤਾਂ ਓਹ ਬਾਹਰ ਜਾ ਕੇ ਪ੍ਰਚਾਰ ਕਰਨ ਲੱਗੇ ਕਿ ਲੋਕ ਤੋਬਾ ਕਰਨ 13ਅਰ ਬਹੁਤ ਸਾਰਿਆਂ ਭੂਤਾਂ ਨੂੰ ਕੱਢ ਦਿੱਤਾ ਅਤੇ ਬਹੁਤ ਸਾਰੇ ਰੋਗੀਆਂ ਤੇ ਤੇਲ ਮਲ ਕੇ ਉਨ੍ਹਾਂ ਨੂੰ ਚੰਗਾ ਕੀਤਾ।**

**ਆਇਤਾਂ 6, 7.** ਮਰਕੁਸ 6:6-13 ਵਾਂਗ ਮੱਤੀ 10:1-23 ਵਿਚ **ਉਪਦੇਸ਼** ਦੇਣ ਜਾਣ ਅਤੇ **ਬਾਰਾਂ** ਦੀ ਨਿਯੁਕਤੀ ਨੂੰ ਮਿਲਾਇਆ ਗਿਆ ਹੈ, ਪਰ ਮੱਤੀ ਦੋਹਾਂ ਦੇ ਇਕੱਠੇ ਜਾਣ ਨੂੰ ਨਹੀਂ ਵਿਖਾਉਂਦਾ। ਇਹ ਘਟਨਾਵਾਂ ਸੰਭਵ ਤੌਰ ਤੇ ਪਹਾੜੀ ਉਪਦੇਸ਼ ਤੋਂ ਥੋੜ੍ਹਾ ਪਹਿਲਾਂ ਦੀਆਂ ਹਨ।[19] ਬਾਰ੍ਹਾਂ ਨੂੰ ਬਾਹਰ ਘੱਲਿਆ ਜਾਣਾ ਉਨ੍ਹਾਂ ਨੂੰ ਸ਼ੁਰੂ ਵਿਚ ਸੱਦੇ ਜਾਣ ਦੇ ਇਕ ਜਾਂ ਵੱਧ ਸਾਲ ਬਾਅਦ ਹੋਇਆ। ਯਿਸੂ ਦੀ ਆਪਣੀ ਸੇਵਕਾਈ ਕਰਨ ਦੇ ਅਧਾਰ ਤੇ ਜੋ ਕਿ 26 ਜਾਂ 27 ਈਸਵੀ ਵਿਚ ਕਿਤੇ ਹੋਈ ਸੀ, ਸ਼ਾਇਦ 28 ਈਸਵੀ ਦੀ ਗੱਲ ਹੈ।

ਇਹ ਯਿਸੂ ਦੀ ਸੇਵਕਾਈ, ਖ਼ਾਸ ਕਰਕੇ ਗਲੀਲ ਵਿਚਲੀ ਸੇਵਕਾਈ ਨੂੰ ਅੱਡ ਵਿਖਾਉਂਦਾ ਹੈ। ਉਸ ਨੇ ਬਾਰ੍ਹਾਂ ਨੂੰ ਸੱਦਿਆ, ਪ੍ਰਚਾਰ ਲਈ **ਉਨ੍ਹਾਂ ਨੂੰ . . . ਭੇਜਣ** ਤੋਂ ਪਹਿਲਾਂ ਉਨ੍ਹਾਂ ਨੂੰ ਰਸੂਲ ਆਖ ਕੇ ਸੱਦਿਆ।[20] ''ਭੇਜਣ'' ਲਈ ਆਮ ਸ਼ਬਦ ਦਾ ਕਿਰਿਆ ਰੂਪ ἀποστέλλω (*ਅਪੋਸਟੇੱਲੋ*) ਹੈ। ਇਸ ਦੇ ਨਾਉਂ ਰੂਪ ἀπόστολος (*ਅਪੋਸਟੋਲੋਸ*), ''ਅਪੋਸਟਲ'' (ਪੰਜਾਬੀ ਵਿਚ ਇਹਦਾ ਅਨੁਵਾਦ ਰਸੂਲ ਹੋਇਆ ਹੈ- ਅਨੁਵਾਦਕ) ਸ਼ਬਦ ਵਿਚ ਅਸਾਨੀ ਨਾਲ ਵੇਖਿਆ ਜਾ ਸਕਦਾ ਹੈ, ਇਸ ਦਾ ਸਬੰਧ ਕਿਸੇ ਨੂੰ, ਜਿਹੜਾ ਘੱਲਣ ਵਾਲੇ ਦੀ ਪੂਰੀ ਪੂਰੀ ਨੁਮਾਇੰਦਗੀ ਕਰਦਾ ਹੋਵੇ, ਖ਼ਾਸ ਇਖ਼ਤਿਆਰ ਦੇ ਕੇ ਬਾਹਰ ਘੱਲਣ ਨਾਲ ਹੈ।[21] ਰਸੂਲ ਆਪਣਾ ਖ਼ੁਦ ਦਾ ਨਹੀਂ ਬਲਕਿ ਯਿਸੂ ਦਾ ਕੰਮ ਕਰ ਰਹੇ ਸਨ, ਜਿਸਨੂੰ ਖ਼ੁਦਾ ਨੇ ਪ੍ਰਚਾਰ ਕਰਨ ਲਈ ਘੱਲਿਆ ਸੀ, ਅਤੇ ਇਸ ਕਰਕੇ ਉਹ ਪਿਤਾ ਦਾ ''ਰਸੂਲ'' ਸੀ (ਇਬਰਾਨੀਆਂ 3:1)। ਇੱਥੇ ਹੀ ਇਨ੍ਹਾਂ ਬਾਰ੍ਹਾਂ ਨੇ ਗਲੀਲ ਲਈ ਯਿਸੂ ਦੇ ਅਧਿਕਾਰਕ ਦੂਤ ਹੋਣਾ ਸੀ ਅਤੇ ਨਾਲ ਉਨ੍ਹਾਂ ਨੂੰ ਪੂਰੇ ਇਸਰਾਏਲ ਵਿਚ ਅਤੇ ਅਖ਼ੀਰ ਵਿਚ ਪੂਰੀ ਦੁਨੀਆ ਵਿਚ ਜਾਣ ਲਈ ਮਦਦ ਮਿਲਣੀ ਸੀ।[22]

ਰਸੂਲਾਂ ਨੂੰ ਇਕ ਦਿਨ ਘੱਲਣ ਵਾਲੇ ਦਾ ਪੂਰਾ–ਪੂਰਾ ਇਖ਼ਤਿਆਰ ਦਿੱਤਾ ਜਾਣਾ ਸੀ ਕਿਉਂਕਿ ਉਸ ਤੋਂ ਬਾਅਦ ਕਿਸੇ ਹੋਰ ਨੇ ਕਰਨ ਦੇ ਯੋਗ ਨਹੀਂ ਹੋ ਸਕਣਾ ਸੀ। (ਕਰਤੱਬ 2 ਵਿੱਚ ਪੈਂਟੀਕਾਸਟ ਵਾਲੇ ਦਿਨ ਇਹ ਵਾਪਰਨਾ ਸੀ।) ਰਾਜ ਦੀ ਸਫ਼ਲਤਾ ਵਿਚ ਇਨ੍ਹਾਂ ਬਾਰ੍ਹਾਂ ਦੀ ਬੜੀ ਅਹਿਮੀਅਤ ਹੋਣੀ ਸੀ, ਇਸ ਲਈ ਯਿਸੂ ਨੇ ਉਨ੍ਹਾਂ ਦੀ ਚੋਣ ਕਰਨ ਤੋਂ ਪਹਿਲਾਂ ਸਾਰੀ ਰਾਤ ਦੁਆ ਵਿੱਚ ਕੱਟੀ (ਲੂਕਾ 6:12–16)। ਉਹ ''ਬਾਰਾਂ'' ਦੀ ਗਿਣਤੀ ਇਸਰਾਏਲ ਦੀਆਂ ਬਾਰਾਂ ਗੋਤਾਂ ਦਾ ਚੇਤਾ ਕਰਵਾਉਂਦੀ ਹੈ।

ਰਸੂਲਪੁਣੇ ਦੀ ਭੂਮਿਕਾ ਨਾਲ ਮਿਲੀ ਨਵੀਂ ਨਵੀਂ ਸ਼ਕਤੀ **ਭ੍ਰਿਸ਼ਟ ਆਤਮਿਆਂ ਉੱਤੇ ਇਖ਼ਤਿਆਰ** ਸੀ। ਮੱਤੀ 10:1 ਇਸ ਵਿਚ ''... ਅਤੇ ਸਾਰੇ ਰੋਗ ਅਤੇ ਸਾਰੀ ਮਾਂਦਗੀ ਨੂੰ ਦੂਰ ਕਰਨਾ'' ਜੋੜਦਾ ਹੈ। ਮੱਤੀ 10:8 ਵਿਚ ਮਿਲਦਾ ਹੈ, ''ਰੋਗੀਆਂ ਨੂੰ ਚੰਗਾ ਕਰੋ, ਮੁਰਦਿਆਂ ਨੂੰ ਜਿਵਾਲੋ, ਕੋੜ੍ਹੀਆਂ ਨੂੰ ਸ਼ੁੱਧ ਕਰੋ। ਤੁਸਾਂ ਮੁਫ਼ਤ ਲਿਆ ਹੈ ਅਤੇ ਮੁਫ਼ਤ ਹੀ ਦਿਓ।'' ਰਸੂਲਾਂ ਨੂੰ ਥੋੜ੍ਹੀ ਦੇਰ ਲਈ ਉਹ ਸ਼ਕਤੀ ਦਿੱਤੀ ਗਈ ਜਿਸ ਨੂੰ ਕਿਸੇ ਆਮ ਆਦਮੀ ਕੋਲ ਹੋਣ ਦੀ ਸੰਸਾਰ ਕਲਪਨਾ ਵੀ ਨਹੀਂ ਕਰ ਸਕਦਾ।

ਇਨ੍ਹਾਂ ਚੁਣੇ ਹੋਇਆਂ ਲਈ ਉਹ ਕਰਨ ਦਾ ਸਮਾਂ ਆ ਚੁੱਕਿਆ ਸੀ ਜਿਹਦੇ ਲਈ ਉਨ੍ਹਾਂ ਨੂੰ ਸਿਖਲਾਈ ਦਿੱਤੀ ਗਈ ਸੀ। ਉਹ ਪ੍ਰਚਾਰ ਕਰਨਾ ਸ਼ੁਰੂ ਕਰਨ ਲਈ ਤਿਆਰ ਸਨ। ਯਿਸੂ ਨੇ ਉਨ੍ਹਾਂ ਨੂੰ ਗਲੀਲ ਵਿਚ ਉਨ੍ਹਾਂ ਦੇ ਆਪਣੇ ਲੋਕਾਂ ਵਿਚਕਾਰ ਘੱਲਿਆ। ਮਿਸ਼ਨਰੀ ਕੰਮ ਸ਼ੁਰੂ ਕਰਨ ਦਾ ਸਭ ਤੋਂ ਵਧੀਆ ਤਰੀਕਾ ਉਨ੍ਹਾਂ ਲੋਕਾਂ ਅਤੇ ਉਨ੍ਹਾਂ ਰਸਮਾਂ ਰਿਵਾਜ਼ਾਂ ਅਤੇ ਉਨ੍ਹਾਂ ਦੀ ਬੋਲਚਾਲ ਨਾਲ ਸ਼ੁਰੂ ਕਰਨਾ ਹੀ ਹੈ ਜਿਨ੍ਹਾਂ ਨੂੰ ਤੁਸੀਂ ਜਾਣਦੇ ਹੋ। ਪ੍ਰਚਾਰ ਕਰਨਾ ਸਿੱਖਣ ਦਾ ਸਭ ਤੋਂ ਵਧੀਆ ਤਰੀਕਾ, ਪ੍ਰਚਾਰ ਕਰਨਾ ਹੈ। ਪਵਿੱਤਰ ਆਤਮਾ ਦੀ ਅਗਵਾਈ ਨਾਲ ਬਾਅਦ ਵਿੱਚ, ਉਨ੍ਹਾਂ ਨੇ ਹੋਰ ਬਹੁਤ ਕੁਝ ਕਰਨ ਲਈ ਤਿਆਰ ਹੋ ਜਾਣਾ ਸੀ (ਕਰਤੱਬ 1:5–8; 2:1–4)। **ਦੋ ਦੋ ਕਰਕੇ** ਘੱਲੇ ਹੋਣ ਕਰਕੇ, ਉਹ ਇਕ ਦੂਜੇ ਦੀ ਹੌਸਲਾ–ਅਫ਼ਜ਼ਾਈ ਕਰ ਸਕਦੇ ਸਨ ਅਤੇ ਇਕ ਦੂਜੇ ਦਾ ਸਾਥ ਦੇ ਸਕਦੇ ਸਨ, ਜੋ ਕਿ ਬਹੁਤ ਸਾਰੇ ਨਾ ਮੰਨਣ ਵਾਲੇ ਲੋਕਾਂ ਵਿਚ ਪ੍ਰਚਾਰ ਕਰਨ ਦੇ ਇਕੱਲੇ ਕੰਮ ਵਿਚ ਬੜੀ ਮਦਦ ਹੋਣੀ ਸੀ।

ਮੱਤੀ 10:2–4 ਵਿਚ ਰਸੂਲਾਂ ਦੇ ਨਾਂਅ ਜੋੜਾ ਜੋੜਾ ਕਰਕੇ ਦਿੱਤੇ ਗਏ ਹਨ, ਜੋ ਸਪੱਸ਼ਟ ਤੌਰ ਤੇ ਇਕੱਠਿਆਂ ਜਾਣ ਦਾ ਸੰਕੇਤ ਹੈ। ਵੱਖੋ–ਵੱਖ ਸ਼ਖ਼ਸੀਅਤਾਂ ਮਿਲ ਕੇ ਕੰਮ ਕਰਨ ਦੇ ਇਕ ਦੂਜੇ ਦੀਆਂ ਮਦਦਗਾਰ ਹੋ ਸਕਦੀਆਂ ਹਨ। ਪ੍ਰਚਾਰ ਕਰਨ ਜਾਂ ਸਿਖਾਉਣ ਨੂੰ ਛੱਡ ਇਕੱਲਿਆਂ ਕਰਨ ਤੇ ਸ਼ਾਇਦ ਕੁਝ ਹੀ ਗਤੀਵਿਧੀਆਂ ਹਨ ਜਿਹੜੀਆਂ ਇਕੱਲਿਆਂ ਰਹਿਣ ਦਿੰਦੀਆਂ ਹਨ।[23] ਮਸੀਹ ਵਿਚ ਕੱਚੇ ਆਦਮੀ ਨੂੰ ਕਦੇ ਇਕੱਲਿਆਂ ਨਹੀਂ ਘੱਲਿਆ ਜਾਣਾ ਚਾਹੀਦਾ ਅਤੇ ਪੱਕੇ ਲਈ ਵੀ ਸਾਥੀ ਦਾ ਹੋਣਾ ਮਦਦਗਾਰ ਹੁੰਦਾ ਹੈ। ਪੌਲੁਸ ਕੋਲ ਆਮ ਤੌਰ ਤੇ ਸਿਖਲਾਈ ਲੈਣ ਵਾਲੇ ਜਾਂ ਸੁਧਾਰ ਕੀਤੇ ਜਾਣ ਲਈ ਕੋਈ ਨਾ ਕੋਈ ਹੁੰਦਾ ਹੀ ਸੀ। ਇਸ ਤੋਂ ਇਲਾਵਾ ਯਹੂਦੀਆਂ ਲਈ ਦੋ ਗਵਾਹਾਂ ਦੀ ਗਵਾਹੀ ਬਹੁਤੀ ਭਰੋਸੇ ਵਾਲੀ ਅਤੇ ਬਹੁਤੀ ਮੰਨਣ ਯੋਗ ਹੋਣੀ ਸੀ।[24]

**ਆਇਤਾਂ 8, 9.** ਰਸੂਲਾਂ ਨੇ **ਰਾਹ ਦੇ ਲਈ ਹੋਰ ਕੁਝ ਨਾ** ਲੈਣਾ ਸੀ।[25] **ਲਾਠੀ** ਜੰਗਲੀ ਜਾਨਵਰਾਂ ਤੋਂ ਬਚਾਅ ਜਾਂ ਚੱਲਣ ਵਿਚ ਮਦਦ ਕਰ ਸਕਦੀ ਹੈ। ਸਫ਼ਰ ਵਿਚ ਖਾਣ ਪੀਣ ਲਈ ਕੁਝ ਨਾ ਲੈਣ ਦਾ ਮਤਲਬ ਸੀ ਕਿ ਉਨ੍ਹਾਂ ਦੀ ਮਦਦ ਉਨ੍ਹਾਂ ਦੇ ਲੋਕਾਂ ਵੱਲੋਂ ਕੀਤੀ ਜਾਣੀ ਸੀ, ''ਕਿਉਂ ਜੋ ਕਾਮਾ ਆਪਣੇ ਭੋਜਨ ਦਾ ਹੱਕਦਾਰ ਹੈ'' (ਮੱਤੀ 10:10; ASV)। ਮਤਲਬ ਇਹ ਕਿ ਕੰਮ ਕਰਨ ਵਾਲਾ ਇਸ ਦਾ ਹੱਕਦਾਰ ਹੈ ਕਿ ਉਹਦੀ ਮਦਦ ਕੀਤੀ ਜਾਵੇ। ਇੰਜੀਲ ਦਾ ਪ੍ਰਚਾਰ ਕਰਨ ਤੋਂ ਰੋਜ਼ੀ ਕਮਾਉਣਾ ਬਾਈਬਲ ਦਾ ਆਮ ਨਿਯਮ ਹੈ ਜਿਹੜਾ ਪ੍ਰਚਾਰਕ ਨੂੰ ਲੋਕਾਂ ਦੇ ਨੇੜੇ ਰੱਖਦਾ ਹੈ ਅਤੇ ਉਸ ਨੂੰ ਥੋੜ੍ਹਾ ਬਹੁਤ ਉਨ੍ਹਾਂ ਉੱਤੇ ਨਿਰਭਰ ਬਣਾ ਦਿੰਦਾ ਹੈ (ਵੇਖੋ 1 ਕੁਰਿੰਥੀਆਂ 9:14)। KJV ਵਿਚ ਕਿਹਾ ਗਿਆ ਹੈ ਕਿ ਯਿਸੂ ਵੱਲੋਂ ਘੱਲੇ ਹੋਇਆਂ ਨੇ ''ਕੋਈ ਝੋਲਾ ਨਹੀਂ'' ਲੈਣਾ ਸੀ (ਮਰਕੁਸ 6:8), ਜੋ ਕਿ ਖਾਣੇ ਦੀ ਥੈਲੀ ਸੀ; ਪਰ ਇਹ ਸ਼ਬਦ ''ਚੰਦੇ ਦੀ ਥੈਲੀ'' ਲਈ ਵੀ ਵਰਤਿਆ ਜਾ ਸਕਦਾ ਸੀ। ਅਜਿਹੀ ਥੈਲੀ ਦੀ ਵਰਤੋਂ ਚਰਵਾਹਿਆਂ ਵੱਲੋਂ ਖਾਣਾ ਲਿਜਾਣ ਲਈ ਇਕ ਤਰ੍ਹਾਂ ਦੇ ਝੋਲੇ ਵਾਂਗ ਕੀਤੀ ਜਾਂਦੀ ਸੀ।[26] ਸਿਨਾਗੋਗਾਂ

ਵਿਚ ਡੀਕਨ (ਸੇਵਕ) ਹੁੰਦੇ ਸਨ ਜਿਹੜੇ ਗ਼ਰੀਬਾਂ ਲਈ ਖਾਣਾ ਮੰਗਣ ਲਈ ਲੋਕਾਂ ਕੋਲ ਜਾਂਦੇ ਸਨ।

ਰਸੂਲਾਂ ਨੂੰ ਦੱਸਿਆ ਗਿਆ ਕਿ **ਨਾ ਰੋਟੀ, ਨਾ ਝੋਲਾ, ਨਾ ਕੁਝ ਨਕਦੀ** ਆਪਣੇ ਕਮਰਕੱਸੇ ਵਿਚ ਲੈਣ। ਆਮ ਤੌਰ ਤੇ ਉਹ ਲੋੜ ਦੀਆਂ ਚੀਜ਼ਾਂ ਖਰੀਦਣ ਲਈ ਪੈਸੇ ਰੱਖਦੇ ਹੁੰਦੇ ਸਨ (ਵੇਖੋ ਯੂਹੰਨਾ 13:29)। ਪੂਰੀ ਦੁਨੀਆਂ ਵਿਚ ਘੱਲੇ ਜਾਣ ਤੇ ਉਨ੍ਹਾਂ ਨੇ ਇਹ ਸਭ ਰੱਖਣਾ ਸੀ (ਲੂਕਾ 22:35, 36)।[27] ਬਾਅਦ ਵਿੱਚ ਰਸੂਲਾਂ ਨੂੰ ਅਜਿਹੇ ਝੋਲਿਆਂ ਦੀ ਲੋੜ ਪੈਣੀ ਸੀ, ਪਰ ਪ੍ਰਚਾਰ ਦੇ ਇਸ ਦੌਰੇ ਤੇ ਨਹੀਂ। ਸੰਭਵ ਤੌਰ ਤੇ ਇਹ ਗਰਮੀ ਦਾ ਅਖ਼ੀਰ ਜਾਂ ਸਿਆਲ ਦੇ ਸ਼ੁਰੂਆਤ ਦੀ ਗੱਲ ਹੈ, ਅਤੇ ਥੋੜ੍ਹੀ ਦੂਰ ਲਈ ਬਾਹਰ ਜਾਣ ਲਈ ਥੈਲੀ ਜ਼ਰੂਰੀ ਹੋਣੀ ਸੀ। ਉਨ੍ਹਾਂ ਨੂੰ ਇਹ ਵੀ ਦੱਸਿਆ ਗਿਆ ਸੀ ਕਿ ਜੁੱਤੀ ਪਾਓ ਅਤੇ ਦੋ ਕੁੜਤੇ ਨਾ ਪਹਿਨੋ। ਉਨ੍ਹਾਂ ਨੇ ਲੋੜੀਂਦੀਆਂ ਜੁੱਤੀਆਂ ਲਈ ਵੀ ਮਸੀਹ ਦੇ ਚੇਲਿਆਂ ਉੱਤੇ ਨਿਰਭਰ ਰਹਿਣਾ ਸਿੱਖਣਾ ਸੀ। ''ਜੁੱਤੀ'' ਇਸ ਗੱਲ ਦਾ ਸੰਕੇਤ ਵੀ ਹੋ ਸਕਦੇ ਹਨ ਕਿ ਦੋ-ਦੋ ਦੀਆਂ ਇਨ੍ਹਾਂ ਟੋਲੀਆਂ ਨੇ ਗਰਮੀਆਂ ਦਾ ਛੋਟਾ ਦੌਰਾ ਕਰਨਾ ਸੀ।

**ਆਇਤ 10. ਜਿੱਥੇ ਵੀ ਤੁਸੀਂ ਕਿਸੇ ਘਰ ਵਿੱਚ ਦਾਖਲ ਹੁੰਦੇ ਹੋ, ਉਸ ਘਰ ਵਿੱਚ ਉਦੋਂ ਤਕ ਰਹੋ ਜਦੋਂ ਤਕ ਤੁਸੀਂ ਬਾਹਰ ਨਹੀਂ ਜਾਂਦੇ।** ਯਿਸੂ ਵੱਲੋਂ ਠਹਿਰਾਏ ਗਏ ਨਿਯਮ ਉਨ੍ਹਾਂ ਨੂੰ ਆਪਣੇ ਭਰਾਵਾਂ ਦੀ ਥਾਂ ਖ਼ੁਦਾ ਉੱਤੇ ਵਧੇਰੇ ਭਰੋਸਾ ਕਰਨਾ ਸਿਖਾ ਸਕਦੇ ਸਨ। ਇਹ ਵੀ ਸੰਕੇਤ ਹੋ ਸਕਦਾ ਹੈ ਕਿ ਇਹ ਪ੍ਰਚਾਰਕ ਉਨ੍ਹਾਂ ਲੋਕਾਂ ਉੱਤੇ ਭਰੋਸਾ ਕਰਨਾ ਸਿੱਖਣ ਜਿਨ੍ਹਾਂ ਨੇ ਉਨ੍ਹਾਂ ਦੇ ਪ੍ਰਚਾਰ ਉੱਤੇ ਯਕੀਨ ਕਰਨਾ ਸੀ। ਉਨ੍ਹਾਂ ਨੇ ਓਸੇ ਘਰ ਵਿਚ ਰੁਕਣਾ ਸੀ ਜਿਸ ਵਿਚ ਉਨ੍ਹਾਂ ਨੂੰ ਪਹਿਲਾਂ ਸੱਦਿਆ ਗਿਆ ਹੋਵੇ। ਮੇਜ਼ਬਾਨ ਭਾਵੇਂ ਅਮੀਰ ਹੋਵੇ ਜਾਂ ਗ਼ਰੀਬ ਅਤੇ ਭਾਂਵੇਂ ਉੱਥੇ ਸਹੂਲਤਾਂ ਮਿਲਣ ਜਾਂ ਉਨ੍ਹਾਂ ਦੇ ਹਾਲਾਤ ਮਾੜੇ ਹੋਣ। ਉਨ੍ਹਾਂ ਨੂੰ ਲੋੜੀਂਦੀਆਂ ਚੀਜ਼ਾਂ ਮਿਲਣੀਆਂ ਸਨ, ਪਰ ਨਿਹਚਾ ਰੱਖਣ ਵਾਲੇ ਭਰੋਸੇ ਲਈ ਲੋੜੀਂਦੀਆਂ ਚੀਜ਼ਾਂ ਤੋਂ ਵਧ ਕੇ ਨਹੀਂ। ਇਸ ਪ੍ਰਬੰਧ ਨਾਲ ਇੰਜੀਲ ਦੇ ਅਸਲ ਪ੍ਰਚਾਰਕ ਜਿਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦੀ ਲੋੜ ਹੁੰਦੀ, ਮਹਿਮਾਨਨਵਾਜ਼ੀ ਕਰਨ ਦੀ ਮਸੀਹੀ ਜ਼ਿੰਮੇਵਾਰੀ ਦਾ ਸੰਕੇਤ ਸਨ।

**ਆਇਤ 11.** ਖੁਸ਼ਖ਼ਬਰੀ ਸੁਨਾਉਣ ਵਾਲੇ ਲੋਕ ਇਕ ਥਾਂ ਤੇ ਕਿੰਨੀ ਦੇਰ ਤਕ ਰਹਿ ਸਕਦੇ ਸਨ ਇਹ ਉਨ੍ਹਾਂ ਦੇ ਕੀਤੇ ਜਾਣ ਵਾਲੇ ਸਵਾਗਤ ਤੇ ਨਿਰਭਰ ਹੋਣਾ ਸੀ। ਜੇ ਲੋਕ ਉਨ੍ਹਾਂ ਦੀ ਨਾ ਸੁਣਦੇ ਤਾਂ ਉਨ੍ਹਾਂ ਨੇ **ਉਨ੍ਹਾਂ ਉੱਤੇ ਸਾਖੀ ਲਈ ਆਪਣੇ ਪੈਰਾਂ ਦੀ ਧੂੜ ਝਾੜ** ਦੇਣੀ ਸੀ। ਧੂੜ ਕਿਉਂ ਝਾੜਨੀ ਸੀ? ਬੁੱਤਪ੍ਰਸਤ ਦੇਸ਼ਾਂ ਦੀ ਧੂੜ ਨੂੰ ਅਪਵਿੱਤਰ ਮੰਨਿਆ ਜਾਂਦਾ ਸੀ। ਆਪਣੇ ਦੇਸ ਤੋਂ ਬਾਹਰੋਂ ਘੁੰਮ ਕੇ ਆਉਣ ਵਾਲੇ ਯਹੂਦੀਆਂ ਨੇ ਘਰ ਪਰਤਣ ਤੇ ਆਪਣੇ ਪੈਰ ਝਾੜ ਲੈਣ ਦੀ ਰੀਤ ਬਣਾ ਲਈ ਜਿਸ ਨਾਲ ਉਹ ਪਵਿੱਤਰ ਦੇਸ਼ ਜਾਂ ਇਸ ਦੀ ਹੈਕਲ ਨੂੰ ਬੁੱਤਪ੍ਰਸਤ ਦੇਸ਼ਾਂ ਦੀ ਮਿੱਟੀ ਨਾਲ ਦੂਸ਼ਿਤ ਨਾ ਕਰਨ।[28] ਇੰਜੀਲ ਨੂੰ ਠੁਕਰਾਉਣ ਵਾਲੇ ਯਹੂਦੀਆਂ ਨਾਲ ਬੁੱਤਪ੍ਰਸਤਾਂ ਵਰਗਾ ਸਲੂਕ ਕੀਤਾ ਜਾਣਾ ਸੀ। ਧੂੜ ਝਾੜਨ ਦਾ ਕੰਮ ਇਕ ਪ੍ਰਤੀਕ ਸੀ ਕਿ ਪ੍ਰਚਾਰਕਾਂ ਨੇ ਸ਼ਹਿਰ ਨੂੰ ਖ਼ਬਰਦਾਰ ਕਰਨਾ ਸੀ ਅਤੇ ਉਹ ਇਸ ਨੂੰ ਮਿਲਣ ਵਾਲੀ ਸਜ਼ਾ ਤੋਂ ਬਰੀ ਸਨ।

ਹਿਜ਼ਕੀਏਲ 3:16-21 ਵਿਚ ਇਸ ਨਾਲ ਮਿਲਦੀ ਜੁਲਦੀ ਤਾੜਨਾ ਦਿੱਤੀ ਗਈ ਜਿਸ ਨਾਲ ਨਬੀ ਨੇ ਐਲਾਨ ਕੀਤਾ ਕਿ ਜਿਸ ਨੂੰ ਸਚਿਆਈ ਦੱਸ ਦਿੱਤੀ ਗਈ ਹੋਵੇ ਪਰ ਉਹਨੇ ਉਸ ਨੂੰ ਠੁਕਰਾ ਦਿੱਤਾ ਹੋਵੇ ਤਾਂ ਸੁਣਾਉਣ ਵਾਲੇ ਦੀ ਜ਼ਿੰਮੇਵਾਰੀ ਨਹੀਂ ਰਹੀ। ਨਬੀ ਨੂੰ ਸਚਿਆਈ ਨੂੰ ਦੱਸਣ ਲਈ ਜ਼ਿੰਮੇਵਾਰ ਠਹਿਰਾਇਆ ਗਿਆ, ਪਰ ਜੇ ਸੁਣਨ ਵਾਲਾ ਨਬੀ ਦੀ ਗੱਲ ਨੂੰ ਮੰਨਣ ਤੋਂ ਇਨਕਾਰ ਕਰ ਦੇਵੇ ਤਾਂ ਉਸ ਨੂੰ ਮਿਲਣ ਵਾਲੀ ਸਜ਼ਾ ਦੀ ਜ਼ਿੰਮੇਵਾਰੀ ਓਸੇ ਦੀ ਹੋਣੀ ਸੀ।

ਧੂੜ ਝਾੜਨ ਦੀ ਸੰਕੇਤਕ ਕਿਰਿਆ ''ਸਾਖੀ'' (ਜਾਂ ''ਗਵਾਹੀ''; μαρτύριον, *ਮਾਰਟੂਰੀਅਨ*) ਸੀ ਕਿ ਸੁਣਨ ਵਾਲੇ ਹੁਣ ਆਪਣੀ ਜਾਨ ਦੇ ਪੂਰੀ ਤਰ੍ਹਾਂ ਜ਼ਿੰਮੇਵਾਰ ਸਨ। ਪਿਸੀਦੀਆਂ ਦੇ ਅੰਤਾਕੀਆ ਵਿਚ ਪੌਲੁਸ ਅਤੇ ਬਰਨਬਾਸ ਨੇ ਇਹੀ ਕੀਤਾ (ਕਰਤੱਬ 13:51)। ਬਹੁਤ ਸਾਰੇ ਲੋਕਾਂ ਦੇ ਇੰਜੀਲ ਦੀ ਚਿਤਾਵਨੀ ਨੂੰ ਨਕਾਰਨ ਅਤੇ ਕੁਫ਼ਰ ਬਕਣ ਤੇ ਪੌਲੁਸ ਨੇ ਆਪਣੇ ਕੱਪੜੇ ਪਾੜ ਲਏ

(ਕਰਤੱਬ 18:6)। ਉਸ ਨੇ ਕਿਹਾ, ''ਤੁਹਾਡਾ ਖ਼ੂਨ ਤੁਹਾਡੇ ਸਿਰ।'' ਇਸ ਤੋਂ ਬਾਅਦ ਉਹ ਯਹੂਦੀਆਂ ਕੋਲੋਂ ਨਿੱਕਲ ਕੇ ਗੈਰਕੌਮਾਂ ਕੋਲ ਚਲਾ ਗਿਆ ਅਤੇ ਉਨ੍ਹਾਂ ਵਿੱਚ ਮਜ਼ਬੂਤ ਕਲੀਸੀਆ ਤਿਆਰ ਕੀਤੀ।

**ਆਇਤ 12. ਤਾਂ ਉਹ ਬਾਹਰ ਜਾ ਕੇ ਪ੍ਰਚਾਰ ਕਰਨ ਲੱਗੇ ਕਿ ਲੋਕ ਤੋਬਾ ਕਰਨ** (μετανοέω, *ਮੇਟਾਨੋਇਓ*)। ਤੋਬਾ ਦਾ ਸੰਦੇਸ਼ ਉਹੀ ਸੰਦੇਸ਼ ਸੀ ਜਿਸਦਾ ਪ੍ਰਚਾਰ ਯੂਹੰਨਾ ਅਤੇ ਯਿਸੂ ਨੇ ਕੀਤਾ ਸੀ। ਤੋਬਾ ਜ਼ਿੰਦਗੀ ਦੀ ਪੂਰੀ ਦਿਸ਼ਾ ਨੂੰ ਕ੍ਰਾਂਤੀਕਾਰੀ ਢੰਗ ਨਾਲ ਬਦਲਣਾ ਸੀ। ਇਹ ਸਿਰਫ਼ ਲੁੱਟ, ਕਤਲ, ਵਿਭਚਾਰ ਅਤੇ ਅਜਿਹੇ ਕੰਮਾਂ ਨੂੰ ਛੱਡਣਾ ਨਹੀਂ ਹੈ ਜਿਨ੍ਹਾਂ ਨੂੰ ਗੰਭੀਰ ਪਾਪ ਮੰਨਿਆ ਜਾਂਦਾ ਹੈ। ਇਸ ਦਾ ਅਰਥ ਖ਼ੁਦਗਰਜ਼ੀ ਵਾਲੀ ਜ਼ਿੰਦਗੀ ਤੋਂ ਖ਼ੁਦਾ ਉੱਤੇ ਕੇਂਦ੍ਰਿਤ ਜੀਵਨ ਨੂੰ ਬਦਲਣਾ, ਅਰਥਾਤ, ਉਹ ਬਦਲਾਅ ਹੈ ਜਿਹਦੇ ਨਾਲ ਤਕਲੀਫ਼ ਹੁੰਦੀ ਹੈ। (ਜਦੋਂ ਤਕ ਪਸ਼ਚਾਤਾਪੀ ਵਿਅਕਤੀ ਸਮਾਂ ਬੀਤਣ ਤੇ ਆਪਣੇ ਪਸ਼ਚਾਤਾਪ ਦੇ ਫਲ ਨੂੰ ਨਹੀਂ ਵੇਖਦਾ ਅਤੇ ਖੁਸ਼ ਨਹੀਂ ਹੁੰਦਾ)।

**ਆਇਤ** 13. ਰਸੂਲਾਂ ਨੇ ਯਿਸੂ ਵੱਲੋਂ ਉਨ੍ਹਾਂ ਨੂੰ ਦਿੱਤੀ ਗਈ ਸਮਰੱਥਾ ਨਾਲ **ਬਹੁਤ ਸਾਰੇ ਭੂਤਾਂ ਨੂੰ ਕੱਢ ਦਿੱਤਾ** ਅਤੇ ਬਹੁਤ ਸਾਰੇ ਰੋਗੀਆਂ ਨੂੰ **ਚੰਗਾ ਕੀਤਾ।** ਭੂਤਾਂ ਉੱਤੇ ਇਖ਼ਤਿਆਰ ਮਿਲਣ ਦੀ ਗੱਲ ਨਾਲ ਉਨ੍ਹਾਂ ਨੂੰ ਕਿੰਨੀ ਦਲੇਰੀ ਮਿਲੀ ਹੋਵੇਗੀ! ਸੱਤਰ ਜਣਿਆਂ ਨੇ ਬਾਅਦ ਵਿਚ ਅਜਿਹੀਆਂ ਹੀ ਸ਼ਕਤੀਆਂ ਹੋਣ ਤੇ ਅਨੰਦ ਕਰਨਾ ਸੀ (ਲੂਕਾ 10:17–20)। ਪਰ ਯਿਸੂ ਨੇ ਜਵਾਬ ਦਿੱਤਾ ਕਿ ਉਹ ਇਸ ਗੱਲ ਤੋਂ ਬਹੁਤਾ ਖੁਸ਼ ਹੋਣ ਕਿ ਉਨ੍ਹਾਂ ਦੇ ਨਾਂਅ ''ਸੁਰਗ ਵਿਚ ਲਿਖੇ'' ਗਏ ਹਨ। ਚਮਤਕਾਰ ਕਰਨਾ ਓਨੀ ਵੱਡੀ ਗੱਲ ਨਹੀਂ ਹੈ ਜਿੰਨੀ ਬਚਾਏ ਜਾਣਾ ਅਤੇ ਸੁਰਗ ਵਿਚ ਜਾਣਾ।

**ਤੇਲ ਮਲ**ਣਾ ਸਦੀਆਂ ਪੁਰਾਣੀ ਆਮ ਰਸਮ ਸੀ। ਜੋਸੇਫ਼ਸ ਨੇ ਕਿਹਾ ਕਿ ਜਦੋਂ ਹੇਰੋਦੇਸ ਬਿਮਾਰ ਹੋ ਗਿਆ, ਤਾਂ ਉਹਨੂੰ ''ਤੇਲ ਨਾਲ ਭਰੇ ਭਾਂਡੇ ਵਿਚ ਨਵ੍ਹਾਇਆ'' ਗਿਆ, ਜਿਸ ਦਾ ਉਸ ਨੂੰ ਫ਼ਾਇਦਾ ਮਿਲਿਆ।[29] ਮਸੀਹ ਦੇ ਪੈਰੋਕਾਰਾਂ ਲਈ ਨਵੇਂ ਨੇਮ ਵਿਚ ਇਸ ਰੀਤ ਦਾ ਜ਼ਿਕਰ ਸਿਰਫ਼ ਇੱਥੇ ਅਤੇ ਅਤੇ ਯਾਕੂਬ 5:14 ਵਿੱਚ ਹੈ।

ਰਸੂਲਾਂ ਲਈ, ਤੇਲ ਮਲਣਾ ਖ਼ੁਦਾ ਦੀ ਸਮਰੱਥਾ ਨਾਲ ਕਿਸੇ ਚਮਤਕਾਰ ਨਾਲ ਹੋਣ ਤੇ ਚੰਗਿਆਈ ਦਾ ਬਾਹਰੀ ਵਿਖਾਵਾ ਸੀ। ਦੁਆ ਦੇ ਨਾਲ ਇਸ ਨੂੰ ਜ਼ਰੂਰੀ ਨਹੀਂ ਮੰਨਿਆ ਜਾ ਸਕਦਾ, ਕਿਉਂਕਿ ਯਿਸੂ ਨੇ ਕਦੇ ਇਸ ਦੀ ਵਰਤੋਂ ਨਹੀਂ ਕੀਤੀ। ਮਰਕੁਸ 7:33 ਅਤੇ 8:23 ਵਿਚ ਉਸ ਨੇ ਥੁੱਕ ਦੀ ਵਰਤੋਂ ਕੀਤੀ। ਜੇ ਤੇਲ ਦੀ ਵਰਤੋਂ ਦਵਾਈ ਦੇ ਤੌਰ ਤੇ ਕੀਤੀ ਜਾਂਦੀ ਹੁੰਦੀ ਤਾਂ ਅੰਦਰੂਨੀ ਬਿਮਾਰੀਆਂ ਲਈ ਇਹਦਾ ਕੀ ਕੰਮ ਹੋਦਾ ਸੀ?

ਮੂਰਤੀ ਪੂਜਕਾਂ ਦੇ ਨਾਲ ਯਹੂਦੀਆਂ ਵਿਚ ਤੇਲ ਦੀ ਵਰਤੋਂ ਐਨੀ ਜ਼ਿਆਦਾ ਕੀਤੀ ਜਾਂਦੀ ਸੀ ਕਿ ਇਸ ਨੂੰ ਇਹ ਸੰਕੇਤ ਵਿਚ ਲਾਇਆ ਜਾ ਸਕਦਾ ਹੋਵੇਗਾ ਕਿ ਕਿਸੇ ਖ਼ਾਸ ਤਰ੍ਹਾਂ ਦੀ ਚੰਗਿਆਈ ਹੋਣ ਵਾਲੀ ਸੀ। ਅੰਨ੍ਹਿਆਂ ਅਤੇ ਬੋਲਿਆਂ ਲਈ ਇਹ ਖ਼ਾਸ ਕਾਰਵਾਹੀ ਹੁੰਦੀ ਹੋਵੇਗੀ। ''ਖੁਸ਼ੀ ਦਾ ਤੇਲ'' (ਵੇਖੋ ਜ਼ਬੂਰ 45:7) ਖ਼ੁਦਾਈ ਬਰਕਤਾਂ ਦੇ ਵਾਅਦਾ ਕੀਤੇ ਜਾਣ ਤੇ ਅਨੰਦ ਕਰਨ ਦੇ ਨਿਸ਼ਾਨ ਦੇ ਤੌਰ ਤੇ ਲਾਇਆ ਜਾਂਦਾ ਸੀ, ਜਿਸ ਨਾਲ ਆਦਮੀ ਸੁਭਾਵਕ ਤੌਰ ਤੇ ਤਿਆਰ ਹੋ ਕੇ ਜਸ਼ਨ ਮਨਾਉਂਦਾ ਸੀ। ਉਸ ਅਰਥ ਵਿਚ ਤੇਲ ਲਾਉਣਾ ਸਜਾਵਟੀ ਸੀ। ਯਾਕੂਬ 5:14 ਵਾਲੀ ਚੰਗਿਆਈ ਐਨੀ ਪੱਕੀ ਸੀ ਕਿ ਅਨੰਦ ਕਰਨ ਦਾ ਨਿਸ਼ਾਨ ਦੁਆ ਦੇ ਨਾਲ ਸਹੀ ਹੋ ਸਕਦਾ ਸੀ। ਬੇਸੱਕ, ਅੱਜ ਕੋਈ ਵੀ ਇਹ ਨਹੀਂ ਕਹਿ ਸਕਦਾ ਕਿ ਤੇਲ ਮਲਣ ਨਾਲ ਕੀਤੀ ਗਈ ਦੁਆ ਨਾਲ ਚੰਗਿਆਈ ਯਕੀਨੀ ਹੋਵੇਗੀ।

ਪੂਰੀ ਬਾਈਬਲ ਵਿਚ ਤੇਲ (ਆਮ ਤੌਰ ਤੇ ਜੈਤੂਨ ਦਾ ਤੇਲ) ਵਰਤਿਆ ਜਾਂਦਾ ਸੀ। ਰਸਮੀ (ਕੂਚ 25:6), ਸੁੰਦਰਤਾ ਜਾਂ ਸਫ਼ਾਈ (ਰੂਥ 3:3; ਲੂਕਾ 7:46), ਘਿਓ ਦੀ ਥਾਂ ਭੋਜਨ ਦੇ ਰੂਪ ਵਿੱਚ (ਗਿਣਤੀ 11:8; ਬਿਵਸਥਾ ਸਾਰ 7:13; ਕਹਾਉਤਾਂ 21:17), ਰੌਸ਼ਨੀ ਲਈ ਦੀਵੇ ਵਿੱਚ ਪਾਉਣ ਲਈ (ਕੂਚ 25:6; 27:20; ਮੱਤੀ 25:3, 4) ਆਮ ਤੌਰ ਤੇ ਜਾਂ ਸ਼ਾਇਦ ਕੁਰਬਾਨੀਆਂ ਦੇ ਨਾਲ ਤੇਲ ਵਰਤਿਆ ਜਾਂਦਾ ਸੀ (ਹਿਜ਼ਕੀਏਲ 45:14, 24; 46:4–7, 11, 14, 15)।

ਕਿਸੇ (ਯਾਜਕ, ਨਬੀ, ਜਾਂ ਰਾਜੇ) ਨੂੰ ਗੱਦੀ ਤੇ ਬਿਠਾਉਣ ਵੇਲੇ ਰੱਬੀ ਕਿਰਪਾ ਜਾਂ ਦਿੱਤੀ ਗਈ ਸ਼ਕਤੀ ਦਾ ਪ੍ਰਤੀਕ ਹੁੰਦਾ ਸੀ; 21:10−12; ਜ਼ਬੂਰ 89:20)। ਤੇਲ ਨਾਲ ਮਸਹ ਕੀਤਾ ਜਾਣਾ ਦਫ਼ਨਾਉਣ ਦੇ ਸਬੰਧ ਵਿਚ ਵੀ ਹੁੰਦਾ ਸੀ (ਮਰਕੁਸ 14:3−9; ਯੂਹੰਨਾ 12:3−8), ਅਤੇ 10:34 ਵਿਚ ਇਸ ਨੂੰ ਸਰੀਰ ਦੇ ਇਲਾਜ ਦੇ ਤੌਰ ਤੇ ਵਿਖਾਇਆ ਗਿਆ ਹੈ। ਸਿਪਾਹੀਆਂ ਵੱਲੋਂ ਇਸ ਨੂੰ ਚਮੜੇ ਨੂੰ ਸੁੱਕਣ ਅਤੇ ਭੁਰਨ ਤੋਂ ਬਚਾਉਣ ਲਈ ਆਪਣੇ ਕਵਚਾਂ ਉੱਤੇ ਲਾਇਆ ਜਾਂਦਾ ਸੀ।[30] ਤੇਲ ਕਈ ਵਾਰ ਪਵਿੱਤਰ ਆਤਮਾ ਦੇ ਪ੍ਰਤੀਕ ਦਾ ਵੀ ਕੰਮ ਕਰਦਾ ਹੋਵੇਗਾ ਜਿਸ ਵਿਚ ਮਸਹ ਕੀਤਾ ਜਾਣਾ ਖ਼ੁਦਾ ਵੱਲੋਂ ਮਿਲੀ ਚੰਗਿਆਈ ਦਾ ਨਾਟਕੀ ਦ੍ਰਿਸ਼ਟਾਂਤ ਹੁੰਦਾ ਹੋਵੇਗਾ।[31]

ਰਸੂਲਾਂ ਲਈ ਇਹ ਸਿੱਖਣਾ ਜ਼ਰੂਰੀ ਸੀ ਕਿ ਯਿਸੂ ਵਿਚ ਨਿਹਚਾ ਉਦੋਂ ਤਕ ਕਿਸੇ ਕੰਮ ਦੀ ਨਹੀਂ ਹੋਣੀ ਸੀ ਜਦੋਂ ਤਕ ਆਦਮੀ ਨਵੇਂ ਨੇਮ ਵਿਚ ਦੱਸੇ ਮੁਤਾਬਿਕ ''ਇੰਜੀਲ ਦਾ ਪ੍ਰਚਾਰ'' ਦੂਜਿਆਂ ਨੂੰ ਨਹੀਂ ਸੁਣਾਉਂਦਾ।[32] ਦੂਜਿਆਂ ਨੂੰ ਬਾਈਬਲ ਦੇ ਸਪੱਸ਼ਟ ਨਿਯਮ ਸਿਖਾਉਣ ਲਈ ਤਿਆਰ ਹੋਣ ਦਾ ਅਸਲ ਕੰਮ ਸਾਡੀ ਸਭ ਤੋਂ ਵੱਡੀ ਖੁਸ਼ੀ ਹੋਣੀ ਚਾਹੀਦੀ ਹੈ (ਵੇਖੋ ਮੱਤੀ 5:16; ਕੁਲੁੱਸੀਆਂ 4:6; 1 ਪਤਰਸ 3:15)। ਅਸੀਂ ਆਪਣੀ ਨਿਹਚਾ ਨੂੰ ਆਮ ਚਰਚਾ ਦੇ ਖੇਤਰ ਵਿਚ ਪਰਖੇ ਜਾਣ ਲਈ ਬੜਾ ਘੱਟ ਪਾਉਂਦੇ ਹਾਂ। ਹੋਰ ਮਸੀਹੀਆਂ ਨੂੰ ਹਰ ਉਪਲਬਧ ਸਾਧਣ ਨਾਲ ਨਿਹਚਾ ਦੀ ਰਾਖੀ ਕਰਨ ਲਈ ਤਿਆਰ ਅਤੇ ਯੋਗ ਹੋਣਾ ਚਾਹੀਦਾ ਹੈ (ਯਹੂਦਾਹ 3)।

## ਹੇਰੋਦੇਸ ਦਾ ਮਸੀਹ ਨੂੰ ਜੀ ਉੱਠਿਆ ਯੂਹੰਨਾ ਮੰਨ ਲੈਣਾ (6:14-20)[33]

**[14]ਰਾਜਾ ਹੇਰੋਦੇਸ ਨੇ ਸੁਣਿਆ ਕਿਉਂ ਜੋ ਉਹ ਦਾ ਨਾਮ ਬਹੁਤ ਉਜਾਗਰ ਹੋ ਗਿਆ ਸੀ। ਤਾਂ ਉਸ ਨੇ ਆਖਿਆ, ਯੂਹੰਨਾ ਬਪਤਿਸਮਾ ਦੇਣ ਵਾਲਾ ਮੁਰਦਿਆਂ ਵਿੱਚੋਂ ਜੀ ਉੱਠਿਆ ਹੈ ਅਤੇ ਇਸੇ ਲਈ ਏਹ ਸ਼ਕਤੀਆਂ ਉਹਦੇ ਵਿੱਚ ਕੰਮ ਕਰ ਰਹੀਆਂ ਹਨ ! [15]ਹੋਰਨਾਂ ਆਖਿਆ ਜੋ ਏਲੀਆਹ ਹੈ ਅਤੇ ਦੂਜਿਆਂ ਨੇ ਕਿਹਾ ਕਿ ਇਹ ਨਬੀ ਹੈ ਹੋਰਨਾਂ ਨਬੀਆਂ ਵਰਗਾ [16]ਪਰ ਹੇਰੋਦੇਸ ਨੇ ਸੁਣ ਕਿ ਕਿਹਾ, ਯੂਹੰਨਾ ਜਿਹ ਦਾ ਸਿਰ ਮੈਂ ਵਢਵਾਇਆ ਸੀ ਉਹ ਜੀ ਉੱਠਿਆ ਹੈ[17]ਕਿਉਂਕਿ ਹੇਰੋਦੇਸ ਨੇ ਆਪਣੇ ਭਾਈ ਫ਼ਿਲਿੱਪੁਸ ਦੀ ਤੀਵੀਂ ਹੇਰੋਦਿਯਾਸ ਦੇ ਕਾਰਣ ਜਿਹ ਨੂੰ ਉਸ ਨੇ ਵਿਆਹ ਲਿਆ ਸੀ ਆਪੇ ਲੋਕਾਂ ਨੂੰ ਭੇਜ ਕੇ ਯੂਹੰਨਾ ਨੂੰ ਫੜਵਾਇਆ ਅਤੇ ਉਹਨੂੰ ਕੈਦਖਾਨੇ ਵਿੱਚ ਬੰਦ ਕੀਤਾ [18]ਇਸ ਲਈ ਜੋ ਯੂਹੰਨਾ ਨੇ ਹੇਰੋਦੇਸ ਨੂੰ ਜੋ ਆਖਿਆ ਸੀ ਕਿ ਆਪਣੇ ਭਾਈ ਦੀ ਤੀਵੀਂ ਦਾ ਰੱਖਣਾ ਤੈਨੂੰ ਜੋਗ ਨਹੀਂ [19]ਤਾਂ ਹੇਰੋਦਿਯਾਸ ਉਸ ਨਾਲ ਵੈਰ ਰੱਖਦੀ ਅਤੇ ਉਹਨੂੰ ਮਾਰ ਸੁੱਟਣਾ ਚਾਹੁੰਦੀ ਸੀ ਪਰ ਵੱਸ ਨਹੀਂ ਸੀ ਚੱਲਦਾ [20]ਕਿਉਂ ਜੋ ਹੇਰੋਦੇਸ ਯੂਹੰਨਾ ਨੂੰ ਧਰਮੀ ਅਤੇ ਪਵਿੱਤਰ ਪੁਰਖ ਜਾਣ ਕੇ ਉਸ ਕੋਲੋਂ ਡਰਦਾ ਅਰ ਉਹਦੀ ਰੱਛਿਆ ਕਰਦਾ ਸੀ ਅਤੇ ਉਹਦੀ ਸੁਣ ਕੇ ਬਹੁਤ ਦੁਬਧੇ ਵਿੱਚ ਪੈਂਦਾ ਜਾਂਦਾ ਪਰ ਖੁਸ਼ੀ ਨਾਲ ਉਹਦੀ ਸੁਣਦਾ ਸੀ।**

6:14−29 ਵਾਲਾ ਭਾਗ ਇਹ ਵਿਖਾਉਂਦੇ ਹੋਏ ਕਿ ਯਿਸੂ ਦੇ ਵੱਡੇ ਦੂਤ ਯੂਹੰਨਾ ਦੀ ਮੌਤ ਕਿਵੇਂ ਹੋਈ, ਵਿਚ ਰੱਖੀ ਗਈ ਇਕ ਯਾਦ ਹੈ।[34]

**ਆਇਤਾਂ 14, 15.** ਮਹਿਲ ਵਿੱਚ ਵੀ **ਰਾਜਾ ਹੇਰੋਦੇਸ** ਅੰਤੀਪਾਸ[35] ਨੇ ਯਿਸੂ ਬਾਰੇ **ਸੁਣਿਆ ਕਿਉਂ ਜੋ ਉਹਦਾ ਨਾਮ ਬਹੁਤ ਉਜਾਗਰ ਹੋ ਗਿਆ ਸੀ।** ਨਵੇਂ ਨਬੀ ਦੀ ਗੱਲ ਹਰ ਕੋਈ ਕਰ ਰਿਹਾ ਹੋਵੇਗਾ।

ਇਸ ਹੇਰੋਦੇਸ ਨੇ ਰਾਜਾ ਦਾ ਰੁੱਤਬਾ ਮੰਗਿਆ ਹੋਵੇਗਾ; ਪਰ ਤਕਨੀਕੀ ਤੌਰ ਤੇ ਰੋਮੀਆਂ ਨੇ ਉਹਨੂੰ ''ਟੈਟਰਾਕ'' ਜਾਂ ''ਚੌਥੇ ਹਿੱਸੇ ਦਾ ਹਾਕਮ'' ਦੱਸਿਆ, ਕਿਉਂ ਜੋ ਉਸ ਨੂੰ ਆਪਣੇ ਪਿਤਾ ਦੇ ਇਲਾਕੇ ਦੇ ਸਿਰਫ਼ ਚੌਥੇ ਹਿੱਸੇ ਤੇ ਇਖ਼ਤਿਆਰ ਸੀ।[36] ਉਹ ਆਪਣੇ ਪਿਤਾ ਨੂੰ ਮਿਲਿਆ ਹੇਰੋਦੇਸ

ਮਹਾਨ ਵਾਲ ਰੁਤਬਾ ਚਾਹੁੰਦਾ ਸੀ, ਪਰ ਰੋਮੀਆਂ ਨੇ ਉਸ ਨੂੰ ''ਰਾਜੇ'' ਦਾ ਰੁੱਤਬਾ ਦੇਣ ਤੋਂ ਇਨਕਾਰ ਕਰ ਦਿੱਤਾ।[37] 39 ਈਸਵੀ ਵਿਚ ਉਸ ਨੂੰ ਰੋਮ ਵਿਚ ਸੱਦਿਆ ਗਿਆ, ਉਸ ਉੱਤੇ ਰਾਜਧ੍ਰੋਹ ਦਾ ਮੁਕੱਦਮਾ ਚਲਾਇਆ (ਉਸ ਦੇ ਭਤੀਜੇ ਹੇਰੋਦੇਸ ਅਗ੍ਰਿੱਪਾ ਪਹਿਲੇ ਵੱਲੋਂ ਇਲਜ਼ਾਮ ਲਾਇਆ ਜਾਣ ਤੇ) ਅਤੇ ਦੋਸ਼ੀ ਠਹਿਰਾਇਆ ਗਿਆ। ਯਿਸੂ ਦੇ ਬਚਪਨ ਵੇਲੇ, ਇਸ ਹੇਰੋਦੇਸ ਦੀ ਹਕੂਮਤ ਨਾਸਰਤ ਤੋਂ ਤਿੰਨ ਮੀਲ ਦੂਰ ਯੂਨਾਨੀ ਸ਼ਹਿਰ ਸਿਫ਼ੋਰਿਸ ਤੇ ਸੀ। ਯੂਹੰਨਾ ਦੇ ਸਮੇਂ ਤਕ ਉਹ ਗਲੀਲ ਦੇ ਕੰਢੇ, ਤਿਬਰਿਆਸ ਵਿਚ ਇਕ ਮਹਿਲ ਵਿਚ ਰਹਿ ਰਿਹਾ ਸੀ।

ਹੇਰੋਦੇਸ ਅੰਤਿਪਾਸ ਉਹੀ ਹੇਰੋਦੇਸ ਹੈ ਜਿਹੜਾ ਇੰਜੀਲ ਦੇ ਵਿਰਤਾਂਤਾਂ ਵਿਚ[38] ਬਚਪਨ ਦੇ ਵਿਰਤਾਂਤਾਂ ਨੂੰ ਛੱਡ ਕੇ, ਜਿੱਥੇ ਇਹ ਉਸ ਦੇ ਪਿਤਾ ਹੇਰੋਦੇਸ ਪਹਿਲਾ (ਜਾਂ ''ਹੇਰੋਦੇਸ ਮਹਾਨ'') ਲਈ ਹੈ, ਹਰ ਥਾਂ ਮਿਲਦਾ ਹੈ। ਇਸ ਹਵਾਲੇ ਵਿਚ ਹੇਰੋਦੇਸ ਨੇ ਯਿਸੂ ਅਤੇ ਉਸ ਦੇ ਅਚਰਜ ਕੰਮਾਂ ਬਾਰੇ ਸੁਣਿਆ ਸੀ, ਇਸ ਲਈ ਉਹ ਕੋਈ ਚਮਤਕਾਰ ਵੇਖਣਾ ਚਾਹ ਰਿਹਾ ਸੀ, ਉਸ ਦੀ ਪੇਸ਼ਕਾਰੀ ਦੌਰਾਨ ਯਿਸੂ ਨਾਲ ਇਕ ਨਿਜੀ ਗੱਲਬਾਤ ਦੌਰਾਨ, ਉਸ ਨੇ ਉਸ ਨੂੰ ਕੋਈ ਚਮਤਕਾਰ ਕਰਨ ਲਈ ਕਿਹਾ (ਲੂਕਾ 23:8)। ਇਹ ਜਾਣਦਿਆਂ ਕਿ ਹੇਰੋਦੇਸ ਦੀ ਇੱਛਾ ਸਿਰਫ਼ ਸਨਸਨੀ ਦੀ ਲਾਲਸਾ ਕਰਕੇ ਹੈ, ਯਿਸੂ ਨੇ ਉਹਦੀ ਗੱਲ ਨਹੀਂ ਸੁਣੀ ਬਲਕਿ ਉਸ ਨਾਲ ਗੱਲ ਕਰਨ ਤੋਂ ਇਨਕਾਰ ਕਰ ਦਿੱਤਾ। ਹੇਰੋਦੇਸ ਦਾ ਜਵਾਬ ਆਪਣੇ ਸਿਪਾਹੀਆਂ ਨੂੰ ਯਿਸੂ ਨੂੰ ਸਜ਼ਾ ਦੇ ਕੇ ਅਤੇ ਠੱਠੇ ਉਡਾਉਣ ਦੀ ਇਜਾਜ਼ਤ ਨਾਲ ਦੇ ਦਿੱਤਾ ਗਿਆ (ਲੂਕਾ 23:11)।

**ਤਾਂ ਉਸ ਨੇ ਆਖਿਆ, ਯੂਹੰਨਾ ਬਪਤਿਸਮਾ ਦੇਣ ਵਾਲਾ ਮੁਰਦਿਆਂ ਵਿੱਚੋਂ ਜੀ ਉੱਠਿਆ ਹੈ ਅਤੇ ਇਸੇ ਲਈ ਏਹ ਸ਼ਕਤੀਆਂ ਉਹਦੇ ਵਿੱਚ ਕੰਮ ਕਰ ਰਹੀਆਂ ਹਨ!** ਯਿਸੂ ਨੇ ਐਲਾਨ ਕੀਤਾ ਕਿ ਯੂਹੰਨਾ ਉਹੀ ''ਏਲੀਯਾਹ ਸੀ'' ਜਿਹਦੀ ਨਬੂਵਤ ਮਲਾਕੀ 4:5, 6 ਅਤੇ ਲੂਕਾ 1:13 ਵਿਚ ਕੀਤੀ ਗਈ ਸੀ,[39] ਪਰ ਬਹੁਤਿਆਂ ਦਾ ਮੰਨਣਾ ਸੀ ਕਿ ਯਿਸੂ ਆਪ ਏਲੀਆਹ ਜਾਂ **ਹੋਰਨਾਂ ਨਬੀਆਂ ਵਰਗਾ** ਸੀ। ਯਹੂਦੀ ਲੋਕ (ਹੇਰੋਦੇਸ ਸਣੇ) ਯਕੀਨਨ ਮੂਸਾ ਦੀ ਉਸ ਨਬੂਵਤ ਨੂੰ ਜਾਣਦੇ ਸਨ ਕਿ ਉਸ ਨੇ ਕਿਹਾ ਸੀ ਕਿ ਕਿਸੇ ਹੋਰ ਨਬੀ ਨੇ ਉਸ ਦੀ ਥਾਂ ਲੈਣੀ ਸੀ (ਬਿਵਸਥਾ ਸਾਰ 18:18)। ਲੂਕਾ 1:17 ਵਿੱਚ, ਯਿਸੂ ਨੇ ਸਮਝਾਇਆ ਕਿ ਯੂਹੰਨਾ ''ਏਲੀਯਾਹ ਦੇ ਆਤਮਾ ਅਰ ਬਲ ਨਾਲ'' ਆ ਰਿਹਾ ਸੀ, ਨਾ ਕਿ ਪੁਰਾਣੇ ਨੇਮ ਦੇ ਨਬੀ ਦੇ ਅਵਤਾਰ ਦੇ ਰੂਪ ਵਿਚ, ਜਿਵੇਂ ਕਿ ਬਹੁਤ ਸਾਰੇ ਯਹੂਦੀਆਂ ਨੂੰ ਉਮੀਦ ਸੀ (ਵੇਖੋ ਮੱਤੀ 11:14; ਮਰਕੁਸ 9:13 )।

**ਆਇਤ 16.ਪਰ ਹੇਰੋਦੇਸ ਨੇ ਸੁਣ ਕਿ ਕਿਹਾ, ਯੂਹੰਨਾ ਜਿਹ ਦਾ ਸਿਰ ਮੈਂ ਵਢਵਾਇਆ ਸੀ ਉਹ ਜੀ ਉੱਠਿਆ ਹੈ।** ਜ਼ਾਹਿਰ ਹੈ ਕਿ ਹੇਰੋਦੇਸ ਦਾ ਅੰਤਹਕਰਣ ਉਸ ਨੂੰ ਚੈਨ ਨਹੀਂ ਲੈਣ ਦੇ ਰਿਹਾ ਸੀ। ਯਿਸੂ ਬਾਰੇ ਦੂਜੇ ਲੋਕ ਭਾਵੇਂ ਜੋ ਵੀ ਸੋਚ ਰਹੇ ਹੋਣ ਪਰ ਹੇਰੋਦੇਸ ਨੂੰ ਇਹੀ ਵਿਚਾਰ ਪਰੇਸ਼ਾਨ ਕਰ ਰਿਹਾ ਸੀ ਕਿ ਉਹ ਅਸਲ ਵਿਚ ਮੁਰਦਿਆਂ ਵਿੱਚੋਂ ਜੀ ਉੱਠਿਆ ਯੂਹੰਨਾ ਹੀ ਹੈ। ਵੱਡੀ ਗਿਣਤੀ ਵਿਚ ਯਹੂਦੀਆਂ ਨੇ ਯੂਹੰਨਾ ਨੂੰ ਮੰਨਿਆ ਸੀ। ਯਹੂਦੀਆਂ ਨੇ ਤਿੰਨ ਤੋਂ ਵੱਧ ਸਦੀਆਂ ਤੋਂ ਖ਼ੁਦਾ ਦੀ ਅਵਾਜ਼ ਨੂੰ ਨਹੀਂ ਸੁਣਿਆ ਸੀ ਅਤੇ ਉਹ ਯੂਹੰਨਾਂ ਦੇ ਸ਼ਬਦ ਵਿਚ ਇਸ ਨੂੰ ਸੁਣਨ ਲਈ ਉਤਾਵਲੇ ਸਨ। ਹੇਰੋਦੇਸ ਨੇ ਯੂਹੰਨਾ ਨੂੰ ਕੈਦ ਵਿਚ ਸੁੱਟ ਕੇ ਅਤੇ ਉਹਦਾ ਸਿਰ ਕਲਮ ਕਰਕੇ ਉਹਦੀ ਜੀਵਨ ਲੀਲਾ ਅਤੇ ਸੇਵਕਾਈ ਖ਼ਤਮ ਕਰ ਦਿੱਤੀ ਸੀ।

**ਆਇਤਾਂ 17, 18. ਕਿਉਂਕਿ ਹੇਰੋਦੇਸ ਨੇ ਆਪਣੇ ਭਾਈ ਫ਼ਿਲਿੱਪੁਸ ਦੀ ਤੀਵੀਂ ਹੇਰੋਦਿਯਾਸ ਦੇ ਕਾਰਣ ਜਿਹ ਨੂੰ ਉਸ ਨੇ ਵਿਆਹ ਲਿਆ ਸੀ ਆਪੇ ਲੋਕਾਂ ਨੂੰ ਭੇਜ ਕੇ ਯੂਹੰਨਾ ਨੂੰ ਫੜਵਾਇਆ ਅਤੇ ਉਹਨੂੰ ਕੈਦਖਾਨੇ ਵਿੱਚ ਬੰਦ ਕੀਤਾ ਇਸ ਲਈ ਜੋ ਯੂਹੰਨਾ ਨੇ ਹੇਰੋਦੇਸ ਨੂੰ ਜੋ ਆਖਿਆ ਸੀ ਕਿ ਆਪਣੇ ਭਾਈ ਦੀ ਤੀਵੀਂ ਦਾ ਰੱਖਣਾ ਤੈਨੂੰ ਜੋਗ ਨਹੀਂ।** ਹੇਰੋਦਿਆਸ ਨਾਲ ਹੇਰੋਦੇਸ ਦੇ ਵਿਭਚਾਰ ਭਰੇ ਰਿਸ਼ਤੇ ਨੂੰ ਵਿਖਾਉਣ ਦੀ ਜੁਰੱਅਤ ਖ਼ੁਦਾ ਦੇ ਅਸਲੀ ਨਬੀ ਨੇ ਹੀ ਵਿਖਾਈ ਸੀ। ਹੇਰੋਦੇਸ ਨੇ ਨੂੰ ਰੋਮ ਵਿਚ

ਆਪਣੇ ਹੀ ਮਤਰੇਏ ਭਰਾ ਫ਼ਿਲਿੱਪੁਸ ਦੀ ਪਤਨੀ ਨੂੰ ਆਪਣੀ ਰਾਣੀ ਬਣਾਉਣ ਲਈ ਭਰਮਾਇਆ। ਹੇਰੋਦਿਆਸ ਹੇਰੋਦੇਸ ਅੰਤਿਪਾਸ ਦੇ ਭਰਾ ਅਰਿਸਤੋਬਲੁਸ ਦੀ ਧੀ ਸੀ ਅਤੇ ਇਸ ਤਰ੍ਹਾਂ ਉਹ ਹੇਰੋਦੇਸ ਦੀ ਭਤੀਜੀ ਸੀ; ਪਰ ਉਦੋਂ ਕਿਸੇ ਨੇ ਅਜਿਹੇ ਵਿਆਹਾਂ ਵੱਲ ਬਹੁਤਾ ਧਿਆਨ ਨਹੀਂ ਦਿੱਤਾ। ਇਸ ਤੋਂ ਛੁੱਟ ਇਹ ਲੋਕ ''ਸ਼ਾਹੀ ਪਰਿਵਾਰ'' ਵਿੱਚੋਂ ਸਨ। ਪਰ ਇਸ ਵਿਚ ਹੋਰ ਵੀ ਵੱਡੀ ਗੱਲ ਸੀ। ਹੇਰੋਦਿਆਸ ਦਾ ਵਿਆਹ ਹੇਰੋਦੇਸ ਦੇ ਭਰਾ ਫ਼ਿਲਿੱਪੁਸ ਪਹਿਲੇ ਨਾਲ ਹੋਇਆ ਸੀ, ਅਤੇ ਉਸ ਤੋਂ ਉਸ ਦੀ ਬੇਟੀ ਹੋਈ।[40] ਜੋਸੇਫ਼ਸ ਨੇ ਉਹਦਾ ਨਾਂਅ ''ਸਲੋਮੀ'' ਲਿਖਿਆ ਹੈ।[41]

ਯਹੂਦੀਆਂ ਲਈ, ਮਰੇ ਹੋਏ ਭਰਾ ਦੀ ਪਤਨੀ ਨਾਲ ਵਿਆਹ ਕਰਨਾ ਜਾਇਜ਼ ਸੀ। ਵਿਧਵਾ ਭਾਬੀ ਨਾਲ ਵਿਆਹ ਦਾ ਨਿਯਮ ਬਿਵਸਥਾ ਸਾਰ 25:5–10 ਵਿੱਚ ਦੱਸਿਆ ਗਿਆ ਸੀ (ਇਹਦੇ ਲਈ ਅੰਗ੍ਰੇਜ਼ੀ ਸ਼ਬਦ Levirate ''ਦਿਓਰ'' ਲਈ ਲਾਤੀਨੀ ਸ਼ਬਦ *levir* ਹੈ)। ਇਸ ਵਿਚ ਮਰ ਚੁੱਕੇ ਆਦਮੀ ਲਈ ਸੰਤਾਨ ਪੈਦਾ ਕਰਨ ਲਈ ਭਰਾ ਦੀ ਵਿਧਵਾ ਨਾਲ ਵਿਆਹ ਕਰਨ ਲਈ ਨਿਯਮ ਹੈ। ਪਰ ਭਰਾ ਦੇ ਜੀਉਂਦਿਆਂ ਜੀ ਉਹਦੀ ਪਤਨੀ ਨਾਲ ਸਬੰਧ ਬਣਾਉਣਾ ਵਿਭਚਾਰ ਨਾਲੋਂ ਵੀ ਮਾੜਾ ਸੀ ਅਤੇ ਪੁਰਾਣੇ ਨੇਮ ਵਿਚ ਸਾਕਾਂ ਨਾਲ ਵਿਭਚਾਰ ਦੇ ਰੂਪ ਵਿਚ ਇਸ ਨੂੰ ਗਲਤ ਕਿਹਾ ਗਿਆ ਸੀ (ਲੇਵੀਆਂ 18:6, 16; 20:21)। ਇਸ ਤੋਂ ਇਲਾਵਾ, ਹੇਰੋਦਿਆਸ ਹੇਰੋਦੇਸ ਦੀ ਭਤੀਜੀ ਸੀ, ਜਿਸ ਕਰਕੇ ਉਨ੍ਹਾਂ ਦੇ ਸਬੰਧ ਨੂੰ ਅੱਜ ਦੇ ਖੁੱਲ੍ਹੇ ਆਧੁਨਿਕ ਮਾਪਦੰਡਾਂ ਅਨੁਸਾਰ ਸਾਕਾਂ ਨਾਲ ਵਿਭਚਾਰ ਮੰਨਿਆ ਜਾਣਾ ਜ਼ਰੂਰੀ ਹੈ।

**ਆਇਤਾਂ 19, 20. ਹੇਰੋਦਿਯਾਸ** ਯੂਹੰਨਾ **ਨਾਲ ਵੈਰ ਰੱਖਦੀ ਅਤੇ ਉਹਨੂੰ ਮਾਰ ਸੁੱਟਣਾ ਚਾਹੁੰਦੀ ਸੀ ਪਰ ਵੱਸ ਨਹੀਂ ਸੀ ਚੱਲਦਾ।** ਹੇਰੋਦਿਆਸ ਨਾਲ ਸਹਿਮਤ ਹੋ ਕੇ ਫਿਲਿੱਪ ਨੂੰ ਛੱਡਣ ਅਤੇ ਇਸਰਾਏਲ ਜਾਣ ਤੋਂ ਪਹਿਲਾਂ ਹੇਰੋਦੇਸ ਨੂੰ ਰੋਮ ਤੋਂ ਆ ਕੇ ਆਪਣੀ ਪਤਨੀ ਫਸੇਲਸ ਨੂੰ ਤਲਾਕ ਦੇਣਾ ਜ਼ਰੂਰੀ ਸੀ ਜੋ ਕਿ ਅਰਬ ਦੇ ਰਾਜੇ ਅਰਿਤਾਸ ਚੌਥੇ ਦੀ ਧੀ ਸੀ। ਇਸ ਪਤਨੀ ਨੂੰ ਹੇਰੋਦੇਸ ਦੇ ਘਰ ਪਰਤਣ ਤੋਂ ਪਹਿਲਾਂ ਹੀ ਉਹਦੀ ਇਸ ਹਰਕਤ ਦਾ ਪਤਾ ਲਗ ਗਿਆ ਅਤੇ ਉਹ ਆਪਣੇ ਪਿਤਾ ਦੇ ਦੇਸ ਨੱਸ ਗਈ। ਇਸ ਕਰਕੇ ਅਰਿਤਾਸ ਨੇ ਹੇਰੋਦੇਸ ਉੱਤੇ ਹਮਲਾ ਕਰਕੇ ਉਹਨੂੰ ਹਰਾ ਦਿੱਤਾ, ਉਹਦੀ ਸਾਰੀ ਫ਼ੌਜ ਤਬਾਹ ਕਰ ਦਿੱਤੀ ਅਤੇ ਸਿਰਫ਼ ਰੋਮ ਦੇ ਦਖ਼ਲ ਕਰਕੇ ਹੇਰੋਦੇਸ ਦੀ ਜਾਨ ਬਖ਼ਸ਼ ਦਿੱਤੀ।[42] ਕਿਸੇ ਪ੍ਰਚਾਰਕ ਵੱਲੋਂ ਖੁੱਲ੍ਹੇਆਮ ਝਿੜਕੇ ਜਾਣ ਦੀ ਇਹ ਹਾਰ ਹੇਰੋਦੇਸ ਲਈ ਕਾਫ਼ੀ ਸ਼ਰਮਿੰਦਗੀ ਭਰੀ ਸੀ। ਉਹ ਐਨਾ ਕੁ ਯਹੂਦੀ ਤਾਂ ਹੈ ਹੀ ਸੀ ਜਿਹੜਾ ਨਬੀਆਂ ਨੂੰ ਮੰਨਦਾ ਹੋਵੇ ਅਤੇ ਯੂਹੰਨਾ ਨੂੰ ਆਦਰ ਦਿੰਦਾ ਹੋਵੇ।

ਯੂਹੰਨਾ ਨੂੰ ਲੱਗਾ ਹੋ ਸਕਦਾ ਹੈ ਕਿ ਜੇ ਉਹ ਇਸ ਹਾਕਮ ਤੋਂ ਤੋਬਾ ਨਹੀਂ ਕਰਵਾਉਂਦਾ ਤਾਂ ਉਹ ਯਿਸੂ ਦੇ ਆਉਣ ਲਈ ਯਹੂਦੀ ਕੌਮ ਨੂੰ ਪੂਰੀ ਤਰ੍ਹਾਂ ਨਾਲ ਤਿਆਰ ਨਹੀਂ ਕਰ ਸਕੇਗਾ। ਹੇਰੋਦੇਸ ਨੂੰ ਇਸ ਗੱਲ ਦਾ ਸਿਹਰਾ ਜਾਂਦਾ ਹੈ ਕਿ ਉਹ ਯੂਹੰਨਾ ਦੀਆਂ ਗੱਲਾਂ **ਖੁਸ਼ੀ ਨਾਲ ਸੁਣਦਾ ਸੀ** ਸ਼ਾਇਦ ਉਹਨੂੰ ਇੱਜ਼ਤ ਦੇਣ ਲਈ, **ਅਤੇ ਉਹਦੀ ਸੁਣ ਕੇ ਬਹੁਤ ਦੁਬਧੇ ਵਿੱਚ ਪੈਂਦਾ** ਸੀ। ਸ਼ਾਇਦ ਯੂਹੰਨਾ ਦੇ ਅਨੋਖੇ ਸੁਭਾਅ ਕਰਕੇ ਹੇਰੋਦੇਸ ਦੇ ਮਨ ਵਿਚ ਇਸ ਪ੍ਰਚਾਰਕ ਨੂੰ ਸੁਣਨ ਦੀ ਇੱਛਾ ਜਾਗੀ, ਭਾਵੇਂ ਉਹਨੇ ਕਈ ਵਾਰ ਹੇਰੋਦੇਸ ਦੇ ਨਜਾਇਜ਼ ਵਿਆਹ ਨੂੰ ਗਲਤ ਦੱਸਿਆ। ਫਿਰ ਵੀ ਉਹ ਐਨਾ ਕਮਜ਼ੋਰ ਸੀ ਕਿ ਯੂਹੰਨਾ ਦੇ ਪ੍ਰਚਾਰ ਨੂੰ ਬੰਦ ਕਰਵਾਉਣ ਦੀ ਕੋਸ਼ਿਸ਼ ਵਿਚ ਉਹਨੂੰ ਜੇਲ੍ਹ ਵਿਚ ਨਹੀਂ ਪਾ ਸਕਿਆ। ਜਦੋਂ ਵੀ ਮੌਕਾ ਮਿਲਿਆ ਯੂਹੰਨਾ ਨੇ ਹੇਰੋਦੇਸ ਦੀ ਬੁਰਿਆਈ ਦੱਸਦੇ ਹੋਏ ਯਹੂਦਿਆ ਵਿਚ ਪ੍ਰਚਾਰ ਕੀਤਾ। ਹੇਰੋਦੇਸ ਯੂਹੰਨਾ ਦਾ ਪ੍ਰਸ਼ੰਸਕ ਸੀ ਅਤੇ ਉਨ੍ਹਾਂ ਤੋਂ ਡਰਦਾ ਸੀ ਜਿਹੜੇ ਉਹਨੂੰ ਨਬੀ ਮੰਨਦੇ ਸਨ।[43] ਉਹ ਯੂਹੰਨਾ ਨੂੰ ''ਖੁਸ਼ੀ ਨਾਲ ਸੁਣਦਾ'' ਸੀ, ਇਹ ਪਹੇਲੀ ਵਰਗਾ ਲਗਦਾ ਹੈ, ਪਰ ਉਹ ਜ਼ਰੂਰ ਇਹ ਮੰਨਦਾ ਹੋਵੇਗਾ ਕਿ ਉਹ ਸਚਮੁਚ ਵਿਚ ''ਖ਼ੁਦਾ ਦੇ ਅਸਲ ਬੰਦੇ'' ਦੇ ਸਾਹਮਣੇ ਹੈ।[44] ਇਸ ਦੇ ਉਲਟ, ਹੇਰੋਦਿਆਸ ਯੂਹੰਨਾ ਤੋਂ ਨਫ਼ਰਤ ਕਰਦੀ ਸੀ ਅਤੇ ਉਹਦੇ ਮਨ ਵਿਚ ਉਹਦੇ ਖ਼ਿਲਾਫ਼ ਐਨੀ ਕੁ ਨਫ਼ਰਤ ਸੀ ਕਿ ਉਹਦਾ ਵੱਸ ਚੱਲਦਾ ਤਾਂ ਉਹ ਉਹਨੂੰ ਗੱਲ ਘੁੱਟ ਕੇ ਮਾਰ ਦਿੰਦੀ, ਪਰ ਉਹ ਉਹਨੂੰ

ਨਹੀਂ ਮਾਰ ਸਕੀ। **ਹੇਰੋਦੇਸ ਯੂਹੰਨਾ ਕੋਲੋਂ ਡਰਦਾ** ਸੀ, ਜੋ ਇਸ ਗੱਲ ਨੂੰ ਵਿਖਾਉਂਦਾ ਹੈ ਕਿ ਉਹਦਾ ਖ਼ੁਦਾ ਵਿਚ ਐਨਾ ਵਿਸ਼ਵਾਸ ਸੀ ਅਤੇ ਜਿਸ ਨਾਲ ਉਹਦੇ ਅੰਤਹਕਰਣ ਵਿਚ ਪਰੇਸ਼ਾਨ ਕਰਨ ਵਾਲੀ ਨੈਤਿਕਤਾ ਦੀ ਸਮਝ ਸੀ ਇਸੇ ਕਰਕੇ ਉਹ **ਉਹਦੀ ਰੱਛਿਆ ਕਰਦਾ ਸੀ।**

## ਯੂਹੰਨਾ ਦੀ ਮੌਤ ਦਾ ਦ੍ਰਿਸ਼ (6:21-29)[45]

**[21]ਅਰ ਦਾਉ ਦਾ ਦਿਨ ਆ ਪਹੁੰਚਿਆ ਜਦ ਹੇਰੋਦੇਸ ਨੇ ਆਪਣੇ ਜਨਮ ਦਿਨ ਉੱਤੇ ਆਪਣੇ ਅਮੀਰਾਂ ਅਤੇ ਫ਼ੌਜ ਦੇ ਸਰਦਾਰਾਂ ਅਤੇ ਗਲੀਲ ਦੇ ਰਈਸਾਂ ਲਈ ਦਾਉਤ ਕੀਤੀ [22]ਅਰ ਜਦ ਹੇਰੋਦਿਯਾਸ ਦੀ ਧੀ ਆਪ ਅੰਦਰ ਆਣ ਕੇ ਨੱਚੀ ਅਤੇ ਹੇਰੋਦੇਸ ਅਰ ਉਹਦੇ ਨਾਲ ਬੈਠਣ ਵਾਲਿਆਂ ਨੂੰ ਰਿਝਾਇਆ ਤਦ ਰਾਜਾ ਨੇ ਉਸ ਕੁੜੀ ਨੂੰ ਕਿਹਾ, ਜੋ ਤੂੰ ਚਾਹੇਂ ਸੋ ਮੈਥੋਂ ਮੰਗ ਤਾਂ ਮੈਂ ਤੈਨੂੰ ਦਿਆਂਗਾ [23]ਅਰ ਉਹਦੇ ਅੱਗੇ ਸੌਂਹ ਖਾਧੀ ਭਈ ਜੋ ਕੁਝ ਤੂੰ ਮੈਥੋਂ ਮੰਗੇਂ ਮੈਂ ਆਪਣੇ ਅੱਧੇ ਰਾਜ ਤੀਕਰ ਭੀ ਤੈਨੂੰ ਦਿਆਂਗਾ [24]ਤਦ ਉਸ ਨੇ ਬਾਹਰ ਜਾਕੇ ਆਪਣੀ ਮਾਂ ਨੂੰ ਕਿਹਾ, ਮੈਂ ਕੀ ਮੰਗਾਂ? ਉਹ ਬੋਲੀ, ਯੂਹੰਨਾ ਬਪਤਿਸਮਾ ਦੇਣ ਵਾਲੇ ਦਾ ਸਿਰ ! [25]ਤਦ ਉਹ ਫੁਰਤੀ ਨਾਲ ਓਸੇ ਵੇਲੇ ਰਾਜਾ ਦੇ ਕੋਲ ਫੇਰ ਅੰਦਰ ਗਈ ਅਤੇ ਅਰਜ ਕਰ ਕੇ ਕਿਹਾ, ਮੈਂ ਇਹ ਚਾਹੁੰਦੀ ਹਾਂ ਜੋ ਤੁਸੀਂ ਇਕ ਥਾਲ ਵਿੱਚ ਯੂਹੰਨਾ ਬਪਤਿਸਮਾ ਦੇਣ ਵਾਲੇ ਦਾ ਸਿਰ ਮੈਨੂੰ ਹੁਣੇ ਦੇ ਦਿਓ ! [26]ਤਦ ਰਾਜਾ ਬਹੁਤ ਉਦਾਸ ਹੋਇਆ ਪਰ ਉਹ ਨੇ ਆਪਣੀ ਸੌਂਹ ਅਤੇ ਨਾਲ ਬੈਠਣ ਵਾਲਿਆਂ ਦੀ ਖਾਤਰ ਉਸ ਨੂੰ ਨਾਂਹ ਕਰਨੀ ਨਾ ਚਾਹੀ [27]ਤਾਂ ਰਾਜਾ ਨੇ ਝੱਟ ਇਕ ਸਿਪਾਹੀ ਨੂੰ ਹੁਕਮ ਦੇ ਕੇ ਭੇਜਿਆ ਜੋ ਉਹ ਦਾ ਸਿਰ ਲਿਆਏ। ਤਦ ਉਹ ਨੇ ਜਾਕੇ ਉਹ ਦਾ ਸਿਰ ਕੈਦਖਾਨੇ ਵਿੱਚ ਵੱਢਿਆ [28]ਅਤੇ ਇੱਕ ਥਾਲ ਵਿੱਚ ਰੱਖ ਕੇ ਲਿਆਂਦਾ ਅਰ ਕੁੜੀ ਨੂੰ ਦਿੱਤਾ ਅਤੇ ਕੁੜੀ ਨੇ ਉਹ ਆਪਣੀ ਮਾਂ ਨੂੰ ਦਿੱਤਾ [29]ਅਤੇ ਉਹਦੇ ਚੇਲੇ ਸੁਣ ਕੇ ਆਏ ਅਰ ਉਹਦੀ ਲੋਥ ਚੁੱਕ ਕੇ ਉਸ ਨੂੰ ਕਬਰ ਵਿੱਚ ਰੱਖਿਆ।**

ਜ਼ਾਹਿਰ ਤੌਰ ਤੇ ਹੇਰੋਦੇਸ ਯੂਹੰਨਾ ਨੂੰ ਅਸਲੀ ਨਬੀ ਮੰਨਦਾ ਸੀ। ਫਿਰ ਵੀ ਹੇਰੋਦਿਆਸ ਯੂਹੰਨਾ ਦੇ ਪ੍ਰਚਾਰ ਤੋਂ ਖਿਝ ਖਾਂਦੀ ਸੀ ਅਤੇ ਉਹਨੂੰ ਪਤਾ ਸੀ ਕਿ ਜਦੋਂ ਤਕ ਯੂਹੰਨਾ ਜ਼ਿੰਦਾ ਹੈ ਉਦੋਂ ਤਕ ਰਾਜ ਵਿਚ ਉਹਨੂੰ ਆਦਰ ਨਹੀਂ ਮਿਲ ਸਕਦਾ।[46] ਹੇਰੋਦੇਸ ਅੰਤਿਪਾਸ ਦੇ ਜਨਮਦਿਨ ਨਾਲ ਉਹਨੂੰ ਯੂਹੰਨਾ ਤੋਂ ਖਹਿੜਾ ਛੁਡਾਉਣ ਦਾ ਮੌਕਾ ਮਿਲ ਗਿਆ।

**ਆਇਤਾਂ 21-25. ਹੇਰੋਦੇਸ ਨੇ ਆਪਣੇ ਜਨਮ ਦਿਨ ਉੱਤੇ ਆਪਣੇ ਅਮੀਰਾਂ ਅਤੇ ਫ਼ੌਜ ਦੇ ਸਰਦਾਰਾਂ ਅਤੇ ਗਲੀਲ ਦੇ ਰਈਸਾਂ ਲਈ ਦਾਉਤ ਕੀਤੀ।** ਸਲੋਮੀ **ਅੰਦਰ ਆਣ ਕੇ ਨੱਚੀ।** **ਹੇਰੋਦਿਯਾਸ** ਦੀ ਧੀ ਸ਼ਬਦਾਂ ਤੋਂ ਸੰਕੇਤ ਮਿਲਦਾ ਹੈ ਕਿ ਇਹ ਘਟੀਆ ਗੁਣਾਂ ਦਾ ਅਸਾਧਾਰਣ ਕੰਮ ਸੀ। ਸਾਫ਼ ਤੌਰ ਤੇ ਉਸ ਨੇ ਭੜਕਾਊ ਨਾਚ ਕੀਤਾ, ਅਜਿਹਾ ਕਿ ਜਿਹੋ ਜਿਹਾ ਉਸ ਸਮੇਂ ਦੀਆਂ ਵੇਸਵਾਵਾਂ ਤੋਂ ਕਰਵਾਇਆ ਜਾਂਦਾ ਸੀ। ਕਿਸੇ ਭਗਤ ਯਹੂਦੀ ਨੇ ਆਪਣੀ ਧੀ ਨੂੰ ਇਸ ਤਰ੍ਹਾਂ ਨਾਲ ਨੱਚਣ ਦੀ ਇਜਾਜ਼ਤ ਨਹੀਂ ਦੇਣੀ ਸੀ, ਅਤੇ ਜ਼ਿਆਦਾਤਰ ਗੈਰਕੌਮ ਔਰਤਾਂ ਨੇ ਵੀ ਅਜਿਹਾ ਨਹੀਂ ਕਰਨਾ ਸੀ।[47] ਇਸ ਦ੍ਰਿਸ਼ ਤੋਂ ਸਾਨੂੰ ਮਾਂਵਾਂ ਧੀਆਂ ਦੇ ਚਰਿੱਤਰ ਦੀ ਥੋੜ੍ਹੀ ਬਹੁਤ ਸਮਝ ਆ ਜਾਂਦੀ ਹੈ।

ਸਲੋਮੀ ਦੇ ਨਾਚ ਨੇ **ਹੇਰੋਦੇਸ ਅਰ ਉਹਦੇ ਨਾਲ ਬੈਠਣ ਵਾਲਿਆਂ ਨੂੰ ਰਿਝਾਇਆ।** ਆਪਣੀ ਮਤਰੇਈ ਧੀ ਦੇ ਨਾਚ ਵਿਚ ਹੇਰੋਦੇਸ ਦੇ ਕਮੀਨੇਪਣ ਨੇ ਖੂਬ ਮਸਤੀ ਕੀਤੀ। ਉਸ ਨੇ ਉਸ ਨਾਲ ਵਾਅਦਾ ਕੀਤਾ, **''ਜੋ ਤੂੰ ਚਾਹੇਂ ਸੋ ਮੈਥੋਂ ਮੰਗ ਤਾਂ ਮੈਂ ਤੈਨੂੰ ਦਿਆਂਗਾਂ''**; **''ਜੋ ਕੁਝ ਤੂੰ ਮੈਥੋਂ ਮੰਗੇਂ ਮੈਂ ਆਪਣੇ ਅੱਧੇ ਰਾਜ ਤੀਕਰ ਭੀ ਤੈਨੂੰ ਦਿਆਂਗਾ।''** ਆਪਣੀ ਮਾਂ ਦੀ ਸਲਾਹ 'ਤੇ, ਸਲੋਮੀ ਨੇ **''ਯੂਹੰਨਾ ਬਪਤਿਸਮਾ ਦੇਣ ਵਾਲੇ ਦਾ ਸਿਰ !''** ਮੰਗਿਆ। ਹੇਰੋਦਿਆਸ ਨੇ ਬੇਰਹਿਮ, ਦੁਸ਼ਟ ਕੰਮਾਂ ਤੋਂ ਉਸ ਦੇ ਕਾਤਲ ਹੋਣ ਦਾ ਕੰਮਾਂ ਲਗਦਾ ਹੈ। ਉਹਨੂੰ ਪਤਾ ਸੀ ਕਿ ਉਹਦਾ ਪਤੀ ਸ਼ਰਾਬੀ ਹੈ ਅਤੇ ਉਸ ਤੋਂ ਆਪਣੀ ਗੱਲ

ਮਨਵਾਈ ਜਾ ਸਕਦੀ ਹੈ।[48]

**ਆਇਤਾਂ 26-28. ਰਾਜਾ ਬਹੁਤ ਉਦਾਸ ਸੀ** (''ਬਹੁਤ ਪਰੇਸ਼ਾਨ ਹੋਇਆ''; NIV),[49] ਪਰ ਆਪਣੇ ਮਹਿਮਾਨਾਂ ਦਾ ਸਨਮਾਨ ਕਰਨ ਦੀ ਉਮੀਦ ਨਾਲ ਉਸ ਨੇ ਉਸ ਦੀ ਬੇਨਤੀ ਮੰਨ ਲਿਆ। ਹੋ ਸਕਦਾ ਹੈ ਕਿ ਇਸ ਮੂਰਖਤਾ ਭਰੀ ਸਹੁੰ ਤੋਂ ਮੁੱਕਰ ਜਾਣ ਤੇ ਉਹਦਾ ਮਾਣ ਵਧ ਜਾਂਦਾ। ਕਿਸੇ ਸਹੁੰ ਨੂੰ ਜਿਹੜੀ ਆਪਣੇ ਆਪ ਵਿਚ ਗਲਤ ਹੋਵੇ, ਪੂਰਾ ਕਰਨਾ ਕਦੇ ਵੀ ਆਦਰ ਦੇ ਯੋਗ ਨਹੀਂ ਹੁੰਦਾ। ਸਾਨੂੰ ਖ਼ਬਰਦਾਰ ਰਹਿਣਾ ਜ਼ਰੂਰੀ ਹੈ ਕਿ ਅਸੀਂ ਕਿਸ ਤਰ੍ਹਾਂ ਦੇ ਵਾਅਦੇ ਕਰਦੇ ਹਾਂ।

ਹੇਰੋਦੇਸ ਨੇ **ਝੱਟ** ਇਕ ਸਿਪਾਹੀ ਨੂੰ ਹੁਕਮ ਦਿੱਤਾ ਕਿ ਯੂਹੰਨਾ **ਦਾ ਸਿਰ ਲਿਆਏ। ਉਹ ਨੇ ਜਾਕੇ ਉਹ ਦਾ ਸਿਰ ਕੈਦਖਾਨੇ ਵਿੱਚ ਵੱਢਿਆ ਅਤੇ ਇੱਕ ਥਾਲ ਵਿੱਚ ਰੱਖ ਕੇ ਲਿਆਂਦਾ।** ''ਥਾਲ'' (*πίναξ*, *ਪਿਨੇਕਸ*) ਸਲੋਮੀ ਨੂੰ ਦਿੱਤਾ ਗਿਆ, **ਅਤੇ ਕੁੜੀ ਨੇ ਉਹ ਆਪਣੀ ਮਾਂ ਨੂੰ ਦਿੱਤਾ।** ਹੇਰੋਦੇਸ ਨਿਆਂ ਅਤੇ ਮੂਰਖਤਾ ਦਾ ਅਨੋਖਾ ਮੇਲ ਸੀ। ਭਾਵੇਂ ਉਹਨੇ ਯੂਹੰਨਾ ਦੀ ਹਿਫ਼ਾਜ਼ਤ ਕੀਤੀ ਸੀ, ਪਰ ਉਹੀ ਉਹਦੀ ਮੌਤ ਲਈ ਜ਼ਿੰਮੇਵਾਰ ਬਣ ਗਿਆ। ਉਹਦੇ ਸਰਾਬੀ ਹੋਣ ਨੇ ਮੂਰਖਤਾ ਭਰੀਆਂ ਗੱਲਾਂ ਅਤੇ ਕੰਮਾਂ ਤੋਂ ਉਹਦਾ ਬਚਾ ਨਹੀਂ ਕੀਤਾ। ਉਹਦੀ ਸਹੁੰ ਇਕ ਆਮ ਇਜ਼ਹਾਰ ਹੋ ਸਕਦੀ ਹੈ। ਜਿਸਨੂੰ ਪੱਥਰ ਤੇ ਲਕੀਰ ਨਹੀਂ ਮੰਨ ਲਿਆ ਜਾਣਾ ਚਾਹੀਦਾ ਸੀ। ਪਰ ਆਪਣੇ ਦੁਸ਼ਟ ਮਿੱਤਰਾਂ ਨੂੰ ਪ੍ਰਭਾਵਤ ਕਰਨ ਲਈ, ਉਹਨੇ ਸਲੋਮੀ ਨੂੰ ਮੂੰਹ ਮੰਗੀ ਮੁਰਾਦ ਦੇਣ ਦਾ ਆਪਣਾ ਬੇਕਾਰ ਵਾਅਦਾ ਨਿਭਾਇਆ।

ਹੇਰੋਦਿਆਸ ਨੇ ਬਾਅਦ ਵਿੱਚ ਆਪਣੇ ਪਤੀ ਨਾਲ ਵਫ਼ਾਦਾਰੀ ਵਿਖਾਈ; ਉਹ ਰੋਮ ਵਿੱਚੋਂ ਉਸ ਨੂੰ ਦੇਸ ਨਿਕਾਲਾ ਦਿੱਤੇ ਜਾਣ ਵੇਲੇ ਉਹਦੇ ਨਾਲ ਗਈ। ਪਰ ਯੂਹੰਨਾ ਨੇ ਉਸ ਨੂੰ ਸਿਰਫ਼ ਇਕ ਵਿਭਚਾਰਣ ਔਰਤ ਤੋਂ ਵਧ ਕੇ ਕੁਝ ਨਹੀਂ ਵੇਖਿਆ। ਇਸ ਲਈ ਉਹ ਉਸ ਨੂੰ ਮਾਰਨਾ ਚਾਹੁੰਦੀ ਸੀ। ਸੰਭਵ ਤੌਰ ਤੇ ਉਹਨੇ ਕਿਆਮਤ ਵੇਲੇ ਆਪਣੇ ਕੰਮਾਂ ਲਈ ਖ਼ੁਦਾ ਦੇ ਸਾਹਮਣੇ ਜਾਣ ਬਾਰੇ ਨਹੀਂ ਸੋਚਿਆ ਜਾਂ ਉਸ ਨੂੰ ਖ਼ੁਦਾ ਦੀ ਗੱਲ ਦੀ ਪਰਵਾਹ ਨਹੀਂ ਸੀ। ਉਹਨੂੰ ''ਨਵੇਂ ਨੇਮ ਦੀ ਈਜ਼ਬੇਲ'' ਕਿਹਾ ਜਾ ਸਕਦਾ ਹੈ। ਆਪਣੇ ਪਾਪ ਲਈ ਝਿੜਕੇ ਜਾਣ ਤੇ ਖ਼ੁਦਾ ਦੇ ਨਬੀ ਦੇ ਖ਼ਿਲਾਫ਼ ਉਹਦੇ ਬਦਲਾ ਲੈਣ ਨੇ ਉਸ ਨੂੰ ਬਾਈਬਲ ਦੀਆਂ ਸਭ ਤੋਂ ਦੁਸ਼ਟ ਔਰਤਾਂ ਵਿਚ ਮਿਲਾ ਦਿੱਤਾ।

**ਆਇਤ 29.** ਯੂਹੰਨਾ ਦੇ ਚੇਲੇ ਅੰਤ ਤਕ ਵਫ਼ਾਦਾਰ ਰਹੇ ਕਿਉਂ ਜੋ ਉਹ **ਉਹਦੀ ਲੋਥ ਚੁੱਕ ਕੇ** ਲੈ ਗਏ ਅਤੇ **ਉਸ ਨੂੰ ਕਬਰ ਵਿੱਚ ਰੱਖਿਆ।** ਬੇਸ਼ੱਕ ਉਨ੍ਹਾਂ ਨੂੰ ਸਮਝ ਆ ਗਈ ਹੋਵੇਗੀ ਕਿ ਯੂਹੰਨਾ ਨੇ ''ਆਉਣ ਵਾਲੇ'' ਦੀ ਤਿਆਰ ਲਈ ਆਪਣੇ ਮਿਸ਼ਨ ਨੂੰ ਪੂਰਾ ਕਰ ਲਿਆ ਹੈ, ਕਿਉਂ ਜੋ ਯੂਹੰਨਾ ਨੇ ਆਪ ਆਖਿਆ ਸੀ ਕਿ ਉਹ ਉਨ੍ਹਾਂ ਦੇ ਵਿਚਕਾਰ ਆ ਚੁੱਕਿਆ (ਯੂਹੰਨਾ 1:6–9, 15, 19–27, 29–34)।

ਬਾਅਦ ਵਿਚ ਪਿਲਾਤੁਸ ਦੇ ਯਿਸੂ ਦੀ ਲਾਸ਼ ਉਹਦੇ ਚੇਲਿਆਂ ਨੂੰ ਦੇ ਦੇਣ ਵਾਂਗ, ਹੇਰੋਦੇਸ ਨੇ ਯੂਹੰਨਾ ਦੀ ਲਾਸ਼ ਉਹਦੇ ਚੇਲਿਆਂ ਨੂੰ ਦੇ ਦਿੱਤੀ। ਮੱਤੀ 14:12 ਕਹਿੰਦਾ ਹੈ ਕਿ ਉਨ੍ਹਾਂ ਨੇ ਜਾ ਕੇ ਯਿਸੂ ਨੂੰ ਇਸ ਬਾਰੇ ਦੱਸਿਆ। ਪਹਿਲਾਂ ਜਦੋਂ ਯੂਹੰਨਾ ਨਿਰਾਸ਼ ਹੋਇਆ ਸੀ, ਤਾਂ ਯਿਸੂ ਨੇ ਉਹਦੀ ਸਚਮੁਚ ਮਹਾਨਤਾ ਦੀ ਗੱਲ ਕਰਦਿਆਂ ਉਹਦੀ ਤਾਰੀਫ਼ ਕੀਤੀ ਸੀ (ਮੱਤੀ 11:11)। ਯੂਹੰਨਾ ਬਪਤਿਸਮਾ ਦੇਣ ਵਾਲੇ ਨੇ ਆਪਣਾ ਕੰਮ ਬਖੂਬੀ ਕੀਤਾ ਸੀ, ਪਰ ਹੁਣ ਉਹਦਾ ਕੰਮ ਪੂਰਾ ਹੋ ਗਿਆ ਸੀ। ਸਾਨੂੰ ਹੈਰਾਨ ਹੋਣ ਦੀ ਲੋੜ ਨਹੀਂ ਹੁੰਦੀ ਜਦੋਂ ਦੁਨੀਆਂ ਕਿਸੇ ਆਦਮੀ ਦੇ ਜਿਹੜਾ ਐਨਾ ਬੇਖ਼ੌਫ਼ ਹੋਵੇ, ਜਿਹੜਾ ਵੱਡੇ ਵੱਡੇ ਅਹੁਦਿਆਂ ਵਾਲਿਆਂ ਦੇ ਪਾਪ ਲਈ ਉਨ੍ਹਾਂ ਨੂੰ ਝਾੜ ਦੇਵੇ, ਵਿਰੋਧ ਵਿਚ ਖਲੋ ਜਾਂਦੀ ਹੈ। ਖ਼ੁਦਾ ਨੇ ਇਸ ਵੱਡੇ ਨਬੀ ਨੂੰ ਕਾਲਕੋਠਰੀ ਵਿਚ ਰਹਿਣ ਦਿੱਤਾ, ਪਰ ਹੇਰੋਦੇਸ ਅੰਤਿਪਾਸ ਨੂੰ ਉਹਨੇ ਕਿਸੇ ਈਮਾਨਦਾਰ ਤੋਂ ਸੱਚ ਸੁਣਵਾਇਆ।

ਮਸੀਹਾ ਦੇ ਤੌਰ ਤੇ ਯਿਸੂ ਦਾ ਪ੍ਰਚਾਰ ਕਰਨ ਤੋਂ ਬਾਅਦ, ਯੂਹੰਨਾ ਲਈ ਜੇਲ੍ਹ ਵਿਚ ਬੈਠ ਕੇ ਹੈਰਾਨ ਹੋਣਾ ਮੁਸ਼ਕਿਲ ਸੀ ਕਿ ਯਿਸੂ ਅੱਗੇ ਕੀ ਕਰੇਗਾ। ਫਿਰ ਵੀ ਇਕ ਵਫ਼ਾਦਾਰ ਹਰਕਾਰੇ ਦੇ ਤੌਰ ਤੇ ਯਿਸੂ

ਉਹਦਾ ਆਦਰ ਕਰਦਾ ਰਿਹਾ (ਮੱਤੀ 11:119)। ਖ਼ੁਦਾ ਆਮ ਤੌਰ ਤੇ ਪਵਿੱਤਰ ਲੋਕਾਂ ਦੀ ਗਵਾਹੀ ਨਾਲ ਮੌਤ ਦੇ ਰਾਹੀਂ ਮੋਹਰ ਕਰ ਦਿੰਦਾ ਹੈ: ਯੂਹੰਨਾ ਬਪਤਿਸਮਾ ਦੇਣ ਵਾਲੇ, ਯਿਸੂ, ਇਸਤੀਫ਼ਾਨ, ਯੂਹੰਨਾ ਦੇ ਭਰਾ ਯਾਕੂਬ, ਪ੍ਰਭੂ ਦੇ ਭਰਾ ਯਾਕੂਬ ਅਤੇ ਦੋ ਰਸੂਲਾਂ ਨੂੰ ਛੱਡ ਬਾਕੀ ਸਾਰਿਆਂ ਨਾਲ ਅਜਿਹਾ ਹੀ ਹੋਇਆ। ਯੂਹੰਨਾ ਦੀ ਪਛਾਣ ਉਸ ਜ਼ਰੂਰੀ ਕੰਮ ਨਾਲ ਕੀਤੀ ਜਾ ਸਕਦੀ ਹੈ ਜਿਹੜਾ ਬੁਰਿਆਈ ਦੇ ਖ਼ਿਲਾਫ਼ ਪ੍ਰਚਾਰ ਕਰਨ ਲਈ ਦਿੱਤਾ ਗਿਆ ਸੀ ਕਿ ''ਬਿਰਛਾਂ ਦੀ ਜੜ੍ਹ ਉੱਤੇ ਰੱਖਿਆ ਕੁਹਾੜਾ'' ਛੇਤੀ ਹੀ ਉਨ੍ਹਾਂ ਉੱਤੇ ਚੱਲ ਪੈਣਾ ਸੀ (ਵੇਖੋ ਮੱਤੀ 3:10; ਲੂਕਾ 3:9)। ਪਛਤਾਵਾ ਨਾ ਕਰਨ ਵਾਲੇ ਇਸਰਾਏਲ ਨੇ ਛੇਤੀ ਹੀ ਡਿੱਗ ਜਾਣਾ ਸੀ ਕਿਉਂ ਜੋ ਬਲਦੀ ਹੋਈ ਅੱਗ ਉਨ੍ਹਾਂ ਲੋਕਾਂ ਉੱਤੇ ਪੈਣੀ ਸੀ ਜਿਨ੍ਹਾਂ ਨੇ ਯੂਹੰਨਾ ਦਾ ਪ੍ਰਚਾਰ ਸੁਣ ਕੇ ਪਛਤਾਵਾ ਨਹੀਂ ਕਰਨਾ ਸੀ।

ਇੱਥੇ ਇੰਜ ਲਗਦਾ ਹੈ ਕਿ ਯਿਸੂ ਕੁਝ ਸਮੇਂ ਲਈ ਇਕਾਂਤ ਵਿਚ ਚਲਿਆ ਗਿਆ। ਉਹਦਾ ਜਾਣਾ ਉਨ੍ਹਾਂ ਲੋਕਾਂ ਦੇ ਜਿਹੜੇ ਯੂਹੰਨਾ ਨੂੰ ਬੜਾ ਮੰਨਦੇ ਸਨ, ਬਗ਼ਾਵਤ ਵਿਚ ਅਗਵਾਈ ਕਰਨ ਤੋਂ ਬਚਣ ਲਈ ਹੋ ਸਕਦਾ ਹੈ। ਵਧੇਰੇ ਸੰਭਾਵਨਾ ਇਹ ਹੈ ਕਿ ਉਹ ਯੂਹੰਨਾ ਵਾਂਗ ਮਾਰੇ ਜਾਣ ਤੋਂ ਬਚਣ ਦੀ ਕੋਸ਼ਿਸ਼ ਕਰ ਰਿਹਾ ਸੀ। ਬਾਅਦ ਵਿਚ ਉਹਦਾ ਸਮਾਂ ਆਉਣ ਤੇ ਉਹਨੇ ਯਰੂਸ਼ਲਮ ਵਿਚ ਜਾਣਾ ਸੀ।

## ਪੰਜ ਹਜ਼ਾਰ ਆਦਮੀਆਂ ਨੂੰ ਖੁਆਉਣਾ (6:30-44)[50]

**[30]ਫੇਰ ਰਸੂਲ ਯਿਸੂ ਦੇ ਕੋਲ ਇਕੱਠੇ ਹੋਏ ਅਤੇ ਜੋ ਕੁਝ ਉਨ੍ਹਾਂ ਕੀਤਾ ਅਰ ਜੋ ਕੁਝ ਉਪਦੇਸ਼ ਦਿੱਤਾ
ਸੀ ਸਭ ਉਹਨੂੰ ਦੱਸਿਆ [31]ਤਾਂ ਉਸ ਨੇ ਉਨ੍ਹਾਂ ਨੂੰ ਆਖਿਆ, ਤੁਸੀਂ ਆਪ ਉਜਾੜ ਥਾਂ ਅਲੱਗ ਚੱਲੇ
ਚੱਲੋ ਅਤੇ ਰਤੀ ਕੁ ਸਸਤਾਓ ਕਿਉਂਕਿ ਬਹੁਤ ਲੋਕ ਆਉਂਦੇ ਜਾਂਦੇ ਸਨ ਅਤੇ ਉਨ੍ਹਾਂ ਨੂੰ ਰੋਟੀ ਖਾਣ ਦਾ
ਵੀ ਵਿਹਲ ਨਹੀਂ ਸੀ ਹੁੰਦਾ [32]ਸੋ ਓਹ ਬੇੜੀ ਉੱਤੇ ਇੱਕ ਉਜਾੜ ਥਾਂ ਵਿੱਚ ਅਲੱਗ ਚੱਲੇ ਗਏ [33]ਪਰ
ਲੋਕਾਂ ਨੇ ਉਨ੍ਹਾਂ ਨੂੰ ਜਾਂਦੇ ਵੇਖਿਆ ਅਤੇ ਬਹੁਤਿਆਂ ਨੇ ਉਨ੍ਹਾਂ ਨੂੰ ਪਛਾਣ ਲਿਆ ਅਰ ਸਾਰਿਆਂ ਨਗਰਾਂ
ਤੋਂ ਪੈਦਲ ਉਧੱਰ ਨੂੰ ਇੱਕ ਸੰਗ ਦੌੜੇ ਅਤੇ ਉਨ੍ਹਾਂ ਤੋਂ ਅੱਗੇ ਹੀ ਜਾ ਪਹੁੰਚੇ [34]ਤਾਂ ਉਸ ਨੇ ਨਿੱਕਲ ਕੇ
ਇੱਕ ਵੱਡੀ ਭੀੜ ਵੇਖੀ ਅਰ ਉਨ੍ਹਾਂ ਤੇ ਤਰਸ ਖਾਧਾ ਇਸ ਲਈ ਜੋ ਓਹ ਉਨ੍ਹਾਂ ਭੇਡਾਂ ਵਾਂਙੁ ਸਨ ਜਿਨ੍ਹਾਂ
ਦਾ ਅਯਾਲੀ ਨਾ ਹੋਵੇ। ਉਹ ਉਨ੍ਹਾਂ ਨੂੰ ਬਹੁਤ ਗੱਲਾਂ ਦਾ ਉਪਦੇਸ਼ ਦੇਣ ਲੱਗਾ [35]ਅਰ ਜਾਂ ਦਿਨ ਬਹੁਤ
ਢਲ ਗਿਆ ਤਾਂ ਉਹਦੇ ਚੇਲਿਆਂ ਨੇ ਉਸ ਕੋਲ ਆਣ ਕੇ ਕਿਹਾ, ਇਹ ਥਾਂ ਉਜਾੜ ਹੈ ਅਤੇ ਦਿਨ ਹੁਣ
ਬਹੁਤ ਢਲ ਗਿਆ [36]ਇਨ੍ਹਾਂ ਨੂੰ ਵਿਦਿਆ ਕਰ ਤਾਂ ਓਹ ਆਲੇ ਦੁਆਲੇ ਦੇ ਗਰਾਵਾਂ ਅਤੇ ਪਿੰਡਾਂ ਵਿੱਚ
ਜਾ ਕੇ ਆਪਣੇ ਲਈ ਖਾਣ ਨੂੰ ਮੁੱਲ ਲੈਣ [37]ਪਰ ਉਸ ਨੇ ਉਨ੍ਹਾਂ ਨੂੰ ਉੱਤਰ ਦਿੱਤਾ, ਤੁਸੀਂ ਹੀ ਉਨ੍ਹਾਂ ਨੂੰ
ਖਾਣ ਲਈ ਦਿਓ ਪਰ ਉਨ੍ਹਾਂ ਉਸ ਨੂੰ ਆਖਿਆ, ਭਲਾ, ਅਸੀਂ ਜਾ ਕੇ ਸੌ ਰੁਪਏ ਦੀਆਂ ਰੋਟੀਆਂ ਮੁੱਲ
ਲੈਕੇ ਇਨ੍ਹਾਂ ਨੂੰ ਖੁਆਈਏ? [38]ਉਸ ਨੇ ਉਨ੍ਹਾਂ ਨੂੰ ਆਖਿਆ, ਤੁਹਾਡੇ ਕੋਲ ਕਿੰਨੀਆਂ ਰੋਟੀਆਂ ਹਨ? ਜਾਓ
ਵੇਖੋ। ਤਾਂ ਉਨ੍ਹਾਂ ਮਲੂਮ ਕਰ ਕੇ ਕਿਹਾ ਕਿ ਪੰਜ ਅਤੇ ਦੋ ਮੱਛੀਆਂ [39]ਤਾਂ ਉਸ ਨੇ ਉਨ੍ਹਾਂ ਨੂੰ ਹੁਕਮ ਦਿੱਤਾ
ਕੇ ਸੱਭੇ ਹਰੇ ਘਾਹ ਉੱਤੇ ਪੰਗਤਾਂ ਹੋਕੇ ਬਹਿ ਜਾਣ [40]ਅਰ ਉਨ੍ਹਾਂ ਦੀ ਸੌ ਸੌ ਅਤੇ ਪੰਜਾਹਾਂ ਪੰਜਾਹਾਂ ਦੀ
ਪਾਲ ਬੈਠ ਗਈ [41]ਤਾਂ ਉਸ ਨੇ ਓਹ ਪੰਜ ਰੋਟੀਆਂ ਅਤੇ ਦੋ ਮੱਛੀਆਂ ਲੈਕੇ ਆਕਾਸ਼ ਦੀ ਵੱਲ ਵੇਖਿਆ
ਅਰ ਬਰਕਤ ਦੇ ਕੇ ਰੋਟੀਆਂ ਤੋੜੀਆਂ ਅਤੇ ਲੋਕਾਂ ਦੇ ਅੱਗੇ ਰੱਖਣ ਲਈ ਚੇਲਿਆਂ ਨੂੰ ਦਿੰਦਾ ਗਿਆ
ਅਤੇ ਦੋਵੇਂ ਮੱਛੀਆਂ ਉਹ ਨੇ ਸਭਨਾਂ ਵਿੱਚ ਵੰਡੀਆਂ [42]ਤਾਂ ਓਹ ਸਾਰੇ ਖਾ ਕੇ ਰੱਜ ਗਏ [43]ਅਤੇ ਉਨ੍ਹਾਂ
ਨੇ ਟੁਕੜਿਆਂ ਦੀਆਂ ਬਾਰਾਂ ਟੋਕਰੀਆਂ ਭਰੀਆਂ ਹੋਈਆਂ ਉਠਾਈਆਂ ਅਤੇ ਕੁਝ ਮੱਛੀਆਂ ਵਿੱਚੋਂ ਵੀ
ਉਠਾਇਆ [44]ਅਤੇ ਰੋਟੀਆਂ ਦੇ ਖਾਣ ਵਾਲੇ ਪੰਜ ਹਜ਼ਾਰ ਮਰਦ ਸਨ।**

ਯੂਹੰਨਾ ਦੀ ਮੌਤ ਦੇ ਦੁੱਖ ਵਿਚ ਚੇਲੇ ਇਕੱਠੇ ਹੋ ਗਏ ਹੋਣਗੇ, ਕਿਉਂ ਜੋ ਉਨ੍ਹਾਂ ਵਿੱਚੋਂ ਕਈ

ਉਦੋਂ ਤਕ ਓਸੇ ਦੇ ਚੇਲੇ ਸਨ ਜਦੋਂ ਤਕ ਉਹਨੇ ਉਨ੍ਹਾਂ ਦਾ ਧਿਆਨ ਮਸੀਹ ਵੱਲ ਨਹੀਂ ਦੁਆਇਆ। ਯੂਹੰਨਾ ਦੀ ਮੌਤ ਨਾਲ ਚੇਲੇ ਨਿਰਾਸ਼ ਹੋ ਗਏ ਸਨ ਅਤੇ ਹੈਰਾਨ ਰਹਿ ਗਏ ਸਨ, ''ਜੇ ਯਿਸੂ ਆਪਣੇ ਰਿਸ਼ਤੇਦਾਰ ਅਤੇ ਆਪਣੇ ਤੋਂ ਅੱਗੇ ਆਉਣ ਵਾਲੇ ਯੂਹੰਨਾ ਦੀ ਰੱਖਿਆ ਨਹੀਂ ਕਰ ਪਾਇਆ ਤਾਂ ਉਹ ਸਾਡੀ ਰੱਖਿਆ ਕਿਵੇਂ ਕਰ ਸਕਦਾ ਹੈ?'' ਅਗਲੇ ਦਿਨਾਂ ਵਿਚ ਹੋਣ ਵਾਲੀਆਂ ਘਟਨਾਵਾਂ ਵਿਚ ਉਨ੍ਹਾਂ ਦਾ ਭਰੋਸਾ ਵਧਿਆ ਹੋਵੇਗਾ। ਆਲੇ ਦੁਆਲੇ ਦੇ ਖ਼ਤਰਿਆਂ ਨਾਲ ਯਿਸੂ ਨੇ ਆਪਣੇ ਰਸੂਲਾਂ ਵਿਚ ਵਿਸ਼ਵਾਸ ਵਧਾਉਣ ਤੇ ਜ਼ੋਰ ਦਿੱਤਾ ਹੋਵੇਗਾ ਜਿਸ ਨਾਲ ਉਹ ਉਸ ਮੁਸ਼ਕਿਲ ਕੰਮ ਨੂੰ ਜਿਹੜਾ ਉਨ੍ਹਾਂ ਕਰਨਾ ਸੀ, ਕਰ ਸਕਦੇ ਸਨ।

ਯਿਸੂ ਦਾ ਭੀੜ ਨੂੰ ਖੁਆਉਣਾ ਇੰਜੀਲ ਦੇ ਵਿਰਤਾਂਤਾਂ ਵਿਚ ਦੋ ਵਾਰ ਹੋਇਆ; ਅਤੇ ਦੋਵੇਂ ਵਾਰ ਚੇਲਿਆਂ ਨੂੰ ਸਮਝ ਨਹੀਂ ਆ ਰਿਹਾ ਸੀ ਕਿ ਕਿੱਥੋਂ ਖੁਆਈਏ (6:30–44; 8:1–9)। ਅਸੀਂ ਇਹ ਮੰਨ ਲਵਾਂਗੇ ਕਿ ਯਿਸੂ ਦੇ ਪੈਰੋਕਾਰਾਂ ਨੂੰ ਪਹਿਲੀ ਵਾਰ ਹੀ ਕੁਝ ਸਮਝ ਆ ਗਿਆ ਹੋਵੇਗਾ। ਦੂਜੀ ਵਾਰ (8:14–21 ਵਿੱਚ ਯਾਦ ਦੁਆਉਂਦਿਆਂ ਵੇਖਦੇ ਹਾਂ), ਯਿਸੂ ਨੇ ਆਪਣੇ ਰਸੂਲਾਂ ਨੂੰ ਨਾ ਸਮਝਣ ਕਰਕੇ ਝਿੜਕਿਆ। ਮਰਕੁਸ 6:52 ਇਸ ਮੁਸ਼ਕਿਲ: ''ਉਨ੍ਹਾਂ ਦੇ ਦਿਲ ਸੁੰਨ ਹੋਏ ਹੋਏ ਸਨ।'' ਇਸ ਕਰਕੇ ਉਹ ਮੋਅਜਜ਼ੇ ਦਾ ਪੂਰਾ ਅਰਥ ਨਹੀਂ ਸਮਝ ਸਕੇ। 6:30–44 ਵਾਲੀ ਇਹ ਘਟਨਾ ਐਨੀ ਜ਼ਬਰਦਸਤ ਹੈ ਕਿ ਯਿਸੂ ਦੇ ਜੀ ਉੱਠਣ ਤੋਂ ਬਾਅਦ ਇੰਜੀਲ ਦੇ ਚਾਰੇ ਵਿਰਤਾਂਤਾਂ ਵਿਚ ਸਿਰਫ਼ ਇਸੇ ਮੋਅਜਜ਼ੇ ਦਾ ਜ਼ਿਕਰ ਹੈ।

**ਆਇਤ 30. ਫੇਰ ਰਸੂਲ ਯਿਸੂ ਦੇ ਕੋਲ ਇਕੱਠੇ ਹੋਏ ਅਤੇ ਜੋ ਕੁਝ ਉਨ੍ਹਾਂ ਕੀਤਾ ਅਰ ਜੋ ਕੁਝ ਉਪਦੇਸ਼ ਦਿੱਤਾ ਸੀ ਸਭ ਉਹਨੂੰ ਦੱਸਿਆ।** ਮਰਕੁਸ ਵਿਚ ਸਿਰਫ਼ ਇੱਕੋ ਵਾਰ ਉਨ੍ਹਾਂ ਬਾਰਾਂ ਨੂੰ ''ਰਸੂਲ'' (ἀπόστολος, *ਅਪੋਸਟੋਲੋ*) ਆਖ ਕੇ ਸੱਦਿਆ ਗਿਆ। ਇਹਦਾ ਮਤਲਬ ਇਹ ਹੈ ਕਿ ਉਹ ਮਸੀਹ ਰਾਜੇ ਦੇ ਨਿੱਜੀ ਨੁਮਾਇੰਦੇ ਭਾਵ ਦੁਨੀਆਂ ਲਈ ਉਹਦੇ ਰਾਜਦੂਤ ਸਨ। ਇਸ ਸ਼ਬਦ ਉਨ੍ਹਾਂ ਦੇ ਪ੍ਰਚਾਰ ਕਰਨ, ਇੰਜੀਲ ਸੁਣਾਉਣ, ਚੰਗਿਆਈ ਦੇਣ, ਅਤੇ ਬਦਰੂਹਾਂ ਨੂੰ ਕੱਢਣ ਦੇ ਹੁਕਮ ਉੱਤੇ ਜ਼ੋਰ ਦਿੰਦਾ ਹੈ (ਲੂਕਾ 10:17–20 ਵਿਚ, ਸੱਤਰ ਜਣਿਆਂ ਨੇ ਬਦਰੂਹਾਂ ਉੱਤੇ ਇਖ਼ਤਿਆਰ ਹੋਣ ਤੇ ਅਨੰਦ ਮਨਾਇਆ ਸੀ)।

ਰਸੂਲਾਂ ਦੇ ਕਰਤੱਬ ਵਿਚ ਉਨ੍ਹਾਂ ਦੇ ਇਖ਼ਤਿਆਰ ਅਤੇ ਸ਼ਕਤੀ ਉੱਤੇ ਜ਼ੋਰ ਦਿੱਤਾ ਗਿਆ ਹੈ। ਰਸੂਲਾਂ ਦੇ ਕਰਤੱਬ 5:1–11 ਵਿੱਚ ਹਨਾਨਿਯਾਹ ਅਤੇ ਸਫ਼ੀਰਾ ਦੀ ਮੌਤ ਨਾਲ ਰਸੂਲਾਂ ਦੀ ਸ਼ਕਤੀ ਨੂੰ ਕਾਇਮ ਕਰਨ ਦਾ ਸਿਖ਼ਰ ਮਿਲਦਾ ਹੈ। ਉਸ ਦੰਗ ਕਰ ਦੇਣ ਵਾਲੀ ਘਟਨਾ ਤੋਂ ਬਾਅਦ ਲੋਕ, ਰਸੂਲਾਂ ਦੇ ਸਾਹਮਣੇ ਕਿਸੇ ਵੀ ਕਿਸਮ ਦਾ ਝੂਠ ਬੋਲਣ ਤੋਂ ਡਰਦੇ ਸਨ, ਕਿਉਂ ਜੋ ਉਨ੍ਹਾਂ ਨੂੰ ਸਮਝ ਆ ਗਈ ਸੀ ਕਿ ਉਨ੍ਹਾਂ ਨਾਲ ਝੂਠ ਬੋਲਣ ਦਾ ਮਤਲਬ ਖ਼ੁਦਾ ਨਾਲ ਝੂਠ ਬੋਲਣਾ ਹੈ। ਇਨ੍ਹਾਂ ਦੋਹਾਂ ਮੌਤਾਂ ਨਾਲ ਮਸੀਹ ਦੇ ਨੁਮਾਇੰਦਿਆਂ ਦੇ ਤੌਰ ਤੇ ਰਸੂਲਾਂ ਦੀ ਇੱਜ਼ਤ ਵਧ ਗਈ ਸੀ ਅਤੇ ਕਲੀਸੀਆ ਵਿਚ ਪਹਿਲਾਂ ਨਾਲ ਕਿਤੇ ਵੱਧ ਲੋਕ ਰਲਾਏ ਗਏ (ਕਰਤੱਬ 5:14)। ਮਸੀਹ ਤੋਂ ਬਾਅਦ ਰਸੂਲ ਧਰਤੀ ਉੱਤੇ ਸਭ ਤੋਂ ਵੱਡੇ ਅਧਿਕਾਰੀ ਸਨ ਅਤੇ ਆਪਣੇ ਲਿਖਤ ਵਚਨ ਦੇ ਰਾਹੀਂ ਉਹ ਅੱਜ ਵੀ ਅਧਿਕਾਰੀ ਹਨ। ਪੱਤਰੀਆਂ ਵਿਚ ਇਕ ਗੱਲ ਤੇ ਜ਼ੋਰ ਦਿੱਤਾ ਗਿਆ ਹੈ ਕਿ ਉਹ ਪ੍ਰਭੂ ਦੀ ਕਲੀਸੀਆ ਦੀ ਨੀਂਹ ਦਾ ਹਿੱਸਾ ਸਨ (ਵੇਖੋ ਅਫ਼ਸੀਆਂ 2:20)।

**ਆਇਤ 31.** ਯਿਸੂ ਨੇ ਉਨ੍ਹਾਂ ਨੂੰ ਆਖਿਆ, **ਤੁਸੀਂ ਆਪ ਉਜਾੜ ਥਾਂ ਅਲੱਗ ਚੱਲੇ ਚੱਲੋ ਅਤੇ ਰਤੀ ਕੁ ਸਸਤਾਓ।** ਪ੍ਰਚਾਰ ਕਰਨ ਦਾ ਉਨ੍ਹਾਂ ਦਾ ਫੇਰਾ ਭਾਵੇਂ ਰੋਮਾਂਚਕਾਰੀ ਸੀ, ਪਰ ਫਿਰ ਵੀ ਉਹ ਥੱਕ ਗਏ ਹੋਣਗੇ। ਯਿਸੂ ਨੂੰ ਪਤਾ ਸੀ ਕਿ ਉਨ੍ਹਾਂ ਨੂੰ ਅਰਾਮ ਦੀ ਲੋੜ ਹੈ। ਉਹ ਐਨੇ ਰੁੱਝੇ ਹੋਏ ਸਨ ਕਿ **ਉਨ੍ਹਾਂ ਨੂੰ ਰੋਟੀ ਖਾਣ ਦਾ ਵੀ ਵਿਹਲ ਨਹੀਂ ਸੀ ਹੁੰਦਾ।** ਇਵੈਂਜਲਿਸਟ ਵੇਨਸ ਹੈਵਨਰ ਨੇ ਕਿਹਾ ਹੈ ਕਿ, ''ਥੱਕ ਕੇ ਜੇ ਤੁਸੀਂ ਕੁਝ ਦੇਰ ਅਰਾਮ ਨਹੀਂ ਕਰਦੇ ਤਾਂ ਤੁਸੀਂ ਟੁੱਟ *ਜਾਵੋਗੇ*!''[51]

**ਆਇਤਾਂ 32-34.** ਆਰਾਮ ਕਰਨ ਦੀ ਕੋਸ਼ਿਸ਼ ਵਿਚ, ਯਿਸੂ ਅਤੇ ਉਹਦੇ ਰਸੂਲ **ਇੱਕ ਉਜਾੜ ਥਾਂ ਵਿੱਚ ਅਲੱਗ ਚੱਲੇ ਗਏ** ਪਰ ਲੋਕ ਉਨ੍ਹਾਂ ਦੇ ਮਗਰ ਮਗਰ ਸਨ। ਹਵਾ ਨਾ ਚੱਲਣ ਤੇ, ਭੀੜ ਲਗਭਗ ਦਸ ਮੀਲ ਦਾ ਸਫ਼ਰ ਕਰਕੇ ਝੀਲ ਦੇ ਆਲੇ ਦੁਆਲੇ ਚੱਲ ਸਕਦੀ ਸੀ, ਉਸ ਨਾਲੋਂ ਘੱਟ ਸਮੇਂ ਵਿਚ ਜਿੰਨੀ ਦੇਰ ਵਿਚ ਬੇੜੀ ਨਾਲ ਪਾਰ ਕੀਤਾ ਜਾ ਸਕਦਾ ਸੀ;[52] ਜਿਸ ਕਰਕੇ ਉਹ **ਸਾਰਿਆਂ ਨਗਰਾਂ ਤੋਂ ਪੈਦਲ ਉਧੱਰ ਨੂੰ ਇੱਕ ਸੰਗ ਦੌੜੇ ਅਤੇ ਉਨ੍ਹਾਂ ਤੋਂ ਅੱਗੇ ਹੀ ਜਾ ਪਹੁੰਚੇ** ਅਤੇ ਯਿਸੂ ਦੇ ਉੱਤਰਣ ਦੀ ਉਡੀਕ ਕਰਦੇ ਰਹੇ। ਕੋਈ ਆਮ ਆਦਮੀ ਹੁੰਦਾ ਤਾਂ ਉਹਨੇ ਆਪਣੀ ਨਿੱਜਤਾ ਦੇ ਆਪਣੇ ਹਮਲੇ ਤੋਂ ਨਰਾਜ਼ ਹੋ ਜਾਣਾ ਸੀ। ਪਰ ਯਿਸੂ ਨੇ ਉਨ੍ਹਾਂ ਨੂੰ **ਉਨ੍ਹਾਂ ਭੇਡਾਂ ਵਾਂਙੁ** ਵੇਖਿਆ **ਜਿਨ੍ਹਾਂ ਦਾ ਅਯਾਲੀ ਨਾ ਹੋਵੇ** ਜਿਸ ਕਰਕੇ ਉਹ ਦੁਖੀ ਹੋਇਆ ਉਹ ਨੂੰ **ਤਰਸ ਆਇਆ।** ਇਸ ਕਰਕੇ ਉਹ **ਉਨ੍ਹਾਂ ਨੂੰ ਬਹੁਤ ਗੱਲਾਂ ਦਾ ਉਪਦੇਸ਼ ਦੇਣ** ਦੇ ਮੌਕੇ ਨੂੰ ਰੋਕ ਨਹੀਂ ਸਕਿਆ।

ਨੇਕ ਸਾਮਰੀ ਦੇ ਦ੍ਰਿਸ਼ਟਾਂਤ ਨੂੰ ਦੱਸਦਿਆਂ ਯਿਸੂ ਨੇ ''ਤਰਸ'' ਸ਼ਬਦ ਵਰਤਿਆ (ਲੂਕਾ 10:34) ਅਤੇ ਮੱਤੀ 14:14, 15:32, ਅਤੇ ਮਰਕੁਸ 8:2 ਵਿਚ ਇਹ ਸ਼ਬਦ ਯਿਸੂ ਦੀਆਂ ਆਪਣੀਆਂ ਭਾਵਨਾਵਾਂ ਨੂੰ ਵਿਖਾਉਂਦਾ ਹੈ। ਇਸ ਗੁਣ ਵਿਚ, ਉਹਦੇ ਦ੍ਰਿਸ਼ਟਾਂਤਾਂ ਦੇ ਕੁਝ ਲੋਕ ਉਹਦੇ ਨਾਲ ਮੇਲ ਖਾਂਦੇ ਸਨ (ਮੱਤੀ 18:27; ਲੂਕਾ 10:33; 15:20)। ਇਸ ਦ੍ਰਿਸ਼ ਵਿਚ ਤਰਸ ਸਿਰਫ਼ ਯਿਸੂ ਵੱਲੋਂ ਸੀ। ਲੋਕਾਂ ਨੂੰ ਸਿਖਾਉਣ ਦੀ ਉਹਦੀ ਇੱਛਾ ਆਪਣੇ ਆਪ ਵਿਚ ਤਰਸ ਦਾ ਵੱਡਾ ਕੰਮ ਸੀ।

**ਆਇਤਾਂ 35-37.** ਦਿਨ ਢਲਣ ਤੇ **ਉਹਦੇ ਚੇਲਿਆਂ ਨੇ** ਪਰੇਸ਼ਾਨ ਹੋ ਕੇ ਆਖਿਆ, **''ਇਹ ਥਾਂ ਉਜਾੜ ਹੈ ਅਤੇ ਦਿਨ ਹੁਣ ਬਹੁਤ ਢਲ ਗਿਆ।''** KJV ਵਿਚ ਕਿਹਾ ਗਿਆ ਹੈ ਕਿ ਇਹ ਥਾਂ ''ਵਿਰਾਨ'' ਸੀ ਪਰ ਉੱਥੇ ਵਗਦਾ ਪਾਣੀ ਬਹੁਤ ਸੀ। ''ਉਜਾੜ'' (ἔρημος, *ਏਰੇਮੋਸ*) ਇਹ ਸਮਝਾਉਣ ਵਿਚ ਮਦਦ ਕਰਦਾ ਹੈ ਕਿ ਆਮ ਤੌਰ ਤੇ ਵਿਰਾਨ ਜਗ੍ਹਾ ਸੀ। ਇੱਥੇ ਕਰਤੱਬ 8:26 ਵਿਚ ਜਿੱਥੇ ਖੋਜੇ ਨੂੰ ਬਪਤਿਸਮਾ ਦਿੱਤਾ ਗਿਆ ਉਹ ''ਰੇਗਿਸਤਾਨ'' (KJV) ਹੋ ਸਕਦਾ ਹੈ ਪਰ ਫਿਰ ਵੀ ਉੱਥੇ ਡੁਬਕੀ ਲੈਣ ਜੋਗਾ ਕਾਫ਼ੀ ਪਾਣੀ ਸੀ।

ਚੇਲਿਆਂ ਨੇ ਅੱਗੇ ਕਿਹਾ, **''ਇਨ੍ਹਾਂ ਨੂੰ ਵਿਦਿਆ ਕਰ ਤਾਂ ਓਹ ਆਲੇ ਦੁਆਲੇ ਦੇ ਗਰਾਵਾਂ ਅਤੇ ਪਿੰਡਾਂ ਵਿੱਚ ਜਾ ਕੇ ਆਪਣੇ ਲਈ ਖਾਣ ਨੂੰ ਮੁੱਲ ਲੈਣ।''** ਰਸੂਲਾਂ ਨੇ ਭੀੜ ਨੂੰ ਐਵੇਂ ਹੀ ਭੇਜ ਦੇਣਾ ਸੀ, ਪਰ ਯਿਸੂ ਦਾ ਮਨ ਆਤਮਿਕ ਅਤੇ ਸਰੀਰਕ ਲੋੜਾਂ ਲਈ ਤਰਸ ਨਾਲ ਭਰਿਆ ਸੀ। ਅਜਿਹੇ ਸਮਿਆਂ ਤੇ ਯਿਸੂ ਦੀਆਂ ਭਾਵਨਾਵਾਂ ਨੂੰ ਵਿਸਤਾਰ ਨਾਲ ਦੱਸਦਿਆਂ, ਮੱਤੀ 9:36–38 ਆਖਦਾ ਹੈ:

> ਅਤੇ ਜਾਂ ਉਹਨੇ ਭੀੜਾਂ ਵੇਖੀਆਂ ਤਾਂ ਉਸ ਨੂੰ ਉਨ੍ਹਾਂ ਉੱਤੇ ਤਰਸ ਆਇਆ ਕਿਉਂ ਜੋ ਉਨ੍ਹਾਂ ਭੇਡਾਂ ਵਾਂਙੁ ਜਿਨ੍ਹਾਂ ਦਾ ਅਯਾਲੀ ਨਾ ਹੋਵੇ ਉਹ ਲੋਕ ਮਾੜੇ ਹਾਲ ਅਤੇ ਡਾਵਾਂ ਡੋਲ ਫਿਰਦੇ ਸਨ। ਤਦ ਉਹਨੇ ਆਪਣੇ ਚੇਲਿਆਂ ਨੂੰ ਆਖਿਆ, ਖੇਤੀ ਪੱਕੀ ਹੋਈ ਤਾਂ ਬਹੁਤ ਹੈ ਪਰ ਵਾਢੇ ਥੋੜ੍ਹੇ ਹਨ। ਇਸ ਲਈ ਤੁਸੀਂ ਖੇਤੀ ਦੇ ਮਾਲਕ ਦੇ ਅੱਗੇ ਬੇਨਤੀ ਕਰੋ ਜੋ ਉਹ ਆਪਣੀ ਖੇਤੀ ਵੱਢਣ ਨੂੰ ਵਾਢੇ ਘੱਲ ਦੇਵੇ।

ਭੋਜਨ ਦੀ ਲੋੜ ਦੇ ਸਬੰਧ ਵਿਚ ਰਸੂਲਾਂ ਨੇ ਦੋ ਸੁਝਾਅ ਦਿੱਤੇ ਸਨ, ਜਿਨ੍ਹਾਂ ਵਿੱਚੋਂ ਕੋਈ ਵੀ ਕੰਮ ਆਉਣ ਵਾਲਾ ਨਹੀਂ ਸੀ। ਇਸ ਜੰਗਲੀ ਇਲਾਕੇ ਵਿਚ ਦਿਨ ਦੇ ਢਲਣ ਤੇ ਲੋਕਾਂ ਦੀ ਭੋਜਨ ਦੀ ਲੋੜ ਪਰੇਸ਼ਾਨ ਕਰਨ ਵਾਲੀ ਹੈ। ਯਿਸੂ ਨੇ ਉਨ੍ਹਾਂ ਨੂੰ ਰੋਜ਼ਾ ਰੱਖਣ ਦਾ ਹੁਕਮ ਨਹੀਂ ਦਿੱਤਾ ਸੀ, ਕਿਉਂ ਜੋ ਇਹ ਸਵੈਇੱਛਾ ਨਾਲ ਰੋਜ਼ਾ ਰੱਖਣ ਦੀ ਉਹਦੀ ਸਿੱਖਿਆ ਨਾਲ ਮੇਲ ਨਹੀਂ ਖਾਂਦਾ ਸੀ। ਇਸ ਤੋਂ ਇਲਾਵਾ, ਵਾਪਸ ਜਾਣ ਨਾਲ ਕਈ ਲੋਕ ਖੁੱਸ ਸਕਦੇ ਸਨ।

ਯਿਸੂ ਵਿਚ ਲੋਕਾਂ ਦੀ ਦਿਲਚਸਪੀ ਬਹੁਤ ਸੀ। ਇਹ ਲੋਕ ਭੋਜਨ ਨਾਲ ਲਿਆਉਣ ਦੀ ਗੱਲ ਸੋਚੇ ਬਗੈਰ ਐਨੀ ਦੂਰ ਤਕ ਉਹਦੇ ਮਗਰ ਆ ਗਏ ਸਨ। ਮਰਕੁਸ ਅਤੇ ਯੂਹੰਨਾ ਨੇ ਦੱਸਿਆ ਹੈ ਕਿ

ਐਨੀ ਵੱਡੀ ਭੀੜ ਲਈ ਕਿੰਨਾ ਭੋਜਨ ਚਾਹੀਦਾ ਸੀ ਅਤੇ ਇਹ ਕਿੰਨਾ ਕੁ ਮਹਿੰਗਾ ਹੋਣਾ ਸੀ: **''ਭਲਾ, ਅਸੀਂ ਜਾ ਕੇ ਸੌ ਰੁਪਏ** (ਦੋ ਸੌ ਦੀਨਾਰ) **ਦੀਆਂ ਰੋਟੀਆਂ ਮੁੱਲ ਲੈਕੇ ਇਨ੍ਹਾਂ ਨੂੰ ਖੁਆਈਏ?''** ਦੀਨਾਰ (δηνάριον, *ਦਿਨਾਰਿਓਨ*) ਇਕ ਰੋਮੀ ਸਿੱਕਾ ਸੀ ਜੋ ਇਕ ਜਾਂ ਦੋ ਰੋਟੀਆਂ ਖਰੀਦਣ ਲਈ ਕਾਫ਼ੀ ਸੀ।[53] ਇਕ ਅਰਥ ਵਿਚ, ਚੇਲਿਆਂ ਨੇ ਜਵਾਬ ਦਿੱਤਾ, ''ਅਸੀਂ ਛੇ ਮਹੀਨੇ ਰੋਜ਼ ਮਜਦੂਰੀ ਕਰ ਸਕਦੇ ਹਾਂ ਅਤੇ ਫਿਰ ਵੀ ਐਨਾ ਨਹੀਂ ਕਮਾ ਸਕਦੇ ਕਿ ਇਸ ਭੀੜ ਲਈ ਭੋਜਨ ਖਰੀਦ ਸਕੀਏ!'' ਜਿਸਨੂੰ ਰਸੂਲਾਂ ਨੇ ਇਕ ਮੁਸ਼ਕਿਲ ਮੰਨਿਆ, ਓਸੇ ਨੂੰ ਯਿਸੂ ਨੇ ਖ਼ੁਦਾ ਦੀ ਵਡਿਆਈ ਵਿਖਾਉਣ ਦਾ ਮੌਕਾ ਮੰਨਿਆ।

ਯਿਸੂ ਨੇ ਮੁਸ਼ਕਿਲ ਨੂੰ ਸੁਲਝਾਉਣ ਤੋਂ ਪਹਿਲਾਂ ਰਸੂਲਾਂ ਨੂੰ ਉਸ ਮਸਲੇ ਨਾਲ ਸੰਘਰਸ਼ ਕਰਨ ਦਿੱਤਾ ਹੋਵੇਗਾ। ਇਹ ਜਾਣਦਿਆਂ ਕਿ ਐਨਾ ਭੋਜਨ ਦੇਣ ਦਾ ਉਨ੍ਹਾਂ ਕੋਲ ਕੋਈ ਤਰੀਕਾ ਨਹੀਂ ਹੈ, ਉਸ ਨੇ ਉਨ੍ਹਾਂ ਉੱਤੇ ਇਹ ਆਖਦੇ ਹੋਏ ਦਬਾਅ ਪਾਇਆ, **''ਤੁਸੀਂ ਹੀ ਉਨ੍ਹਾਂ ਨੂੰ ਖਾਣ ਲਈ ਦਿਓ।''** ਉਸ ਨੇ ਰਸੂਲਾਂ ਉੱਤੇ ਜ਼ੋਰ ਦਿੱਤਾ ਕਿ ਉਹ ਇਸ ਜ਼ਿੰਮੇਵਾਰੀ ਨੂੰ ਦੂਜਿਆਂ ਉੱਤੇ ਨਾ ਪਾਉਣ। ਦਿਨ ਢਲ ਚੁੱਕਿਆ ਸੀ ਅਤੇ ਉਜਾੜ ਵਿਚ ਰੋਟੀਆਂ ਲੱਭਣਾ ਦਿੱਕਤ ਹੋਣੀ ਸੀ। ਇਸ ਵੱਡੀ ਮੁਸ਼ਕਿਲ ਲਈ ਜਿਸਦਾ ਮਨੁੱਖ ਕੋਲ ਕੋਈ ਹੱਲ ਨਹੀਂ ਸੀ, ਯਿਸੂ ਬਚਾਅ ਲਈ ਆਇਆ।

ਯੂਹੰਨਾ 6:5 ਆਖਦਾ ਹੈ ਕਿ ਯਿਸੂ ਨੇ ਸਭ ਤੋਂ ਪਹਿਲਾਂ ਫ਼ਿਲਿੱਪੁਸ ਨਾਲ ਗੱਲ ਕੀਤੀ। ਇਹ ਪੁੱਛਦਿਆਂ ਕਿ ਕੀ ਕੀਤਾ ਜਾਵੇ, ਉਹ ਸਲਾਹ ਮੰਗ ਰਿਹਾ ਸੀ। ਉਹ ਰਸੂਲਾਂ ਨੂੰ ਦਿਮਾਗੀ ਤੌਰ ਤੇ ਤਿਆਰ ਕਰ ਰਿਹਾ ਸੀ, ਤਾਂ ਜੋ ਕੀਤੇ ਜਾਣ ਵਾਲੇ ਮੋਅਜਜ਼ੇ ਨਾਲ ਉਨ੍ਹਾਂ ਉੱਤੇ ਅਸਰ ਪਵੇ। ਹੋ ਸਕਦਾ ਹੈ ਕਿ ਇਸੇ ਕਰਕੇ ਪੰਜ ਹਜ਼ਾਰ ਆਦਮੀਆਂ ਨੂੰ ਖੁਆਉਣਾ ਮਸੀਹ ਦਾ ਅਜਿਹਾ ਮੋਅਜਜ਼ਾ ਹੈ ਜਿਹੜਾ ਇੰਜੀਲ ਦੇ ਚਾਰਾਂ ਵਿਰਤਾਂਤਾਂ ਵਿਚ ਦਰਜ ਹੈ।

**ਆਇਤ 38.** ਯਿਸੂ ਨੇ ਚੇਲਿਆਂ ਨੂੰ ਪੁੱਛਿਆ, **''ਤੁਹਾਡੇ ਕੋਲ ਕਿੰਨੀਆਂ ਰੋਟੀਆਂ ਹਨ? ਜਾਓ ਵੇਖੋ।''** ਸਿਰਫ਼ ਯੂਹੰਨਾ ਆਖਦਾ ਹੈ ਕਿ ਖਾਣੇ ਦਾ ਪਤਾ ਲਾਉਣ ਲਈ ਅੰਦ੍ਰਿਆਸ ਗਿਆ ਅਤੇ ਉਹਨੂੰ ਇਕ ਮੁੰਡਾ ਮਿਲਿਆ ਜਿਹਦੇ ਕੋਲ ਕੁਝ ਰੋਟੀਆਂ ਅਤੇ ਮੱਛੀਆਂ ਸਨ (ਯੂਹੰਨਾ 6:8, 9)। **ਪੰਜ** ਰੋਟੀਆਂ ਜੌਂ ਦੀਆਂ ਹੋਣਗੀਆਂ ਜੋ ਕਿ ਗ਼ਰੀਬਾਂ ਦਾ ਖਾਣਾ ਹੁੰਦਾ ਸੀ; ਦੋ ਮੱਛੀਆਂ ਲੂਣ ਲੱਗੀ ਸੁੱਕੀਆਂ ਮੱਛੀਆਂ ਹੋਣਗੀਆਂ।[54] ਮੁੰਡੇ ਦੀ ਮਾਂ ਨੇ ਉਸ ਨੂੰ ਆਖਿਆ ਹੋਵੇਗਾ ਕਿ ਜੇ ਵਾਪਸ ਆਉਣ ਵਿਚ ਦੇਰ ਹੋ ਜਾਵੇ ਦੀ ਹਾਲਤ ਵਿਚ ਕੁਝ ਰੋਟੀਆਂ ਨਾਲ ਲੈ ਜਾ। ਸ਼ਾਇਦ ਉਹਨੇ ਇਹ ਵੀ ਸੋਚਿਆ ਹੋਵੇਗਾ ਕਿ ਕੀ ਪਤਾ ਉਹ ਯਿਸੂ ਭੀੜ ਨਾਲ ਚਲਿਆ ਜਾਵੇ ਜਿਹੜੀ ਉਸ ਯਿਸੂ ਮਗਰ ਚਾ ਰਹੀ ਹੈ। ਉਦੋਂ ਯਹੂਦੀ ਟੋਲੀਆਂ ਨਾਲ ਚੱਲਣਾ ਬੱਚਿਆਂ ਲਈ ਸੁਰੱਖਿਅਤ ਮੰਨਿਆ ਜਾਂਦਾ ਹੋਵੇਗਾ। ਜਦੋਂ ਬਾਰ੍ਹਾਂ ਸਾਲਾਂ ਦੀ ਉਮਰ ਵਿਚ ਯਿਸੂ ਆਪਣੇ ਮਾਤਾ ਪਿਤਾ ਤੋਂ ਵਿੱਛੜ ਗਿਆ ਸੀ ਤਾਂ ਪਹਿਲਾਂ ਉਨ੍ਹਾਂ ਨੂੰ ਕੋਈ ਫ਼ਿਕਰ ਨਹੀਂ ਹੋਈ ਸੀ, ਕਿਉਂ ਜੋ ਉਨ੍ਹਾਂ ਨੇ ਇਹ ਮੰਨ ਲਿਆ ਸੀ ਕਿ ਉਹ ਉਨ੍ਹਾਂ ਦੀ ਟੋਲੀ ਦੇ ਦੂਜੇ ਲੋਕਾਂ ਨਾਲ ਕਿਤੇ ਹੋਵੇਗਾ (ਲੂਕਾ 2:41–45)।

**ਆਇਤ 39. ਤਾਂ ਉਸ ਨੇ ਉਨ੍ਹਾਂ ਨੂੰ ਹੁਕਮ ਦਿੱਤਾ ਕਿ ਸੱਭੇ ਹਰੇ ਘਾਹ ਉੱਤੇ ਪੰਗਤਾਂ ਹੋਕੇ ਬਹਿ ਜਾਣ।** ਘਾਹ ਹਰਾ ਸਿਰਫ਼ ਬਹਾਰ ਦੇ ਮੌਸਮ ਦੇ ਅਖ਼ੀਰ ਵਿਚ ਹੋਣਾ ਸੀ ਜੋ ਕਿ ਸ਼ਾਇਦ ਅਪ੍ਰੈਲ ਦੇ ਅਖ਼ੀਰ ਦਾ ਸਮਾਂ ਸੀ।[55] ਲੋਕ ''ਪੰਗਤਾਂ'' ਵਿਚ ਬੈਠੇ ਸਨ। ਯੂਨਾਨੀ ਬਾਈਬਲ ਵਿਚ ਵੀ συμπόσια συμπόσια (*ਸੰਪੋਜ਼ਿਆ ਸੰਪੋਜ਼ਿਆ*) ਜਾਂ ''symposium symposiu'' (*ਸਿੰਪੋਜ਼ਿਅਮ ਸਿੰਪੋਜ਼ਿਅਮ*) ਸ਼ਬਦ ਨੂੰ ਦੁਹਰਾਇਆ ਗਿਆ ਹੈ। ਇਸ ਇਜ਼ਹਾਰ ਦਾ ਮੂਲ ਅਰਥ ''ਸ਼ਰਾਬ ਦੀ ਮਹਿਫ਼ਲ'' ਸੀ, ਪਰ ਬਾਅਦ ਵਿਚ ਇਸ ਦਾ ਅਰਥ ਦਾਅਵਤ ਹੋ ਗਿਆ।[56] ਸਿੰਪੋਜ਼ਿਅਮ ਸ਼ਬਦ ਦੀ ਵਰਤੋਂ ਹੁਣ ''ਕਿਸੇ ਖ਼ਾਸ ਵਿਸ਼ੇ ਤੇ ਸੱਦੀ ਗਈ ਸਭਾ ਜਾਂ ਕਾਂਨਫ੍ਰੰਸ'' ਜਾਂ ''ਕਿਸੇ ਖ਼ਾਸ ਵਿਸ਼ੇ ਦੇ ਲੇਖਾਂ ਦਾ ਸੰਗ੍ਰਹਿ'' ਦੇ ਅਰਥ ਵਿਚ ਹੁੰਦੀ ਹੈ।[57] ਅਸੀਂ ਆਖ ਸਕਦੇ ਹਾਂ, ''ਉਨ੍ਹਾਂ ਨੂੰ ਵਿਚਾਰ ਵਿਟਾਂਦਰਾ ਕਰਨ ਵਾਲੇ ਸਮੂਹਾਂ ਵਿਚ ਬਿਠਾਇਆ ਗਿਆ।''

**ਆਇਤ 40.** ਇਸ ਆਇਤ ਵਿਚ **ਪਾਲ** ਦੁਹਰਾਏ ਗਏ ਫ਼ਰਕ ਯੂਨਾਨੀ ਸ਼ਬਦ ਤੋਂ ਲਿਆ ਗਿਆ ਹੈ। ਇੱਥੇ ਇਹ ਸ਼ਬਦ πρασιαὶ πρασιαὶ (*ਪ੍ਰੇਸੀਏ ਪ੍ਰੇਸੀਏ*) ਹੈ ਜਿਸ ਨੂੰ ਬਾਗ ਦੀਆਂ ਸਬਜ਼ੀਆਂ ਜਾਂ ਫੁੱਲਾਂ ਦੀਆਂ ਕਤਾਰਾਂ ਲਈ ਵਰਤਿਆ ਜਾਂਦਾ ਸੀ।[58] ਭੁੱਖ ਨਾਲ ਪਰੇਸ਼ਾਨ ਲੋਕ ਇਵੇਂ ਲਗ ਰਹੇ ਸਨ "ਜਿਵੇਂ ਹਰੇ ਘਾਹ ਤੇ ਖਿੱਲਰੇ ਜੰਗਲੀ ਫੁੱਲਾਂ ਦੀ ਗੁਦੜੀ ਹੋਵੇ" (6:39; MSG)।

ਲੋਕਾਂ ਦੇ **ਸੌ ਸੌ ਅਤੇ ਪੰਜਾਹਾਂ ਪੰਜਾਹਾਂ** ਦੀ ਪਾਲ ਜਾਂ ਕਤਾਰਾਂ ਵਿਚ ਬੈਠ ਜਾਣ ਤੇ ਗਿਣਤੀ ਕਰਨੀ ਅਸਾਨ ਹੋ ਜਾਣੀ ਸੀ ਅਤੇ ਖਾਣਾ ਅਰਾਮ ਨਾਲ ਵਰਤਾਇਆ ਜਾ ਸਕਣਾ ਸੀ। ਪੁਰਖ ਐਨਾ ਭੋਜਨ ਲੈ ਸਕਦੇ ਸਨ ਕਿ ਉਹ ਆਪਣੀਆਂ ਪਤਨੀਆਂ ਅਤੇ ਬੱਚਿਆਂ ਨਾਲ ਵੰਡ ਸਕਣ। ਮੱਤੀ 14:21 ਸਾਨੂੰ ਦੱਸਦਾ ਹੈ ਕਿ ਗਿਣਤੀ ਵਿਚ ਔਰਤਾਂ ਅਤੇ ਬੱਚਿਆਂ ਨੂੰ ਸ਼ਾਮਿਲ ਨਹੀਂ ਕੀਤਾ ਗਿਆ ਸੀ।

**ਆਇਤ 41.** ਯਿਸੂ ਨੇ **ਪੰਜ ਰੋਟੀਆਂ ਅਤੇ ਦੋ ਮੱਛੀਆਂ ਲੈਕੇ** ਬਰਕਤ ਦਿੱਤੀ। ਬੇਸ਼ੱਕ ਯਿਸੂ ਆਮ ਤੌਰ ਤੇ ਇਵੇਂ ਹੀ ਕਰਦਾ ਹੋਵੇਗਾ। ਇਹ ਸ਼ੁਕਰਗੁਜ਼ਾਰੀ ਕਰਨ ਵਾਂਗ ਹੀ ਹੈ, ਜਿਹੜੀ ਉਹਨੇ ਪ੍ਰਭੂ-ਭੋਜ ਦੀ ਸਥਾਪਨਾ ਵੇਲੇ ਕੀਤੀ ਸੀ (ਮਰਕੁਸ 14:23)। ਕਰਤੱਬ 27:35 ਵਿਚ ਸਾਨੂੰ ਪੌਲੁਸ ਦੀ ਇਹੀ ਉਦਾਹਰਣ ਮਿਲਦੀ ਹੈ। ਖਾਣਾ ਸ਼ੁਰੂ ਕਰਨ ਦਾ ਇਹ ਆਮ ਰਿਵਾਜ਼ ਹੋਵੇਗਾ ਜੋ ਕਿ ਯਿਸੂ ਅਤੇ ਰਸੂਲਾਂ ਦਾ ਵੀ ਸੀ। ਯੂਹੰਨਾ 6:11 ਜਿੱਥੇ ਇਹ ਆਖਦਾ ਹੈ ਕਿ ਯਿਸੂ ਨੇ "ਸ਼ੁਕਰ" ਕੀਤਾ ਉੱਥੇ ਹੀ ਮਰਕੁਸ 14:22 ਉਹਦੇ ਖਾਣੇ ਤੇ ਬਰਕਤ ਦੇਣ ਦੀ ਗੱਲ ਕਹਿੰਦਾ ਹੈ (ਮੱਤੀ 14:19 ਵੇਖੋ; ਲੂਕਾ 9:16)। ਇਸ ਤੋਂ ਇਹ ਪਤਾ ਲਗਦਾ ਹੈ ਕਿ ਬਰਕਤ ਦਿੱਤੇ ਭੋਜਨ ਲਈ ਉਹ ਖ਼ੁਦਾ ਨੂੰ ਧੰਨਵਾਦ ਆਖ ਰਿਹਾ ਸੀ ਅਤੇ ਇਸ ਉੱਤੇ ਉਹਦੀ ਬਰਕਤ ਮੰਗ ਰਿਹਾ ਸੀ। ਦੁਆ ਵਿਚ ਖ਼ੁਦਾ ਦਾ ਨਾਂਅ ਲੈਣ ਨਾਲ ਖਾਣਾ ਸਾਡੀ ਵਰਤਣ ਲਈ ਪਵਿੱਤਰ ਹੋ ਜਾਂਦਾ ਹੈ। "ਕਿਉਂ ਜੋ ਪਰਮੇਸ਼ੁਰ ਦੀ ਉਤਪਤ ਕੀਤੀ ਹੋਈ ਹਰੇਕ ਵਸਤ ਚੰਗੀ ਹੈ ਅਤੇ ਕੋਈ ਤਿਆਗਣ ਦੇ ਜੋਗ ਨਹੀਂ ਜੇ ਕਦੇ ਉਹ ਧੰਨਵਾਦ ਨਾਲ ਲਈ ਜਾਵੇ। ਇਸ ਲਈ ਜੋ ਉਹ ਪਰਮੇਸ਼ੁਰ ਦੇ ਵਚਨ ਨਾਲ ਅਤੇ ਦੁਆ ਨਾਲ ਪਵਿੱਤਰ ਹੋ ਜਾਂਦੀ ਹੈ" (1 ਤਿਮੋਥਿਉਸ 4:4, 5)। ਖਾਣਾ ਮੁਹੱਈਆ ਕਰਵਾਉਣ ਲਈ ਖ਼ੁਦਾ ਦਾ ਸ਼ੁਕਰ ਕਰਨ ਤੋਂ ਬਾਅਦ ਯਿਸੂ ਨੇ **ਰੋਟੀਆਂ ਤੋੜੀਆਂ ਅਤੇ ਲੋਕਾਂ ਦੇ ਅੱਗੇ ਰੱਖਣ ਲਈ ਚੇਲਿਆਂ ਨੂੰ ਦਿੰਦਾ ਗਿਆ ਅਤੇ ਦੋਵੇਂ ਮੱਛੀਆਂ ਉਹ ਨੇ ਸਭਨਾਂ ਵਿੱਚ ਵੰਡੀਆਂ।**

**ਆਇਤਾਂ 42, 43. ਓਹ ਸਾਰੇ ਖਾ ਕੇ ਰੱਜ ਗਏ** ਤਾਂ ਬਚਿਆ ਹੋਇਆ ਖਾਣਾ **ਉਠਾ** ਲਿਆ ਗਿਅ। **ਟੁਕੜਿਆਂ ਦੀਆਂ ਬਾਰਾਂ ਟੋਕਰੀਆਂ ਭਰੀਆਂ ਹੋਈਆਂ** ਉਠਾਉਣ ਦੀ ਸਾਡੇ ਪ੍ਰਭੂ ਦੀ ਸਿਫ਼ਾਰਿਸ਼ ਤੇ ਧਿਆਨ ਦਿੱਤਾ ਜਾਣਾ ਚਾਹੀਦਾ ਹੈ। ਯੂਹੰਨਾ 6:12 ਵਿਚ ਯਿਸੂ ਨੇ ਹੁਕਮ ਦਿੱਤਾ ਕਿ ਬਚੇ ਹੋਏ ਟੁਕੜੇ ਇਕੱਠੇ ਕੀਤੇ ਜਾਣ। ਇਹ "ਟੋਕਰੀਆਂ" ਯਹੂਦੀ ਲੋਕ ਆਮ ਤੌਰ ਤੇ ਆਪਣੇ ਨਾਲ ਜਿੱਥੇ ਵੀ ਜਾਣ ਕੋਸ਼ਰ ਭੋਜਨ ਲੈ ਸਕਣ ਲੈ ਜਾਂਦੇ ਸਨ। ਰੋਮੀ ਲੋਕ ਯਹੂਦੀਆਂ ਦੇ ਅਜਿਹਾ ਕਰਨ ਦਾ ਉਨ੍ਹਾਂ ਦੀਆਂ ਅਜੀਬ ਰਵਾਇਤਾਂ ਆਖ ਕੇ ਮਜ਼ਾਕ ਉਡਾਉਂਦੇ ਸਨ।[59] "ਬਾਰਾਂ ਟੋਕਰੀਆਂ ਭਰੀਆਂ" ਤੋਂ ਇਹ ਸੁਝਾਅ ਮਿਲ ਸਕਦਾ ਹੈ ਕਿ ਹਰ ਰਸੂਲਾਂ ਕੋਲ ਆਉਣ ਵਾਲੇ ਦਿਨਾਂ ਲਈ ਆਪਣਾ ਬਚਿਆ ਹੋਇਆ ਖਾਣਾ ਸੀ। ਰਸੂਲਾਂ ਨੇ ਜਦ ਇਨ੍ਹਾਂ ਬਚੇ ਹੋਏ ਟੁਕੜਿਆਂ ਵਿੱਚੋਂ ਖਾਣਾ ਸੀ ਜੋ ਕਿ ਸ਼ਾਇਦ ਅਗਲੇ ਕਈ ਹਫ਼ਤਿਆਂ ਤਕ ਚੱਲਣਾ ਸੀ, ਤਾਂ ਉਨ੍ਹਾਂ ਨੇ ਇਸ ਮੋਅਜਜ਼ੇ ਨੂੰ ਯਾਦ ਕਰਦੇ ਰਹਿਣਾ ਸੀ। ਸਾਨੂੰ ਹੈਰਾਨੀ ਹੋ ਸਕਦੀ ਹੈ ਕਿ ਉਜਾੜ ਵਿਚ "ਫ਼ਰਿਸ਼ਤਿਆਂ ਦੀ ਰੋਟੀ" ਲਗਾਤਾਰ ਖਾਂਦੇ ਰਹਿਣ ਤੇ ਇਸਰਾਏਲੀਆਂ ਵਾਂਗ ਉਨ੍ਹਾਂ ਨੇ ਵੀ ਕਿਤੇ ਇੱਕੋ ਖਾਣਾ ਖਾਂਦੇ ਰਹਿਣ ਦੀ ਸ਼ਿਕਾਇਤ ਨਾ ਕੀਤੀ ਹੋਵੇ (ਵੇਖੋ ਗਿਣਤੀ 11:6; ਜ਼ਬੂਰ 78:25)।

ਸੁਭਾਵਕ ਹੈ ਕਿ ਇਸ ਮੋਅਜਜ਼ੇ ਤੇ ਸ਼ੱਕ ਕਰਨ ਵਾਲਿਆਂ ਤੇ ਹਮਲੇ ਹੋਏ ਹਨ। ਕਈਆਂ ਦਾ ਦਾਅਵਾ ਹੈ ਕਿ ਜਦੋਂ ਛੋਟੇ ਮੁੰਡੇ ਨੇ ਆਪਣੀਆਂ ਰੋਟੀਆਂ ਅਤੇ ਮੱਛੀਆਂ ਦਿੱਤੀਆਂ, ਤਾਂ ਭੀੜ ਦੇ ਦੂਜੇ ਲੋਕ ਸ਼ਰਮਸਾਰ ਹੋਏ ਅਤੇ ਉਹ ਵੀ ਆਪੋ ਆਪਣਾ ਖਾਣਾ ਲੈ ਆਏ। ਜੇ ਅਜਿਹਾ ਹੈ ਤਾਂ ਬਚੀਆਂ

ਹੋਈਆਂ ਐਨੀਆਂ ਰੋਟੀਆਂ ਅਤੇ ਮੱਛੀਆਂ ਲਈ ਕੀ ਕਿਹਾ ਜਾ ਸਕਦਾ ਹੈ?

**ਆਇਤ 44.** ਇਸ ਮੌਕੇ ਤੇ ਕੁੱਲ **ਪੰਜ ਹਜ਼ਾਰ ਮਰਦ** ਸਨ ਜਿਨ੍ਹਾਂ ਨੇ ਖਾਣਾ ਖਾਧਾ। ''ਮਰਦ'' ਲਈ ἀνήρ (*ਅਨੇਰ*, ਨਰ) ਸ਼ਬਦ ਹੈ, ਨਾ ਕਿ ਆਮ ਸ਼ਬਦ ἄνθρωπος (*ਐਂਥ੍ਰੋਪੋਸ*) ਹੈ, ਜਿਸ ਵਿਚ ਆਮ ਤੌਰ ਤੇ ਔਰਤਾਂ ਸ਼ਾਮਿਲ ਹੁੰਦੀਆਂ ਹਨ।

ਯੂਹੰਨਾ ਨੇ ਇਹ ਨਿਚੋੜ ਦਿੱਤਾ, ''ਉਪਰੰਤ ਉਨ੍ਹਾਂ ਲੋਕਾਂ ਨੇ ਇਹ ਨਿਸ਼ਾਨ ਜਿਹੜਾ ਉਸ ਨੇ ਵਿਖਾਇਆ ਸੀ ਵੇਖ ਕੇ ਕਿਹਾ ਕਿ ਸੱਚੀ ਮੁੱਚੀ ਇਹ ਉਹੋ ਨਬੀ ਹੈ ਜਿਹੜਾ ਜਗਤ ਵਿਚ ਆਉਣ ਵਾਲਾ ਹੈ'' (ਯੂਹੰਨਾ 6:14)। ਭੀੜ ਵਿਚ ਭਾਵੇਂ ਬਹੁਤ ਸਾਰੇ ਗੈਰਕੌਮ ਲੋਕ ਹੋਣਗੇ, ਪਰ ਉਨ੍ਹਾਂ ਨੇ ਵੀ ਅਜਿਹੇ ਹੀ ਮੋਅਜਜ਼ੇ ਬਾਰੇ ਸੁਣਿਆ ਹੋਵੇਗਾ ਜਿਸ ਨਾਲ ਏਲੀਆਹ ਦੀ ਨਬੂਵਤੀ ਸ਼ਕਤੀ ਨੂੰ ਮਾਨਤਾ ਦੇਣ ਵਿਚ ਮਦਦ ਮਿਲੀ ਸੀ (2 ਰਾਜਿਆਂ 4:42–44)। ਉਨ੍ਹਾਂ ਨੇ ਯਿਸੂ ਨੂੰ ਪੁਰਾਣੇ ਨੇਮ ਦੇ ਨਬੀਆਂ ਵਰਗਾ ਮੰਨ ਲਿਆ।

ਪੰਜ ਹਜ਼ਾਰ ਮਰਦਾਂ ਨੂੰ ਖੁਆਉਣ ਦੇ ਇਸ ਮੋਅਜਜ਼ੇ ਤੋਂ ਅਗਲੇ ਦਿਨ ਯਿਸੂ ਨੇ ਜ਼ਿੰਦਗੀ ਦੀ ਰੋਟੀ ਮੁਹੱਈਆ ਕਰਵਾ ਇਕ ਉਪਦੇਸ਼ ਦਿੱਤਾ। ਲੋਕ ''ਜ਼ਿੰਦਗੀ ਦੀ ਰੋਟੀ'' ਲੱਭ ਰਹੇ ਸਨ ਅਤੇ ਯਿਸੂ ਨੇ ਸਰੀਰਕ ਰੋਟੀ ਦੇ ਦਿੱਤੀ। ''ਸੁਰਗੀ ਰੋਟੀ'' ਉਹ ਆਤਿਮਕ ਭੋਜਨ ਹੈ ਜਿਸ ਨਾਲ ਜ਼ਿੰਦਗੀ ਮਿਲਦੀ ਹੈ (ਯੂਹੰਨਾ 6:32)। ਯੂਹੰਨਾ 6:63 ਵਿਚ ਯਿਸੂ ਨੇ ਇਹ ਸਮਝਾਇਆ, ''ਜੀਉਦਾਤਾ ਤਾਂ ਆਤਮਾ ਹੈ। ਮਾਸ ਤੋਂ ਕੁਝ ਲਾਭ ਨਹੀਂ। ਜਿਹੜੀਆਂ ਗੱਲਾਂ ਮੈਂ ਤੁਹਾਨੂੰ ਆਖੀਆਂ ਹਨ ਓਹ ਆਤਮਾ ਹਨ ਅਤੇ ਜੀਉਣ ਹਨ।'' ਰੂਹਾਨੀ ਜ਼ਿੰਦਗੀ ਪਾਉਣ ਲਈ ਸਾਨੂੰ ਮਸੀਹ ਦੀਆਂ ''ਗੱਲਾਂ'' ਨੂੰ ਖਾਂਦੇ ਰਹਿਣਾ ਚਾਹੀਦਾ ਹੈ।

## ਯਿਸੂ ਗਲੀਲ ਦੀ ਝੀਲ ਤੇ ਚੱਲਦਾ ਹੈ (6:45-52)[60]

**45ਫੇਰ ਉਹ ਨੇ ਓਸੇ ਵੇਲੇ ਆਪਣੇ ਚੇਲਿਆਂ ਨੂੰ ਤਗੀਦ ਕੀਤੀ ਭਈ ਜਦ ਤੀਕਰ ਮੈਂ ਭੀੜ ਨੂੰ ਵਿਦਿਆ ਕਰਾਂ ਤੁਸੀਂ ਬੇੜੀ ਉੱਤੇ ਚੜ੍ਹ ਕੇ ਮੈਥੋਂ ਪਹਿਲਾਂ ਬੈਤਸੈਦਾ ਨੂੰ ਪਾਰ ਲੰਘੋ 46ਅਤੇ ਉਨ੍ਹਾਂ ਨੂੰ ਤੋਰ ਕੇ ਉਹ ਆਪ ਪ੍ਰਾਰਥਨਾ ਕਰਨ ਲਈ ਪਹਾੜ ਉੱਤੇ ਚੱਲਿਆ ਗਿਆ 47ਅਰ ਜਾਂ ਸੰਝ ਹੋਈ ਤਾਂ ਬੇੜੀ ਝੀਲ ਦੇ ਵਿਚਾਲੇ ਸੀ ਅਤੇ ਉਹ ਇਕੱਲਾ ਹੀ ਕੰਢੇ ਉੱਤੇ ਸੀ 48ਜਾਂ ਉਸ ਨੇ ਉਨ੍ਹਾਂ ਨੂੰ ਚੱਪੇ ਲਾਉਣ ਵਿੱਚ ਔਖਾ ਵੇਖਿਆ ਕਿਉਂ ਜੋ ਪੌਣ ਸਾਹਮਣੀ ਸੀ ਤਾਂ ਰਾਤ ਦੇ ਪਿਛਲੇ ਪਹਿਰ ਉਹ ਝੀਲ ਦੇ ਉੱਤੋਂ ਦੀ ਤੁਰਦਿਆਂ ਉਨ੍ਹਾਂ ਦੀ ਵੱਲ ਆਇਆ ਅਤੇ ਉਨ੍ਹਾਂ ਤੋਂ ਅੱਗੇ ਵਧਣ ਨੂੰ ਕਰਦਾ ਸੀ 49ਪਰ ਜਾਂ ਉਨ੍ਹਾਂ ਉਸ ਨੂੰ ਝੀਲ ਉੱਤੇ ਤੁਰਦਿਆਂ ਵੇਖਿਆ ਤਾਂ ਉਸ ਨੂੰ ਭੂਤਨਾ ਜਾਣ ਕੇ ਡਡਿਆ ਉੱਠੇ 50ਕਿਉਂਕਿ ਓਹ ਸਭ ਉਸ ਨੂੰ ਵੇਖ ਕੇ ਘਬਰਾ ਗਏ ਸਨ ਅਤੇ ਉਸ ਨੇ ਓਵੇਂ ਉਨ੍ਹਾਂ ਨਾਲ ਗੱਲਾਂ ਕਰ ਕੇ ਉਨ੍ਹਾਂ ਨੂੰ ਕਿਹਾ, ਹੌਸਲਾ ਰੱਖੋ, ਮੈਂ ਹਾਂ, ਨਾ ਡਰੋ! 51ਤਦ ਉਹ ਬੇੜੀ ਉੱਤੇ ਉਨ੍ਹਾਂ ਕੋਲ ਚੜ੍ਹ ਗਿਆ ਅਤੇ ਪੌਣ ਥੰਮ੍ਹ ਗਈ। ਤਦ ਓਹ ਆਪਣੇ ਮਨਾਂ ਵਿੱਚ ਡਾਢੇ ਅਚਰਜ ਹੋਏ 52ਕਿਉਂ ਜੋ ਉਨ੍ਹਾਂ ਨੇ ਉਨ੍ਹਾਂ ਰੋਟੀਆਂ ਦੀ ਗੱਲ ਨਹੀਂ ਸੀ ਸਮਝੀ ਪਰ ਉਨ੍ਹਾਂ ਦੇ ਦਿਲ ਸੁੰਨ ਹੋਏ ਹੋਏ ਸਨ।**

**ਆਇਤਾਂ 45, 46.** ਲੋਕਾਂ ਨਾਲ ਰੁਝੇਵੇਂ ਭਰੇ ਦਿਨ ਤੋਂ ਬਾਅਦ ਯਿਸੂ ਨੇ ਆਪਣੇ ਪਿਤਾ ਨਾਲ ਗੱਲ ਕਰਨ ਲਈ ਇਕਾਂਤ ਚਾਹਿਆ। ਯੂਹੰਨਾ 6:15 ਦੱਸਦਾ ਹੈ ਕਿ ਭੀੜ ਯਿਸੂ ਨੂੰ ਜ਼ਬਰਦਸਤੀ ਰਾਜਾ ਬਨਾਉਣਾ ਚਾਹੁੰਦੀ ਸੀ ਅਤੇ ਉਹਦੇ ਜਾਣ ਦਾ ਇਹ ਵੀ ਇਕ ਕਾਰਨ ਸੀ। ਇਹ ਉਸ ਦੇ ਜੋ ਉਹ ਚਾਹੁੰਦਾ ਸੀ, ਬਿਲਕੁਲ ਉਲਟ ਸੀ (ਵੇਖੋ ਯੂਹੰਨਾ 18:36)। ਹੋ ਸਕਦਾ ਹੈ ਕਿ ਉਸ ਦੇ ਕਾਫ਼ੀ ਦੇਰ ਤਕ ਦੁਆ ਕਰਨ ਦੀ ਗੱਲ ਨੂੰ ਸਮਝਣਾ ਅਤੇ ਨਕਲ ਕਰਨਾ ਸਾਡੇ ਲਈ ਮੁਸ਼ਕਿਲ ਹੋਵੇ। ਯਿਸੂ

ਦੀ ਦੁਆਈਆ ਜ਼ਿੰਦਗੀ ਇਕ ਅਜਿਹਾ ਨਮੂਨਾ ਛੱਡ ਦਿੰਦੀ ਹੈ ਜਿਸ ਨੂੰ ਬਹਤੁ ਘਟ ਲੋਕ ਸਮਝ ਜਾਂ ਮੰਨ ਸਕਦੇ ਹਨ। ਉਹ ਇਕੱਲਿਆਂ ਖ਼ੁਦਾ ਨਾਲ ਗੰਭੀਰ ਗੱਲਬਾਤ ਕਰ ਰਿਹਾ ਸੀ, ਨਾ ਕਿ ਲੋਕਾਂ ਦੇ ਸਾਹਮਣੇ ਛੋਟੀਆਂ ਛੋਟੀਆਂ ਦੁਆਵਾਂ ਕਰ ਰਿਹਾ ਸੀ।

ਯਿਸੂ ਦੁਆ ਵਿਚ ਖ਼ਾਸ ਤੌਰ ਤੇ ਮੁਸ਼ਕਿਲ ਸਮਿਆਂ ਵਿਚ, ਪੂਰੀ ਪੂਰੀ ਰਾਤ ਬਿਤਾ ਸਕਦਾ ਸੀ। ਲੂਕਾ 6:12 ਵਿਚ ਅਸੀਂ ਇਸ ਨੂੰ ਵੇਖਦੇ ਹਾਂ, ਜਦੋਂ ਉਸ ਨੇ ਅਗਲੇ ਦਿਨ ਆਪਣੇ ਰਸੂਲਾਂ ਨੂੰ ਚੁਣਨਾ ਸੀ। ਇਸ ਮੌਕੇ ਤੇ ਉਹਦੇ ਦੁਆ ਵਿਚ ਬਿਤਾਏ ਸਮੇਂ ਨੂੰ ਕਿਸੇ ਪਿਆਰੇ ਦੋਸਤ ਜਾਂ ਪਰਿਵਾਰ ਦੇ ਮੈਂਬਰ ਨਾਲ ਜਿਸ ਨੂੰ ਅਸੀਂ ਕਾਫ਼ੀ ਦਿਨਾਂ ਤੋਂ ਨਾ ਵੇਖਿਆ ਹੋਵੇ ਫ਼ੋਨ ਤੇ ਲੰਮੀ ਗੱਲਬਾਤ ਨਾਲ ਮਿਲਾਇਆ ਜਾ ਸਕਦਾ ਹੈ। ਅਨਾਦੀਕਾਲ ਵਿਚ ਸਾਨੂੰ ਖ਼ੁਦਾ ਨਾਲ ਅਜਿਹੀ ਨਜ਼ਦੀਕੀ ਮਿਲ ਸਕਦੀ ਹੈ।

ਸਾਨੂੰ ''ਆਦਰਸ਼ ਪ੍ਰਾਰਥਨਾ'' ਦੇਣ ਵੇਲੇ ਯਿਸੂ ਨੇ ਉਨ੍ਹਾਂ ਸ਼ਬਦਾਂ ਦੀ ਵਰਤੋਂ ਕੀਤੀ ਜਿਨ੍ਹਾਂ ਨਾਲ ਪੰਝੀ ਸਕਿੰਟਾਂ ਵਿਚ ਅਸਾਨੀ ਨਾਲ ਦੁਆ ਕੀਤੀ ਜਾ ਸਕਦੀ ਹੈ। ਬੇਸ਼ੱਕ ਇਹ ਸਿਰਫ਼ ਇਕ ਨਮੂਨਾ ਸੀ ਭਾਵ ਇਕ ਰੂਪਰੇਖਾ ਜਿਸਨੂੰ ਅਜਿਹੇ ਮਾਮਲਿਆਂ ਤੇ ਖ਼ੁਦਾ ਨਾਲ ਗੱਲਬਾਤ ਕਰਨ ਦੌਰਾਨ ਵਿਸਤਾਰ ਦਿੱਤਾ ਜਾ ਸਕਦਾ ਹੈ।

ਯਿਸੂ ਦੀਆਂ ਦੁਆਵਾਂ ਉਪਦੇਸ਼ ਭਰੀਆਂ ਹਨ:[61] ਪਹਿਲਾਂ ਤਾਂ ਉਹ ਨਿਰਸੁਆਰਥ ਹਨ। ਲੂਕਾ 22:32 ਸਾਨੂੰ ਪਤਰਸ ਦੇ ਵਿਸ਼ਵਾਸ ਤੋਂ ਨਾ ਡੋਲਣ ਲਈ ਉਸ ਦੀ ਦੁਆ ਨੂੰ ਦੱਸਦਾ ਹੈ। ਦੂਜਾ, ਉਹ ਮਾਫ਼ ਕਰਨ ਵਾਲੀ ਦੁਆ ਕਰਦਾ ਸੀ (ਲੂਕਾ 23:34)। ਤੀਜਾ, ਉਹਦੀਆਂ ਦੁਆਵਾਂ ਜੋਸ਼ ਨਾਲ ਭਰੀਆਂ ਹੋਈਆਂ ਅਤੇ ਬੜੀ ਈਮਾਨਦਾਰੀ ਨਾਲ ਕੀਤੀਆਂ ਗਈਆਂ ਹੁੰਦੀਆਂ ਸਨ (ਮੱਤੀ 26:39, 53, 54)। ਅਖ਼ੀਰ ਵਿਚ ਉਹਦੀਆਂ ਦੁਆਵਾਂ ਦਿਲੋਂ ਹੁੰਦੀਆਂ ਸਨ। ਯਿਸੂ ਅਗਲੇ ਚੌਵ੍ਹੀ ਘੰਟਿਆਂ ਵਿਚ ਜੋ ਕੁਝ ਹੋਣ ਵਾਲਾ ਸੀ ਉਸ ਤੋਂ ਬਚਾਅ ਵਿਚ ਮਦਦ ਲਈ 72,000 ਤੋਂ ਵੱਧ ਫ਼ਰਿਸ਼ਤਿਆਂ (''ਬਾਰਾਂ ਫ਼ੌਜਾਂ'';[62] ਮੱਤੀ 26:53) ਨੂੰ ਸੱਦਣ ਲਈ ਦੁਆ ਕਰ ਸਕਦਾ ਸੀ। ਪਰ ਇਹ ਉਹਦੇ ਲਈ ਪਿਤਾ ਦੀ ਇੱਛਾ ਨਹੀਂ ਸੀ। ਉਹਨੇ ਦੁਆ ਕੀਤੀ, ''... ਮੇਰੀ ਮਰਜ਼ੀ ਨਹੀਂ ਪਰ ਤੇਰੀ ਹੋਵੇ'' (ਲੂਕਾ 22:42)।

ਲੋਕਾਂ ਦੀ ਭੀੜ ਨੂੰ ਖੁਆਉਣ ਤੋਂ ਬਾਅਦ ਯਿਸੂ ਨੇ **ਆਪਣੇ ਚੇਲਿਆਂ ਨੂੰ ਤਗੀਦ ਕੀਤੀ ਭਈ ਜਦ ਤੀਕਰ ਮੈਂ ਭੀੜ ਨੂੰ ਵਿਦਿਆ ਕਰਾਂ ਤੁਸੀਂ ਬੇੜੀ ਉੱਤੇ ਚੜ੍ਹ ਕੇ ਮੈਥੋਂ ਪਹਿਲਾਂ ਬੈਤਸੈਦਾ ਨੂੰ ਪਾਰ ਲੰਘੋ।** ਜਦ ਸਾਰੇ ਚਲੇ ਗਏ **ਤਾਂ ਉਹ ਆਪ ਪ੍ਰਾਰਥਨਾ ਕਰਨ ਪਹਾੜ ਉੱਤੇ ਚਲਿਆ ਗਿਆ।** ਉਸ ਨੇ ਅਜਿਹਾ ਕਿਉਂ ਕੀਤਾ? ਭੀੜ ਦੇ ਯਿਸੂ ਨੂੰ ਰਾਜਾ ਬਨਾਉਣ ਦੀ ਕੋਸ਼ਿਸ਼ ਕਰਨ ਦਾ ਖ਼ਤਰਾ ਮੋਅਜਜ਼ਾ ਕਰਨ ਤੋਂ ਬਾਅਦ ਹੋਇਆ (ਯੂਹੰਨਾ 6:15)। ਇਹ ਇਕ ਅਜਿਹਾ ਲਾਲਚ ਸੀ ਜਿਹਦਾ ਸਾਹਮਣਾ ਕਰਨ ਲਈ ਰਸੂਲ ਅਜੇ ਤਿਆਰ ਨਹੀਂ ਸਨ; ਉਹ ਉਸ ਨੂੰ ਰਾਜਾ ਬਨਾਉਣ ਦੀ ਕੋਸ਼ਿਸ਼ ਵਿਚ ਭੀੜ ਨਾਲ ਰਲ ਸਕਦੇ ਸਨ, ਜਿਸ ਨਾਲ ਉਨ੍ਹਾਂ ਨੇ ਪਿਤਾ ਅਤੇ ਮਸੀਹ ਦੀ ਮੰਸ਼ਾ ਉੱਤੇ ਪਾਣੀ ਫੇਰ ਦੇਣਾ ਸੀ। ਰਾਜ ਦੇ ਉਨ੍ਹਾਂ ਦੇ ਵਿਚਾਰ ਜ਼ਿਆਦਾ ਹੀ ਸਿਆਸੀ ਸਨ। ਲੋਕਾਂ ਲਈ ਸੰਸਾਰ ਨੂੰ ਭੁੱਲ ਕੇ ਪ੍ਰਭੂ ਦੇ ਸੁਰਗੀ ਉਦੇਸ਼ਾਂ ਉੱਤੇ ਵਿਚਾਰ ਕਰਨਾ ਮੁਸ਼ਕਿਲ ਹੁੰਦਾ ਹੈ!

ਇਸ ਤੋਂ ਛੁੱਟ ਰਸੂਲਾਂ ਨੂੰ ਆਪਣੇ ਵਿਸ਼ਵਾਸ ਨੂੰ ਮਜ਼ਬੂਤ ਕਰਨ ਲਈ ਇਕ ਹੋਰ ਸਬਕ ਦੀ ਲੋੜ ਸੀ। ਪੰਜ ਹਜ਼ਾਰ ਤੋਂ ਵੱਧ ਲੋਕਾਂ ਨਾਲ ਖਾਣ ਨਾਲ ਉਨ੍ਹਾਂ ਦੇ ਮਨ ਵਿਚ ਆ ਗਿਆ ਹੋਵੇਗਾ ਕਿ ਉਨ੍ਹਾਂ ਨੂੰ ਰੂਹਾਨੀ ਬੁਲੰਦੀਆਂ ਪ੍ਰਾਪਤ ਹੋ ਗਈਆਂ ਹਨ। ਪਰ ਅਜੇ ਵੀ ਉਹ ਰੂਹਾਨੀ ਤੌਰ ਤੇ ਵੱਡੇ ਨਹੀਂ ਹੋਏ ਸਨ। 6:52 ਵਿਚ ਸਾਨੂੰ ਪਤਾ ਲਗਦਾ ਹੈ ਕਿ ਉਹ ਰੋਟੀਆਂ ਅਤੇ ਮੱਛੀਆਂ ਦੇ ਚਮਤਕਾਰ ਨੂੰ ਯਿਸੂ ਦੇ ਮਕਸਦ ਦੀ ਚੰਗੀ ਤਰ੍ਹਾਂ ਨਾਲ ਸਮਝ ਪਾਉਣ ਲਈ ਵਰਤੋਂ ਨਹੀਂ ਕਰ ਰਹੇ ਸਨ।

ਕੁਝ ਲੋਕ ਆਮ ਮਸੀਹੀ ਜੀਵਨ ਲਈ ਆਪਣੇ ਵਿਸ਼ਵਾਸ ਦੀ ਤਿਆਰੀ ਲਈ ਖ਼ਾਸ ਆਤਮਿਕ ਅਨੁਭਵ ਪਾਉਣਾ ਚਾਹੁੰਦੇ ਹਨ। ਪਰ ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਅਸੀਂ ਭਾਵਨਾਵਾਂ ਨਾਲ ਨਹੀਂ

ਬਲਕਿ ਨਿਹਚਾ ਨਾਲ ਚਲਦੇ ਹਾਂ (2 ਕੁਰਿੰਥੀਆਂ 5:7)। ਇਹੀ ਕਾਰਣ ਹੈ ਕਿ ਆਤਮਿਕ ਦਾਤਾਂ ਦੀ ਦੁਰਵਰਤੋਂ ਹੋਣ ਤੇ ਪਹਿਲੀ ਸਦੀ ਦੀ ਕਲੀਸੀਆ ਵਿਚ ਸਚਮੁਚ ਵਿਚ ਕਮਜ਼ੋਰੀ ਆ ਸਕਦੀ ਸੀ। ਕਿਸੇ ਨੂੰ ਨਿੱਜੀ ਤੌਰ ਤੇ ਸੰਤੁਸ਼ਟ ਕਰਨ ਲਈ ਇਨ੍ਹਾਂ ਚਮਤਕਾਰੀ ਦਾਨਾਂ (ਜਿਵੇਂ ਗੈਰ−ਜ਼ਬਾਨਾਂ ਬੋਲਣ) ਨਾਲ ਸਿਰਫ਼ ਰੂਹਾਨੀ ਘਮੰਡ ਆ ਸਕਦਾ ਹੈ।

**ਆਇਤਾਂ 47, 48.** ਇਸ ਤੋਂ ਪਹਿਲਾਂ ਇਕ ਵਾਰ ਯਿਸੂ ਉਪਦੇਸ਼ ਦੇ ਇਕ ਰੋਮਾਂਚ ਭਰੇ ਦਿਨ ਤੋਂ ਬਾਅਦ ਆਪਣੇ ਰਸੂਲਾਂ ਨੂੰ ਇਕ ਤੂਫ਼ਾਨ ਵਿਚ ਲੈ ਗਿਆ (ਵੇਖੋ ਮਰਕੁਸ 4:35−41)। ਹਰ ਨਵੀ ਅਜ਼ਮਾਇਸ਼ ਲਈ ਹੋਰ ਵੱਧ ਅਜ਼ਮਾਇਸ਼ ਦੀ ਲੋੜ ਸੀ। ਬੇੜੀ ਵਿਚ ਪਹਿਲਾਂ ਯਿਸੂ ਉਨ੍ਹਾਂ ਦੇ ਨਾਲ ਸੀ; ਪਰ ਇਸ ਵਾਰ ਉਹ ਇਕੱਲੇ ਸਨ। ਯਿਸੂ ਪਹਾੜ ਤੇ ਪ੍ਰਾਰਥਨਾ ਕਰ ਰਿਹਾ ਸੀ, ਸ਼ਾਇਦ ਖ਼ੁਦਾ ਨਾਲ ਉਨ੍ਹਾਂ ਦੀ ਜ਼ਿੰਦਗੀ ਦੀਆਂ ਮੁਸ਼ਕਿਲਾਂ ਆਉਣ ਤੇ ਉਨ੍ਹਾਂ ਨੂੰ ਆਪਣੇ ਵਿਸ਼ਵਾਸ ਦੀ ਵਰਤੋਂ ਕਰਨ ਵਿਚ ਮਦਦ ਲਈ। ਉਨ੍ਹਾਂ ਲਈ ਅਜੇ ਵੀ ਬਹੁਤ ਕੁਝ ਸਿੱਖਣਾ ਬਾਕੀ ਸੀ। ਪਾਠਕ ਲਈ ਇਹ ਹੈਰਾਨ ਕਰਨ ਵਾਲਾ ਹੋ ਸਕਦਾ ਹੈ ਕਿ 6:52 ਦੇ ਮੁਤਾਬਿਕ ਕਿ ''ਉਨ੍ਹਾਂ ਦੇ ਦਿਲ ਸੁੰਨ ਹੋਏ ਹੋਏ ਸਨ।''

**ਸੰਝ** ਫੇਰ ਹੋ ਗਈ ਸੀ ਅਤੇ **ਬੇੜੀ ਝੀਲ ਦੇ ਵਿਚਾਲੇ ਸੀ।** ਯਿਸੂ ਭਾਵੇਂ ਅਜੇ **ਕੰਢੇ ਉੱਤੇ ਸੀ,** ਪਰ ਉਹ ਵੇਖ ਸਕਦਾ ਸੀ ਕਿ ਉਹਦੇ ਰਸੂਲਾਂ ਨੂੰ **ਚੱਪੇ ਲਾਉਣ ਵਿਚ ਔਖ** ਆ ਰਹੀ ਸੀ। **ਕਿਉਂ ਜੋ ਪੌਣ ਸਾਹਮਣੀ ਸੀ। ਝੀਲ ਦੇ ਉੱਤੋਂ ਦੀ ਤੁਰਦਿਆਂ** ਉਹ ਉਨ੍ਹਾਂ ਕੋਲ ਗਿਆ ਅਤੇ **ਰਾਤ ਦੇ ਪਿਛਲੇ ਪਹਿਰ** ਭਾਵ ਆਖ਼ਰੀ ਹਿੱਸੇ (3:00 ਤੋਂ 6:00 ਵਜੇ ਸਵੇਰੇ) ਉਨ੍ਹਾਂ ਨਾਲ ਜਾ ਮਿਲਿਆ; ਪਰ ਅਸਲ ਵਿਚ ਉਹ **ਉਨ੍ਹਾਂ ਤੋਂ ਅੱਗੇ ਵਧਣ ਨੂੰ ਕਰਦਾ ਸੀ।** ਸ਼ਾਇਦ ਯਿਸੂ ਨੇ ਜਾਣ−ਬੁੱਝ ਕੇ ਉਨ੍ਹਾਂ ਨੂੰ ਖ਼ਤਰੇ ਦਾ ਸਾਹਮਣਾ ਕਰਨ ਦਿੱਤਾ; ਕਿਉਂ ਜੋ ਇਸ ਨਾਲ ਉਨ੍ਹਾਂ ਨੇ ਉਹਦੇ ਉੱਥੇ ਹੋਣ ਲਈ ਹੋਰ ਵੀ ਸ਼ੁਕਰਗੁਜ਼ਾਰ ਹੋਣਾ ਸੀ। ਭਲਾ ਕਈ ਵਾਰ ਅਜਿਹਾ ਲਗਦਾ ਹੈ ਕਿ ਯਿਸੂ ''ਕੋਲੋਂ ਦੀ ਲੰਘ ਰਿਹਾ'' ਹੈ ਜਦੋਂ ਸਾਨੂੰ ਉਹਦੀ ਸਭ ਤੋਂ ਵੱਧ ਲੋੜ ਹੁੰਦੀ ਹੈ? ਹੋ ਸਕਦਾ ਹੈ ਕਿ ਉਹ ਸਾਨੂੰ ਅਜ਼ਮਾਇਸ਼ਾਂ ਦਾ ਸਾਹਮਣਾ ਕਰਨ ਦੇਵੇ, ਜਿਸ ਨਾਲ ਸਾਨੂੰ ਰੂਹਾਨੀ ਤੌਰ ਤੇ ਵਧਣ ਵਿਚ ਮਦਦ ਮਿਲੇ।

**ਆਇਤਾਂ 49, 50.** ਗਲੀਲ ਦੀ ਝੀਲ ਤੇ ਅਨ੍ਹੇਰੀਆਂ ਉਦੋਂ ਵੀ ਆ ਸਕਦੀਆਂ ਹਨ ਜਦੋਂ ਮੌਸਮ ਸਾਫ਼ ਹੁੰਦਾ ਹੈ। ਸ਼ਾਇਦ ਪੂਰਣਮਾਸੀ ਵਿਚ ਯਿਸੂ ਅਤੇ ਉਹਦੇ ਰਸੂਲ ਝੀਲ ਉੱਤੇ ਇਕ ਦੂਜੇ ਨੂੰ ਵੇਖ ਸਕਦੇ ਸਨ। ਫਿਰ ਵੀ ਉਹਦੇ ਖਲੋ ਕੇ ਲਹਿਰਾਂ ਦੇ ਉੱਠਣ ਅਤੇ ਬੈਠਣ ਨਾਲ ਉਸ ਦੇ ਉੱਠਣ ਅਤੇ ਝੁਕਣ ਨਾਲ ਉਨ੍ਹਾਂ ਨੂੰ ਲੱਗਾ ਕਿ ਕੋਈ **ਭੂਤਨਾ** (φάντασμα, *ਫ਼ੈਨਟੈਸਮਾ*) ਹੈ। ਜਦਕਿ ਉਹ **ਝੀਲ ਉੱਤੇ ਤੁਰ** ਰਿਹਾ ਸੀ ਨਾ ਕਿ ਇਸ ਦੇ ਵਿਚ ਦੀ। ਪਹਿਲੀ ਸਦੀ ਦੇ ਯਹੂਦੀਆਂ ਵਿਚ ਅੰਧਵਿਸ਼ਵਾਸ ਹੁੰਦੇ ਸਨ ਜਿਨ੍ਹਾਂ ਨੂੰ ਮਸੀਹ ਦੇ ਪ੍ਰਕਾਸ਼ਨਾਂ ਨਾਲ ਇਕਦਮ ਦੂਰ ਨਹੀਂ ਕੀਤਾ ਗਿਆ। ਬਾਅਦ ਵਿਚ ਉਨ੍ਹਾਂ ਨੇ ਪਤਰਸ ਨੂੰ ''ਉਹਦਾ ਦੂਤ'' ਸੋਚ ਲਿਆ ਸੀ ਜਦਕਿ ਉਹ ਚਮਤਕਾਰੀ ਢੰਗ ਨਾਲ ਜੇਲ੍ਹ ਤੋਂ ਛੁੱਟਿਆ ਸੀ (ਕਰਤੱਬ 12:15)।

**ਓਹ ਸਭ ਉਸ ਨੂੰ ਵੇਖ ਕੇ ਘਬਰਾ ਗਏ ਸਨ।** ਡਰ ਜਾਣ ਤੇ ਆਦਮੀ ਦੇ ਮਨ ਵਿਚ ਕਈ ਤਰ੍ਹਾਂ ਦੇ ਵਿਚਾਰ ਆ ਸਕਦੇ ਹਨ। ਰਸੂਲਾਂ ਦਾ ''ਡਰ'' (ταράσσω, *ਟਰਾਸੋ*) ਮੱਤੀ 2:2 ਵਿਚ ''ਯਹੂਦੀਆਂ ਦੇ ਪਾਤਸ਼ਾਹ'' ਦੇ ਪੈਦਾ ਹੋਣ ਦੀ ਗੱਲ ਦੱਸੇ ਜਾਣ ਤੇ ਹੇਰੋਦੇਸ ਦੇ ਡਰ ਦੇ ਵਰਣਨ ਲਈ ਵਰਤੇ ਗਏ ਇਸੇ ਸ਼ਬਦ ਦਾ ਅਨੁਵਾਦ ''ਘਬਰਾਇਆ'' (ਪਰੇਸ਼ਾਨ ਹੋਇਆ; NIV) ਹੋਇਆ ਹੈ। **ਉਵੇਂ** ਯਿਸੂ ਨੇ ਆਪਣੇ ਡਰੇ ਹੋਏ ਚੇਲਿਆਂ ਨੂੰ ਆਪਣੀ ਪਛਾਣ ਦੱਸੀ ਅਤੇ ਕਿਹਾ, **''ਹੌਸਲਾ ਰੱਖੋ, ਮੈਂ ਹਾਂ, ਨਾ ਡਰੋ!''**

**ਆਇਤਾਂ 51, 52.** ਮਰਕੁਸ ਪਤਰਸ ਦੇ ਪਾਣੀ ਉੱਤੇ ਚੱਲਣ ਦੀ ਕੋਈ ਗੱਲ ਨਹੀਂ ਕਰਦਾ। ਇਹ ਬਿਓਰਾ ਸਿਰਫ਼ ਮੱਤੀ 14:28−31 ਵਿਚ ਹੈ। ਪਤਰਸ ਭਾਵੇਂ ਯਿਸੂ ਵੱਲ ਨੂੰ ਚੱਲਣ ਲਈ ਬੇੜੀ ਵਿੱਚੋਂ ਬਾਹਰ ਨਿੱਕਲ ਆਇਆ ਪਰ ਤੂਫ਼ਾਨ ਨੂੰ ਵੇਖ ਕੇ ਉਹਦਾ ਵਿਸ਼ਵਾਸ ਡਗਮਗਾ ਗਿਆ। ਤਾਂ ਫਿਰ ਜਦੋਂ ਉਹ ਡੁੱਬਣ ਲੱਗਾ ਤਾਂ ਉਸ ਨੇ ਯਿਸੂ ਨੂੰ ਉਸ ਨੂੰ ਬੁਲਾ ਲੈਣ ਲਈ ਆਖਿਆ।

ਯਿਸੂ ਦੇ ਬੇੜੀ ਵਿਚ ਜਾਣ ਤੇ **ਪੌਣ** ਇਕਦਮ **ਥੰਮ੍ਹ ਗਈ।** ਰਸੂਲ **ਡਾਢੇ ਅਚਰਜ ਹੋਏ** ਅਤੇ ਉਨ੍ਹਾਂ ਨੂੰ ਯਕੀਨ ਹੋ ਗਿਆ ਕਿ ਯਿਸੂ ਖ਼ੁਦਾ ਦਾ ਪੁੱਤਰ ਹੈ (ਵੇਖੋ ਮੱਤੀ 14:33)। ਮੱਤੀ ਜਿੱਥੇ ਇਹ ਸੰਕੇਤ ਦਿੰਦਾ ਹੋਇਆ ਲਗਦਾ ਹੈ ਕਿ ਉਨ੍ਹਾਂ ਦਾ ਵਿਸ਼ਵਾਸ ਬੜਾ ਸੀ, ਉੱਥੇ ਹੀ ਮਰਕੁਸ ਉਸ ਵੱਡੀ ਸ਼ਕਤੀ ਨੂੰ ਜਿਹੜੀ ਉਸ ਨੇ ਰੋਟੀਆਂ ਵਿਚ ਬਰਕਤ ਪਾ ਕੇ ਵਿਖਾਈ ਸੀ ਉਨ੍ਹਾਂ ਦੇ ਨਾ ਸਮਝਣ ਤੇ ਹੈਰਾਨ ਹੋਇਆ ਲਗਦਾ ਹੈ: **ਕਿਉਂ ਜੋ ਉਨ੍ਹਾਂ ਨੇ ਉਨ੍ਹਾਂ ਰੋਟੀਆਂ ਦੀ ਗੱਲ ਨਹੀਂ ਸੀ ਸਮਝੀ।** ਦੋਵੇਂ ਵਿਰਤਾਂਤ ਉਨ੍ਹਾਂ ਦੇ ਵਿਸ਼ਵਾਸ ਦੇ ਵੱਖੋ-ਵੱਖ ਪਹਿਲੂਆਂ ਉੱਤੇ ਧਿਆਨ ਦੁਆਉਂਦੇ ਹਨ।

ਜਿਵੇਂ ਯਿਸੂ ਪਾਣੀ ਉੱਤੇ ਚੱਲਿਆ, ਉਵੇਂ ਹੀ ਪੁਰਾਣਾ ਨੇਮ ਖ਼ੁਦਾ ਦੇ ਲਹਿਰਾਂ ਉੱਤੇ ਜਾਂ ਲਹਿਰਾਂ ਦੇ ਵਿੱਚੋਂ ਦੀ ਚੱਲਣ ਬਾਰੇ ਦੱਸਦਾ ਹੈ (ਅੱਯੂਬ 9:8; 38:16; ਜ਼ਬੂਰ 77:19)। ਯਸਾਯਾਹ ਨੇ ਲਿਖਿਆ, ''ਯਹੋਵਾਹ ਇਉਂ ਆਖਦਾ ਹੈ, ਉਹ ਜੋ ਸਮੁੰਦਰ ਵਿਚ ਰਾਹ ਬਨਾਉਂਦਾ ਅਤੇ ਡਾਢੇ ਪਾਣੀਆਂ ਵਿਚ ਰਸਤਾ'' (ਯਸਾਯਾਹ 43:16)। ਯਿਸੂ ਦਾ ਇਹ ਕਹਿਣਾ ਕਿ ''ਮੈਂ ਹਾਂ'' (ਮਰਕੁਸ 6:50) ਪੁਰਾਣੇ ਨੇਮ ਦੇ ਖ਼ੁਦਾ ਵੱਲ ਇਸ਼ਾਰਾ ਕਰਨ ਲਈ ਦਿੱਤਾ ਗਿਆ ਹੋ ਸਕਦਾ ਹੈ, ਜਿਹੜਾ ਪਾਣੀ ਦੇ ਵਿੱਚੋਂ ਦੀ ਲੰਘ ਸਕਦਾ ਹੈ![63] ਉਹ ਜਿਹੜਾ ਰੋਟੀਆਂ ਅਤੇ ਮੱਛੀਆਂ ਵਿਚ ਬਰਕਤ ਪਾ ਸਕਦਾ ਹੈ, ਉਹਦੇ ਲਈ ਪਾਣੀ ਉੱਤੇ ਚੱਲਣਾ ਕੋਈ ਵੱਡੀ ਗੱਲ ਨਹੀਂ ਸੀ।

**ਉਨ੍ਹਾਂ ਦੇ ਦਿਲ ਸੁੰਨ ਹੋਏ ਹੋਏ ਸਨ।** ਡਰਨ ਤੋਂ ਥੋੜ੍ਹੀ ਦੇਰ ਬਾਅਦ ਭਾਵੇਂ ਰਸੂਲਾਂ ਨੇ ਉਸ ਨੂੰ ਖ਼ੁਦਾ ਦਾ ਪੁੱਤਰ ਮੰਨ ਲਿਆ ਸੀ, ਪਰ ਆਪਣੀ ਸਖ਼ਤ ਦਿਲੀ ਦੇ ਕਾਰਣ ਉਨ੍ਹਾਂ ਨੂੰ ਸਮਝ ਨਹੀਂ ਆਇਆ ਸੀ ਕਿ ਉਹ ਕੌਣ ਹੈ (ਵੇਖੋ ਮੱਤੀ 14:33)। ਵਧਿਆ ਹੋਇਆ ਭੋਜਨ ਖਾਣ ਤੇ ਉਨ੍ਹਾਂ ਨੂੰ ਖ਼ੁਦਾ ਦੇ ਇਲਾਹੀ ਪੁੱਤਰ ਦੇ ਰੂਪ ਵਿਚ ਖਾਣ ਵਿਚ ਉਹਦੀ ਵਡਿਆਈ ਕਰਨੀ ਚਾਹੀਦੀ ਸੀ।

ਵਿਲੀਅਮ ਬਾਰਕਲੇ ਨੇ ਲਿਖਿਆ ਹੈ, ''ਜਦੋਂ ਮਸੀਹ ਉੱਥੇ ਹੁੰਦਾ ਹੈ, ਤਾਂ ਤੂਫ਼ਾਨ ਥੰਮ੍ਹ ਜਾਂਦਾ ਹੈ।''[64] ਇੱਥੇ ਇਕ ਹੋਰ ਮੋਅਜਜ਼ਾ ਹੋਇਆ, ਕਿਉਂ ਜੋ ਯਿਸੂ ਦੇ ਬੇੜੀ ਵਿਚ ਪੈਰ ਰੱਖਦਿਆਂ ਹੀ ਉਹ ਕੰਢੇ ਤੇ ਪਹੁੰਚ ਗਏ (ਵੇਖੋ ਯੂਹੰਨਾ 6:21)।

## ਗੰਨੇਸਰਤ ਦੇ ਨੇੜੇ ਚੰਗਿਆਈਆਂ (6:53-56)[65]

**53ਓਹ ਪਾਰ ਲੰਘ ਕੇ ਗੰਨੇਸਰਤ ਦੀ ਧਰਤੀ ਉੱਤੇ ਉੱਤਰੇ ਅਰ ਬੇੜੀ ਨੂੰ ਘਾਟ ਤੇ ਬੰਨ੍ਹਿਆਂ**
**54ਜਾਂ ਓਹ ਬੇੜੀ ਉੱਤੋਂ ਉੱਤਰੇ ਤਾਂ ਲੋਕਾਂ ਨੇ ਉਸ ਨੂੰ ਝੱਟ ਸਿਆਣ ਲਿਆ 55ਅਰ ਉਸ ਸਾਰੇ ਦੇਸ**
**ਦੇ ਚੌਹੀਂ ਪਾਸੀਂ ਦੌੜੇ ਅਰ ਜਿੱਥੇ ਸੁਣਿਆ ਕਿ ਉਹ ਹੈ ਉੱਥੇ ਰੋਗੀਆਂ ਨੂੰ ਮੰਜੀਆਂ ਤੇ ਪਾ ਕੇ ਲੈ ਜਾਣ**
**ਲੱਗੇ 56ਅਰ ਉਹ ਜਿੱਥੇ ਕਿਤੇ ਪਿੰਡਾਂ ਯਾ ਨਗਰਾਂ ਯਾ ਗਰਾਵਾਂ ਵਿੱਚ ਵੜਦਾ ਸੀ ਉੱਥੇ ਹੀ ਮਾਂਦਿਆਂ**
**ਨੂੰ ਬਾਜ਼ਾਰਾਂ ਵਿੱਚ ਲਿਆ ਰੱਖਦੇ ਸਨ ਅਤੇ ਉਹਦੀ ਮਿੰਨਤ ਕਰਦੇ ਸਨ ਕਿ ਉਹਦੇ ਕੱਪੜੇ ਦਾ ਪੱਲਾ ਹੀ**
**ਛੋਹਣਾ ਪਾਉਣ ਅਰ ਜਿੰਨਿਆਂ ਨੇ ਉਸ ਨੂੰ ਛੋਹਿਆ ਸੋ ਚੰਗੇ ਹੋ ਗਏ।**

**ਆਇਤ 53. ਗੰਨੇਸਰਤ** ਕਫ਼ਰਨਾਹੂਮ ਦੇ ਦੱਖਣ ਪੱਛਮ ਵਿਚ ਤਿੰਨ ਕੁ ਮੀਲ ਲੰਮਾ ਗਲੀਲ ਦੀ ਝੀਲ ਦੇ ਉੱਤਰ ਪੱਛਮੀ ਕੰਢੇ ਦਾ ਮੈਦਾਨੀ ਇਲਾਕਾ ਸੀ। ਜੋਸੇਫ਼ਸ ਨੇ ਇਸ ਇਲਾਕੇ ਦਾ ਵਰਣਨ ਖ਼ੂਬਸੂਰਤ, ਉਪਜਾਊ ਅਤੇ ਸੰਘਣੀ ਅਬਾਦੀ ਵਾਲੇ ਇਲਾਕੇ ਦੇ ਰੂਪ ਵਿਚ ਕੀਤਾ।[66] ਰਸੂਲ ਕਫ਼ਰਨਾਹੂਮ ਵੱਲ ਜਾਣ ਲੱਗੇ ਸਨ, ਪਰ ਲਗਦਾ ਹੈ ਕਿ ਹਵਾ ਨੇ ਕੁਝ ਹੱਦ ਤਕ ਉਨ੍ਹਾਂ ਦਾ ਰਸਤਾ ਬਦਲ ਦਿੱਤਾ।

**ਆਇਤਾਂ 54, 55.** ਉਨ੍ਹਾਂ ਵਿਚ ਨਵਾਂ ਜੋਸ਼ ਸੀ **ਜਾਂ ਓਹ ਬੇੜੀ ਉੱਤੋਂ ਉੱਤਰੇ** ਤਾਂ ਯਿਸੂ ਹੁਣ ਚੰਗਿਆਈ ਦੇਣ ਵਾਲੇ ਦੇ ਰੂਪ ਵਿਚ ਮਸ਼ਹੂਰ ਹੋ ਚੁੱਕਿਆ ਸੀ (ਵੇਖੋ 6:56)। ਕਿਹੜਾ ਹੋਵੇਗਾ ਜਿਹੜਾ ਉਹਨੂੰ ਵੇਖਣਾ ਨਾ ਚਾਹੁੰਦਾ ਹੋਵੇ? ਕਈ ਤਾਂ ਆਲੇ ਦੁਆਲੇ ਦੇ ਇਲਾਕਿਆਂ ਵਿਚ **ਉਸ ਸਾਰੇ ਦੇਸ ਦੇ**

**ਚੌਹੀਂ ਪਾਸੀਂ** ਇਹ ਐਲਾਨ ਕਰਨ ਲਈ **ਦੌੜੇ** ਕਿ ਯਿਸੂ ਆ ਰਿਹਾ ਹੈ ਤਾਂ ਜੋ ਲੋਕ **ਜਿੱਥੇ ਸੁਣਿਆ ਕਿ ਉਹ ਹੈ ਉੱਥੇ ਰੋਗੀਆਂ ਨੂੰ ਮੰਜੀਆਂ ਤੇ ਪਾ ਕੇ ਲੈ ਜਾਣ।** ਐਨੇ ਸਾਰੇ ਲੋਕਾਂ ਦੇ ਮਿੰਨਤਾਂ ਕਰਨ ਨਾਲ ਇਕ ਵਾਰ ਫੇਰ ਯਿਸੂ ਦਾ ਮਨ ਪਿਘਲ ਗਿਆ ਅਤੇ ਉਸ ਨੂੰ ਉਨ੍ਹਾਂ ਉੱਤੇ ਤਰਸ ਆ ਗਿਆ। ਇਹ ਵੀ ਹੋ ਸਕਦਾ ਹੈ ਕਿ ਰਸੂਲਾਂ ਦੇ ਪ੍ਰਚਾਰ ਨਾਲ ਉਨ੍ਹਾਂ ਦੀ ਦਿਲਚਸਪੀ ਉਸ ਵਿਚ ਵਧ ਗਈ ਹੋਵੇ।

**ਆਇਤ 56. ਅਰ ਉਹ ਜਿੱਥੇ ਕਿਤੇ ਪਿੰਡਾਂ ਯਾ ਨਗਰਾਂ ਯਾ ਗਰਾਵਾਂ ਵਿੱਚ ਵੜਦਾ ਸੀ ਉੱਥੇ ਹੀ ਮਾਂਦਿਆਂ ਨੂੰ ਬਜ਼ਾਰਾਂ ਵਿੱਚ ਲਿਆ ਰੱਖਦੇ ਸਨ ਅਤੇ ਉਹਦੀ ਮਿੰਨਤ ਕਰਦੇ ਸਨ ਕਿ ਉਹਦੇ ਕੱਪੜੇ ਦਾ ਪੱਲਾ ਹੀ ਛੋਹਣਾ ਪਾਉਣ।** ਬੇਸ਼ੱਕ ਯਿਸੂ ਦਾ ਪੱਲਾ ਛੋਹਣ ਦੀ ਉਮੀਦ ਨਾਲ ਬਜ਼ਾਰਾਂ ਵਿਚ ਕਤਾਰਾਂ ਵਿਚ ਲੱਗੇ ਲੋਕਾਂ ਨੇ ਉਸ ਔਰਤ ਦੀ ਕਹਾਣੀ ਸੁਣੀ ਸੀ ਜਿਹੜੀ ਉਹਦਾ ਪੱਲਾ ਛੂਹਣ ਨਾਲ ਹੀ ਚੰਗੀ ਹੋ ਗਈ ਸੀ (ਮਰਕੁਸ 5:25–34); ਉਨ੍ਹਾਂ ਦਾ ਵਿਸ਼ਵਾਸ ਕੀ ਕਿ ਜੇ ਉਹ ਯਿਸੂ ਦੇ ਐਨਾ ਨੇੜੇ ਚਲੇ ਜਾਣ ਤਾਂ ਉਨ੍ਹਾਂ ਦੀਆਂ ਬੀਮਾਰੀਆਂ ਠੀਕ ਹੋ ਸਕਦੀਆਂ ਹਨ।

**ਅਰ ਜਿੰਨਿਆਂ ਨੇ ਉਸ ਨੂੰ ਛੋਹਿਆ ਸੋ ਚੰਗੇ ਹੋ ਗਏ।** ਅਜਿਹਾ ਕੋਈ ਸੰਕੇਤ ਨਹੀਂ ਮਿਲਦਾ ਕਿ ਚੰਗਾ ਹੋਣ ਲਈ ਕੋਈ ਯਿਸੂ ਕੋਲ ਆਇਆ ਹੋਵੇ ਅਤੇ ਉਹ ਨਿਰਾਸ਼ ਹੋ ਕੇ ਗਿਆ ਹੋਵੇ, ਭਾਵੇਂ ਕਈ ਵਾਰ ਕਿਸੇ ਨੂੰ ਅਜ਼ਮਾਇਸ਼ ਵਿੱਚੋਂ ਦੀ ਲੰਘਣਾ ਜ਼ਰੂਰੀ ਹੁੰਦਾ ਸੀ, ਜਿਵੇਂ ਕਿ 5:25–34 ਵਾਲੀ ਔਰਤ ਨੂੰ ਯਿਸੂ ਨੇ ਆਪਣੀ ਪਛਾਣ ਕਰਨ ਲਈ ਆਖਿਆ। ਆਪਣੀ ਬੇਟੀ ਲਈ ਦੁਆ ਕਰਨ ਵਾਲੀ ਔਰਤ ਨਾਲ ਵੀ ਅਜਿਹਾ ਹੀ ਹੋਇਆ (7:24–30; ਮੱਤੀ 15:21–28)। ਯਿਸੂ ਦੇ ਚਮਤਕਾਰ ਅਸਲੀ ਸਨ ਅਤੇ ਉਨ੍ਹਾਂ ਨੂੰ ਸਾਫ਼ ਵੇਖਿਆ ਜਾ ਸਕਦਾ ਸੀ। ਉਹਦੇ ਚਮਤਕਾਰਾਂ ਦਾ ਕੋਈ ਸਾਨੀ ਨਹੀਂ ਸੀ।

ਅਲੋਚਕ ਆਖਦੇ ਸਨ ਕਿ ਇਹ ਲੋਕ ਆਪਣੇ ਸੁੱਖ ਲਈ ਯਿਸੂ ਨੂੰ ਲੱਭ ਰਹੇ ਸਨ। ਸ਼ਾਇਦ ਉਨ੍ਹਾਂ ਦੇ ਮੰਤਵ ਐਨੇ ਵੱਡੇ ਨਹੀਂ ਸਨ, ਪਰ ਜਦ ਚੰਗਿਆਈ ਦੇਣ ਵਾਲਾ ਤੁਹਾਡੇ ਕੋਲ ਹੋਵੇ ਤਾਂ ਉਸ ਦਾ ਫ਼ਾਇਦਾ ਲੈਣ ਵਿਚ ਕੀ ਬੁਰਿਆਈ ਸੀ? ਆਦਰਸ਼ ਰੂਪ ਵਿਚ ਕਹੀਏ ਤਾਂ ਸਾਨੂੰ ਖ਼ੁਦਾ ਨੂੰ ਇਸਤੇਮਾਲ ਕਰਨ ਲਈ ਨਹੀਂ ਬਲਕਿ ਉਹਦੇ ਵੱਲੋਂ ਇਸਤੇਮਾਲ ਕੀਤੇ ਜਾਣ ਦੀ ਭਾਲ ਕਰਨੀ ਚਾਹੀਦੀ ਹੈ। ਬੇਸ਼ੱਕ ਚੰਗਿਆਈ ਪਾਉਣ ਵਾਲੇ ਲੋਕ ਕਿਤੇ ਵੱਧ ਪ੍ਰਭਾਵਸ਼ਾਲੀ ਢੰਗ ਨਾਲ ਉਹਦੇ ਲਈ ਕੰਮ ਕਰਨ ਵਾਲੇ ਸਨ। ਜਦ ਸਾਡੀਆਂ ਲੋੜਾਂ ਅਜਿਹੀਆਂ ਹੁੰਦੀਆਂ ਹਨ ਜਿਨ੍ਹਾਂ ਨੂੰ ਅਸੀਂ ਪੂਰਾ ਨਹੀਂ ਕਰ ਸਕਦੇ ਤਾਂ ਯਕੀਨਨ ਸਾਡਾ ਪ੍ਰੇਮੀ ਪਰਮੇਸ਼ੁਰ ਚਾਹੁੰਦਾ ਹੈ ਕਿ ਅਸੀਂ ''ਉਸ ਨੂੰ ਇਸਤੇਮਾਲ'' ਕਰੀਏ।

## ਪ੍ਰਸੰਗਿਤਾ

**ਘਰ ਦੇ ਲੋਕਾਂ ਵੱਲੋਂ ਠੁਕਰਾਇਆ ਗਿਆ** (6:1-6)

ਯਿਸੂ ਕਫ਼ਰਨਾਹੂਮ ਤੋਂ ਚਲਿਆ ਗਿਆ; ਅਤੇ ਚਲਦਿਆਂ ਚਲਦਿਆਂ ਉਹ ਨਾਸਰਤ ਦੇ ਛੋਟੇ ਜਿਹੇ ਕਸਬੇ ਵਿਚ ਪਹੁੰਚਿਆ, ਜਿੱਥੇ ਵੱਡਾ ਹੋਇਆ ਅਤੇ ਮਰਦਾਊਪੁਣੇ ਤਕ ਪਹੁੰਚਿਆ ਸੀ। ਆਪਣੇ ਜੱਦੀ ਸ਼ਹਿਰ ਤੋਂ ਸ਼ਾਇਦ ਸਾਲ ਜਾਂ ਇਸ ਤੋਂ ਵੱਧ ਸਮਾਂ ਪਹਿਲਾਂ ਗਏ ਹੋਣ ਤੋਂ ਬਾਅਦ ਉਹ ਉਸ ਸ਼ਖ਼ਸ ਦੇ ਰੂਪ ਵਿਚ ਵਾਪਸ ਆਇਆ ਜਿਸ ਨੂੰ ਖ਼ੁਦਾ ਵੱਲੋਂ ਘੱਲਿਆ, ਇਸਰਾਏਲ ਦਾ ਨਬੀ ਦੱਸਿਆ ਜਾ ਰਿਹਾ ਸੀ (ਘੱਟੋ–ਘੱਟ ਕਈ ਥਾਂਵਾਂ ਤੇ)।

ਕਹਿੰਦੇ ਹਨ ਕਿ ''ਪ੍ਰਚਾਰ ਕਰਨ ਜਾਂ ਸਿੱਖਿਆ ਦੇਣ ਦੀਆਂ ਸਭ ਤੋਂ ਮੁਸ਼ਕਿਲ ਥਾਂਵਾਂ ਤੁਹਾਡਾ ਘਰ ਜਾਂ ਉਹ ਮੰਡਲੀ ਹੁੰਦੀ ਹੈ ਜਿਸ ਵਿਚ ਤੁਸੀਂ ਵੱਡੇ ਹੋਏ ਹੋਵੋ।'' ਇਹ ਗੱਲ ਭਾਵੇਂ ਹਰ ਥਾਂ ਲਾਗੂ ਨਾ ਹੋਵੇ ਪਰ ਹੈ ਸੱਚੀ। ਕਿਸੇ ਨੂੰ ਖ਼ਾਸ ਤੌਰ ਤੇ ਲੱਗੇਗਾ ਕਿ ਇਹ ਇਜ਼ਹਾਰ ਖ਼ੁਦਾ ਦੇ ਸਿੱਧ ਪੁੱਤਰ ਯਿਸੂ ਤੇ ਲਾਗੂ ਨਹੀਂ ਹੋਵੇਗਾ। ਉਨ੍ਹਾਂ ਵੀਹ ਤੋਂ ਵੱਧ ਸਾਲਾਂ ਵਿਚ ਨਾਸਰਤ ਦੇ ਲੋਕਾਂ ਨਾਲ ਉਹਦਾ ਚੰਗਾ ਸਬੰਧ ਰਿਹਾ ਹੋਵੇਗਾ। ਮਤਲਬ ਉਹਦੇ ਚੰਗੇ ਰਿਸ਼ਤੇ ਰਹੇ ਹੋਣਗੇ। ਉਹਦੇ ਘਰ ਵਾਪਸ ਆਉਣ

ਨਾਲ ਰਾਜ ਦੇ ਪ੍ਰਚਾਰ ਅਤੇ ਮਸੀਹਾ ਦੀਆਂ ਨਬੂਵਤਾਂ ਨੂੰ ਸਮਝਣ ਵਿਚ ਵਧੀਆ ਮਾਹੌਲ ਬਣ ਜਾਣਾ ਚਾਹੀਦਾ ਸੀ। ਪਰ ਘਰ ਵਾਲੀ ਕਹਾਵਤ ਯਿਸੂ ਲਈ ਵੀ ਸੱਚ ਹੋਣੀ ਸੀ।

ਇਹ ਹਵਾਲਾ ਇਸ ਗੱਲ ਨੂੰ ਸਪੱਸ਼ਟ ਕਰ ਦਿੰਦਾ ਹੈ ਕਿ ਨਾਸਰਤ ਦੇ ਲੋਕਾਂ ਨੇ ਉਸ ਨੂੰ ਠੁਕਰਾਇਆ। ਆਪਣੇ ਠਹਿਰਣ ਦੇ ਅਖ਼ੀਰ ਦੇ ਨੇੜੇ ਯਿਸੂ ਨੂੰ ਉਨ੍ਹਾਂ ਦੀ ਬੇਪਰਤੀਤੀ ਤੇ ਹੈਰਾਨੀ ਹੋਈ। ਉੱਥੇ ਉਸ ਦੇ ਸਮੇਂ ਬਾਰੇ, 6:5 ਆਖਦਾ ਹੈ, ''ਅਰ ਉਹ ਉੱਥੇ ਕੋਈ ਕਰਾਮਾਤ ਨਾ ਵਿਖਾ ਸੱਕਿਆ ਪਰ ਥੋੜ੍ਹੇ ਜੇਹੇ ਰੋਗੀਆਂ ਉੱਤੇ ਹੱਥ ਰੱਖ ਕੇ ਉਨ੍ਹਾਂ ਨੂੰ ਚੰਗਾ ਕੀਤਾ।'' ਆਪਣੇ ਲੋਕਾਂ, ਮਤਲਬ ਉਨ੍ਹਾਂ ਲੋਕਾਂ ਕੋਲ ਜਾਣਾ ਜਿਨ੍ਹਾਂ ਨੇ ਉਸ ਨੂੰ ਵੱਡਾ ਹੁੰਦਿਆਂ ਵੇਖਿਆ ਸੀ, ਉਹਦੇ ਲਈ ਨਫ਼ਰਤ ਅਤੇ ਉਸ ਨੂੰ ਨਾ ਮੰਨਣਯੋਗ ਢੰਗ ਨਾਲ ਖ਼ਤਮ ਕਰ ਦੇਣ ਦੀ ਉਨ੍ਹਾਂ ਦੀ ਕੋਸ਼ਿਸ਼ ਨਾਲ ਖ਼ਤਮ ਹੋਇਆ। ਲੂਕਾ ਉਸ ਦੇ ਪੂਰੀ ਤਰ੍ਹਾਂ ਨਾਲ ਅਤੇ ਖੁੱਲ੍ਹ ਕੇ ਸ਼ਹਿਰ ਤੋਂ ਜਾਣ ਦੀ ਗੱਲ ਵਿਖਾਉਂਦਾ ਹੈ।

ਯਕੀਨਨ ਖ਼ੁਦਾ ਦਾ ਪੁੱਤਰ ਹੋਣ ਕਰਕੇ ਉਸ ਨੂੰ ਨਾਸਰਤ ਵਿਚ ਜਾਣ ਤੋਂ ਪਹਿਲਾਂ ਹੀ ਪਤਾ ਸੀ ਕਿ ਸ਼ਹਿਰ ਦੇ ਲੋਕ ਉਹਨੂੰ ਕਿਵੇਂ ਕਬੂਲ ਕਰਨਗੇ। ਇਸ ਤੋਂ ਇਹ ਸਵਾਲ ਖੜਾ ਹੁੰਦਾ ਹੈ ਕਿ ਫਿਰ ''ਉਹ ਉੱਥੇ ਗਿਆ ਹੀ ਕਿਉਂ?'' ਜਵਾਬ ਇਹ ਹੋਵੇਗਾ ਕਿ ਉਹਦਾ ਉੱਥੇ ਜਾਣਾ ਸੁਭਾਵਿਕ ਸੀ, ਕਿਉਂ ਜੋ ਆਪਣੇ ਲੋਕਾਂ ਕੋਲ ਵਾਪਸ ਜਾ ਕੇ ਉਨ੍ਹਾਂ ਨਾਲ ਆਪਣੇ ਮਿਸ਼ਨ ਦੀ ਗੱਲ ਕਰਨਾ ਆਮ ਅਦਬ ਦੀ ਗੱਲ ਸੀ। ਉਹ ਉਨ੍ਹਾਂ ਨੂੰ ਜਾਣਦਾ ਸੀ ਅਤੇ ਉਨ੍ਹਾਂ ਨੂੰ ਪਿਆਰ ਕਰਦਾ ਸੀ। ਉਹ ਉਹਦੇ ਖ਼ੂਨ ਅਤੇ ਮਾਸ ਦਾ ਹਿੱਸਾ ਸਨ। ਉਹ ਉਨ੍ਹਾਂ ਨੂੰ ਉਸ ਦਾ ਜੋ ਉਹ ਕਰਨ ਵਾਲਾ ਸੀ, ਹਿੱਸਾ ਬਨਾਉਣਾ ਚਾਹੁੰਦਾ ਸੀ।

ਪ੍ਰਚਾਰ ਕਰਨ ਦੇ ਯਿਸੂ ਦੇ ਇਸ ਅਨੁਭਵ ਤੋਂ ਅਸੀਂ ਕੀ ਸਿੱਖ ਸਕਦੇ ਹਾਂ? ਉਹ ਆਪਣੇ ਮਿੱਤਰਾਂ, ਪਰਿਵਾਰ ਦੇ ਲੋਕਾਂ ਅਤੇ ਨਾਸਰਤ ਅਰਥਾਤ ਉਸ ਸ਼ਹਿਰ ਵਿਚ ਜਿਸਨੇ ਉਸ ਨੂੰ ਠੁਕਰਾ ਦੇਣਾ ਸੀ, ਆਪਣੇ ਜਾਣਕਾਰਾਂ ਕੋਲ ਕਿਵੇਂ ਗਿਆ? ਇਸ ਘਟਨਾ ਤੋਂ ਅਸੀਂ ਵੇਖ ਸਕਦੇ ਹਾਂ ਕਿ ਉਸ ਨੇ ਉਨ੍ਹਾਂ ਲੋਕਾਂ ਨਾਲ ਜਿਹੜੇ ਸੰਦੇਸ਼ ਅਤੇ ਸੰਦੇਸ਼ ਦੇਣ ਵਾਲੇ ਦੋਹਾਂ ਤੋਂ ਨਫ਼ਰਤ ਕਰਦੇ ਸਨ, ਰਾਜ ਦਾ ਸੰਦੇਸ਼ ਕਿਵੇਂ ਸਾਂਝਾ ਕੀਤਾ। ਜੋ ਕੁਝ ਯਿਸੂ ਨੇ ਕੀਤਾ, ਉਸ ਤੋਂ ਸਾਨੂੰ ਅਜਿਹੇ ਹਾਲਾਤ ਨਾਲ ਨਜਿੱਠਣ ਵਿਚ ਮਦਦ ਮਿਲ ਸਕਦੀ ਹੈ।

1. ਉਸ ਨੇ ਉਨ੍ਹਾਂ ਨੂੰ *ਉਸ ਨੂੰ ਵੇਖਣ ਅਤੇ ਜਾਣਨ ਦਾ ਮੌਕਾ ਦਿੱਤਾ ਕਿ ਉਹ ਅਸਲ ਵਿਚ ਕੌਣ ਹੈ*। ਉਸ ਨੇ ਉਨ੍ਹਾਂ ਬਾਰੇ ਪਹਿਲਾਂ ਤੋਂ ਵਿਚਾਰ ਨਹੀਂ ਬਣਾਇਆ ਜਾਂ ਉਨ੍ਹਾਂ ਵਿੱਚੋਂ ਕਿਸੇ ਨੂੰ ਨਜ਼ਰਅੰਦਾਜ਼ ਨਹੀਂ ਕੀਤਾ। ਸ਼ੁਰੂ ਵਿਚ, ਉਸ ਦੇ ਜਾਣ ਦਾ ਉਦੇਸ਼ ''ਦੇਹਧਾਰੀ'' ਹੋਣ ਦਾ ਸੀ, ਭਾਵ ਉਹ ਚਾਹੁੰਦਾ ਸੀ ਕਿ ਉਹ ਵੇਖ ਲੈਣ ਕਿ ਅਸਲ ਵਿਚ ਉਹ ਕੌਣ ਹੈ। ਸਿਵਾਇ ਇਸ ਦੇ ਕਿ ਉਹ ਸੱਬਤ ਵਾਲੇ ਦਿਨ ਸਿਨਾਗੋਗ ਵਿਚ ਜਾ ਰਿਹਾ ਸੀ, ਉਸ ਦੇ ਇਸ ਜਾਣ ਬਾਰੇ ਹੋਰ ਕੁਝ ਨਹੀਂ ਦੱਸਿਆ ਗਿਆ। ਇਹ ਉਸ ਦੀ ਆਦਤ ਸੀ, ਨਾਸਰਤ ਵਿਚ ਉਹ ਇਹੀ ਕਰਦਾ ਸੀ। ਉਹ ਉਨ੍ਹਾਂ ਲੋਕਾਂ ਕੋਲ ਉਵੇਂ ਹੀ ਗਿਆ ਜਿਵੇਂ ਆਮ ਤੌਰ ਤੇ ਕਿਸੇ ਵੀ ਹੋਰ ਸ਼ਹਿਰ ਦੇ ਲੋਕਾਂ ਕੋਲ ਜਾਂਦਾ ਸੀ।

ਲੂਕਾ ਦੇ ਮੁਤਾਬਿਕ, ਯਿਸੂ ਦਾ ਨਾਸਰਤ ਵਿਚ ਜਾਣਾ ਪ੍ਰਚਾਰ ਕਰਨ ਲਈ ਉਹਦੇ ਗਲੀਲ ਦੇ ਦੌਰੇ ਦਾ ਹਿੱਸਾ ਸੀ (ਲੂਕਾ 4:14–16)। ਨਾਸਰਤ ਵਿਚ ਜਾ ਕੇ ਯਿਸੂ ਨੇ ਆਪਣੇ ਮਿਸ਼ਨਰੀ ਕੰਮ ਦੇ ਤਰੀਕੇ ਨੂੰ ਬਦਲਿਆ ਨਹੀਂ। ਉਸ ਨੇ ਉਨ੍ਹਾਂ ਹੀ ਨਿਯਮਾਂ ਨੂੰ ਵਰਤਿਆ ਜਿਹੜੇ ਉਹਨੇ ਹੋਰਨਾਂ ਥਾਂਵਾਂ ਤੇ ਲਾਗੂ ਕੀਤੇ ਸਨ। ਉਸ ਨੇ ਕੀ ਕੀਤਾ? (1) ਉਹ ਉਨ੍ਹਾਂ ਵਿਚ ਗਿਆ, (2) ਉਹਨੇ ਆਪਣੀ ਸੇਵਕਾਈ ਨੂੰ ਪੁਰਾਣੇ ਨੇਮ ਦੀਆਂ ਨਬਵੂਤਾਂ ਨਾਲ ਮਿਲਾਇਆ, (3) ਉਹਨੇ ਆਪਣੇ ਸੁਣਨ ਵਾਲਿਆਂ ਦਾ ਧਿਆਨ ਉਸ ਸਬੂਤ ਵੱਲ ਦੁਆਇਆ ਕਿ ਉਹ ਕੌਣ ਹੈ, ਅਤੇ (4) ਉਸ ਨੇ ਉਨ੍ਹਾਂ ਦੇ ਸਵਾਲਾਂ ਅਤੇ ਚਿੰਤਾਵਾਂ ਦੀ ਗੱਲ ਕਰਦਿਆਂ ਉਨ੍ਹਾਂ ਨਾਲ ਵਿਚਾਰ ਵਿਟਾਂਦਰਾ ਕੀਤਾ। ਉਸ ਨੇ ਓਸੇ ਯੋਜਨਾ ਦੇ ਮੁਤਾਬਿਕ ਕੰਮ ਕੀਤਾ ਜਿਸਦੀ ਵਰਤੋਂ ਉਹ ਤਕਰੀਬਨ ਹਰ ਥਾਂ ਕਰਦਾ ਸੀ। ਇਸ ਤਰ੍ਹਾਂ ਨਾਲ ਉਸ ਨੇ ਉਨ੍ਹਾਂ ਨੂੰ ਇਸ ਬਾਰੇ ਸੋਚਣ ਲਈ ਮੌਕਾ ਦਿੱਤਾ ਕਿ ਉਹ ਕੌਣ ਹੈ।

ਪਹਿਲਾਂ ਤਾਂ ਯਿਸੂ ਆਪਣੇ ਘਰ ਵਿਚ ਨਹੀਂ ਰੁਕਿਆ, ਬਲਕਿ ਉਹ ਉੱਥੇ ਚਲਿਆ ਗਿਆ ਜਿੱਥੇ

ਲੋਕ ਸਨ। ਉਸ ਨੇ ਉਹ ਤਰੀਕਾ ਵਰਤਿਆ ਜਿਹੜਾ ਹਰ ਮਿਸ਼ਨਰੀ ਪਹਿਲਾਂ ਵਰਤਦਾ ਹੈ: ਉਹ ਉਨ੍ਹਾਂ ਲੋਕਾਂ ਵਿਚ ਗਿਆ ਜਿਨ੍ਹਾਂ ਨੂੰ ਉਹ ਪਹਿਲਾਂ ਸਿਖਾਉਣਾ ਚਾਹੁੰਦਾ ਸੀ ਅਤੇ ਉਸ ਨੇ ਉਨ੍ਹਾਂ ਨੂੰ ਆਪਣੀਆਂ ਗੱਲਾਂ, ਵਿਹਾਰ ਸੋਚ ਅਤੇ ਰਵੱਈਏ ਨੂੰ ਵੇਖਣ ਦਿੱਤਾ। ਉਸ ਦੇ ਢੰਗ ਨਾਲ ਉਨ੍ਹਾਂ ਉੱਤੇ ਪ੍ਰਭਾਅ ਪੈ ਜਾਣਾ ਚਾਹੀਦਾ ਸੀ। ਭਲਾ ਅਸੀਂ ਕਲਪਨਾ ਕਰ ਸਕਦੇ ਹਾਂ ਕਿ ਯਿਸੂ ਦੇ ਐਨਾ ਨੇੜੇ ਹੋਣਾ ਅਤੇ ਉਸ ਨੂੰ ਧਿਆਨ ਨਾਲ ਵੇਖਣਾ ਕਿਹੋ ਜਿਹਾ ਹੋਵੇਗਾ? ਭਲਾ ਇਸ ਤੋਂ ਵਧ ਕੇ ਯਕੀਨ ਦੁਆਉਣ ਵਾਲੀ ਕੋਈ ਹੋਰ ਗੱਲ ਹੋ ਸਕਦੀ ਹੈ? ਪਰ ਨਾਸਰਤ ਦੇ ਲੋਕ ਉਸ ਨੂੰ ਸਿਰਫ਼ ਆਪਣੇ ਸ਼ਹਿਰ ਦੇ ਬੰਦੇ ਤੋਂ ਵਧ ਕੇ ਨਹੀਂ ਵੇਖ ਸਕੇ। ਉਹ ਉਹਦੇ ਖ਼ੁਦਾ ਹੋਣ ਨੂੰ ਨਹੀਂ ਵੇਖ ਸਕੇ ਕਿਉਂ ਜੋ ਉਨ੍ਹਾਂ ਦਾ ਧਿਆਨ ਪੂਰੀ ਤਰ੍ਹਾਂ ਨਾਲ ਉਸ ਦੇ ਮਨੁੱਖ ਹੋਣ ਤੇ ਸੀ?

2. ਉਸ ਨੇ ਉਨ੍ਹਾਂ ਨੂੰ *ਆਪਣੀ ਸੇਵਕਾਈ ਨੂੰ ਸਮਝਣ ਦਾ ਮੌਕਾ* ਦਿੱਤਾ। ਉਸ ਨੇ ਆਪਣੀ ਸੇਵਕਾਈ ਨੂੰ ਪੁਰਾਣੇ ਨੇਮ ਦੀਆਂ ਨਬੂਵਤਾਂ ਨਾਲ ਜੋੜਿਆ। ਇਸ ਦੂਜੇ ਢੰਗ ਨੂੰ ''ਵਿਆਖਿਆ'' ਕਿਹਾ ਜਾ ਸਕਦਾ ਹੈ। ਯਹੂਦੀ ਸੋਚ ਦੇ ਮੁਤਾਬਿਕ ਕਿਸੇ ਵੀ ਗਲ ਨੂੰ ਉਦੋਂ ਤਕ ਸੱਚ ਨਹੀਂ ਮੰਨਿਆ ਜਾ ਸਕਦਾ ਜਦੋਂ ਤਕ ਇਸ ਨੂੰ ਸ਼ਰ੍ਹਾ ਅਤੇ ਪੁਰਾਣੇ ਨੇਮ ਦੀ ਗਵਾਹੀ ਨਾਲ ਸਾਬਿਤ ਨਾ ਕੀਤਾ ਜਾਵੇ। ਹਰ ਸਿੱਖਿਆ ਦਾ ਫ਼ੈਸਲਾ ਸ਼ਰ੍ਹਾ ਅਤੇ ਨਬੀਆਂ ਦੇ ਪੂਰਾ ਹੋਣ ਦੇ ਰੂਪ ਵਿਚ ਦਿੱਤਾ ਜਾਣਾ ਜ਼ਰੂਰੀ ਸੀ। ਸਹੀ ਸਮੇਂ ਤੇ ਯਿਸੂ ਨੇ ਇਸ ਢੰਗ ਦੀ ਵਰਤੋਂ ਕੀਤੀ।

ਉਦਾਹਰਣ ਲਈ, ਜਦੋਂ ਸੱਬਤ ਦਾ ਦਿਨ ਆਇਆ ਤਾਂ ਉਹ ਸਿਨਾਗੋਗ ਵਿਚ ਗਿਆ, ਜਿਵੇਂ ਕਿ ਆਪਣੀ ਸੇਵਕਾਈ ਦੌਰਾਨ ਉਸ ਦਾ ਦਸਤੂਰ ਸੀ (ਲੂਕਾ 4:16)। ਸਿਨਾਗੋਗ ਦੀਆਂ ਸੇਵਾਵਾਂ (ਬੰਦਗੀਆਂ) ਦੌਰਾਨ ਕੋਈ ਵੀ ਯਹੂਦੀ ਪੁਰਖ ਜਿਹੜਾ ਉੱਥੇ ਜਮ੍ਹਾ ਹੋਏ ਲੋਕਾਂ ਦੇ ਸਾਹਮਣੇ ਖਲੋ ਕੇ ਬਾਈਬਲ ਵਿੱਚੋਂ ਪੜ੍ਹਨਾ ਚਾਹੇ, ਪੜ੍ਹ ਸਕਦਾ ਸੀ। ਯਿਸੂ ਨੇ ਇਹੀ ਕੀਤਾ। ਲੂਕਾ ਦੇ ਵਿਰਤਾਂਤ ਵਿਚ ਉਸ ਵਿਚ ਜੋ ਮਰਕੁਸ 6:2–4 ਵਿਚ ਹੈ, ਜੋੜਿਆ ਗਿਆ ਹੈ। ਜਦ ਯਿਸੂ ਖੜ੍ਹਾ ਹੋਇਆ ਤਾਂ ਉਸ ਨੂੰ ਯਸਾਯਾਹ ਦੀ ਕਿਤਾਬ ਦਿੱਤੀ ਗਈ ਅਤੇ ਉਸ ਨੇ ਉਹ ਵਿਰਧ ਪੜ੍ਹਿਆ ਜਿਹਨੂੰ ਅਸੀਂ ਯਸਾਯਾਹ 61:1, 2 ਦੇ ਤੌਰ ਤੇ ਜਾਣਦੇ ਹਾਂ। ਉਸ ਦਾ ਕੁਝ ਹਿੱਸਾ ਇਸ ਤਰ੍ਹਾਂ ਹੈ:

> ਪ੍ਰਭੂ ਦਾ ਆਤਮਾ ਮੇਰੇ ਉੱਤੇ ਹੈ,
> ਇਸ ਲਈ ਜੋ ਉਸ ਨੇ ਮੈਨੂੰ ਮਸਹ ਕੀਤਾ ਭਈ ਗ਼ਰੀਬਾਂ ਨੂੰ ਖੁਸ਼ ਖਬਰੀ ਸੁਣਾਵਾਂ।
> ਓਸ ਮੈਨੂੰ ਘੱਲਿਆ ਹੈ ਕਿ ਬੰਧੂਆਂ ਨੂੰ ਛੁੱਟਣ
> ਅਤੇ ਅੰਨ੍ਹਿਆਂ ਨੂੰ ਵੇਖਣ ਦਾ ਪ੍ਰਚਾਰ ਕਰਾਂ ... (ਲੂਕਾ 4:18)

ਯਸਾਯਾਹ ਦੇ ਇਸ ਹਿੱਸੇ ਨੂੰ ਪੂਰਾ ਪੜ੍ਹਨ ਤੋਂ ਬਾਅਦ ਯਿਸੂ ਨੇ ਉਹ ਕਿਤਾਬ ਸਹਾਇਕ ਦੇ ਹੱਥ ਵਿਚ ਦੇ ਦਿੱਤੀ ਅਤੇ ਬੈਠ ਗਿਆ। ''ਸਭਨਾਂ ਦੀਆਂ ਅੱਖਾਂ ਜਿਹੜੇ ਸਮਾਜ ਵਿਚ ਹਾਜ਼ਰ ਸਨ ਉਸ ਤੇ ਲੱਗੀਆਂ ਹੋਈਆਂ ਸਨ''; ਤਦੇ ਯਿਸੂ ਨੇ ਇਹ ਆਖਿਆ, ''ਇਹ ਲਿਖਤ ਅੱਜ ਤੁਹਾਡੇ ਕੰਨਾਂ ਵਿਚ ਪੂਰੀ ਹੋਈ ਹੈ'' (ਲੂਕਾ 4:20, 21)।

ਯਿਸੂ ਨੇ ਇਸ ਸੱਬਤ ਵਾਲੇ ਦਿਨ ਜੋ ਕੁਝ ਕੀਤਾ ਅਤੇ ਕਿਹਾ, ਉਸ ਤੋਂ ਉਸ ਦੀ ਸੇਵਕਾਈ ਦੀ ਬਿਲਕੁਲ ਸਾਫ਼ ਵਿਆਖਿਆ ਮਿਲ ਗਈ। ਇਕ ਅਰਥ ਵਿਚ ਉਹ ਕਹਿ ਰਿਹਾ ਸੀ, ''ਜੇ ਤੁਸੀਂ ਜਾਣਦਾ ਚਾਹੁੰਦੇ ਹੋ ਕਿ ਸਚਮੁਚ ਵਿਚ ਮੈਂ ਕੌਣ ਹਾਂ, ਤਾਂ ਇਸ ਹਵਾਲੇ ਨੂੰ ਧਿਆਨ ਨਾਲ ਵੇਖੋ; ਕਿਉਂ ਜੋ ਪੁਰਾਣੇ ਨੇਮ ਦੀ ਇਸ ਨਬੂਵਤ ਦਾ ਪੂਰਾ ਹੋਣਾ ਮੈਂ ਹੀ ਹਾਂ।''

3. ਯਿਸੂ ਨੇ ਜਿੱਥੋਂ ਤਕ ਹੋ ਸਕਿਆ ਲੋਕਾਂ ਨੂੰ *ਜੋ ਕੁਝ ਉਸ ਨੇ ਆਖਿਆ ਅਤੇ ਕੀਤਾ ਉਸ ਦੀ ਤਸਦੀਕ ਕਰਨ ਦਾ ਮੌਕਾ* ਦਿੱਤਾ। ਉਨ੍ਹਾਂ ਨੇ ਉਨ੍ਹਾਂ ਅਚੰਭੇ ਕੰਮਾਂ ਬਾਰੇ ਜਿਹੜੇ ਉਹ ਕਰ ਰਿਹਾ ਸੀ, ਸੁਣਿਆ ਸੀ। ਉਸ ਨੇ ਉਨ੍ਹਾਂ ਮੋਅਜਜ਼ਿਆਂ ਦੇ ਰਾਹੀਂ ਜਿਹੜੇ ਉਹਨੇ ਕੀਤੇ ਸਨ, ਆਪਣੀ ਜ਼ਿੰਦਗੀ ਅਤੇ

ਸੇਵਕਾਈ ਨੂੰ ਸਾਬਿਤ ਕੀਤਾ। ਇਨ੍ਹਾਂ ਨਾਲ ਦੋ ਕੰਮ ਹੋਏ: ਇਕ ਤਾਂ ਤਰਸ ਦਾ ਅਤੇ ਦੂਜਾ ਤਸਦੀਕ ਦਾ। ਕਿਰਪਾ ਦੇ ਇਨ੍ਹਾਂ ਦੋਹਾਂ ਕੰਮਾਂ ਨਾਲ ਉਸ ਨੇ ਬੀਮਾਰਾਂ, ਦੱਬੇ ਕੁਚਲਿਆਂ ਅਤੇ ਭੂਤ ਚੰਬੜੇ ਲੋਕਾਂ ਨਾਲ ਆਪਣੇ ਪਿਆਰ ਅਤੇ ਲਗਾਅ ਨੂੰ ਵਿਖਾਇਆ। ਇਸ ਦੇ ਨਾਲ ਹੀ, ਇਨ੍ਹਾਂ ਕੰਮਾਂ ਨੇ ਉਹਦੀਆਂ ਸਿੱਖਿਆਵਾਂ ਨੂੰ ਭਰੋਸੇਯੋਗ ਬਣਾਇਆ ਅਤੇ ਉਹਦੀ ਰੱਬੀ ਸੇਵਕਾਈ ਨੂੰ ਮਾਨਤਾ ਦੁਆਈ।

ਯਿਸੂ ਲੋਕਾਂ ਨੂੰ ਆਪਣਾ ਰਹਿਮ ਵਿਖਾਉਣ ਲਈ ਤਿਆਰ ਰਹਿੰਦਾ ਸੀ। ਇਹ ਇਕ ਕਾਰਣ ਸੀ ਕਿ ਜਿੱਥੇ ਵੀ ਉਹ ਜਾਂਦਾ ਉੱਥੇ ਕਈ ਕਈ ਮੋਅਜਜ਼ੇ ਕਰਦਾ ਸੀ। ਅਜਿਹਾ ਲਗਦਾ ਹੈ ਕਿ ਨਾਸਰਤ ਵਿਚ ਉਹ ਅਜਿਹੇ ਮੋਅਜਜ਼ੇ ਕਰਨ ਵਾਲਾ ਸੀ, ਪਰ ਉਨ੍ਹਾਂ ਦੇ ਉਸ ਨੂੰ ਚੰਗੀ ਤਰ੍ਹਾਂ ਨਾਲ ਕਬੂਲ ਨਾ ਕਰਨ ਕਰਕੇ ਉਸ ਨੇ ਉੱਥੇ ਮੋਅਜਜ਼ੇ ਨਹੀਂ ਕੀਤੇ। ਯਿਸੂ ਨੇ ਵਿਖਾਵੇ ਲਈ ਮੋਅਜਜ਼ੇ ਕਰਨ ਤੋਂ ਇਨਕਾਰ ਕਰ ਦਿੱਤਾ।

ਸਾਫ਼ ਹੈ ਕਿ ਨਾਸਰਤ ਵਿਚ ਆਉਣ ਦੇ ਥੋੜ੍ਹੀ ਦੇਰ ਬਾਅਦ ਉਸ ਨੇ ਵੇਖਿਆ ਕਿ ਉਸ ਦੇ ਜੱਦੀ ਸ਼ਹਿਰ ਦੇ ਲੋਕ ਉਸ ਨੂੰ ਮਨੁੱਖ ਹੋਣ ਤੋਂ ਅੱਗੇ ਨਹੀਂ ਵੇਖ ਸਕੇ। ਉਨ੍ਹਾਂ ਨੇ ਵੇਖਣ ਤੋਂ ਇਨਕਾਰ ਕਰ ਦਿੱਤਾ। ਸਿਨਾਗੋਗ ਵਿਚ ਉਸ ਨੇ ਉਨ੍ਹਾਂ ਨੂੰ ਆਖਿਆ, ‘‘ਤੁਸੀਂ ਜ਼ਰੂਰ ਇਹ ਕਹਾਉਤ ਮੇਰੇ ਉੱਤੇ ਕਹੋਗੇ ਕਿ ਹੇ ਵੈਦ, ਆਪਣੇ ਆਪ ਨੂੰ ਚੰਗਾ ਕਰ। ਜੋ ਕੁਝ ਅਸਾਂ ਕਫ਼ਰਨਾਹੂਮ ਵਿਚ ਹੁੰਦਾ ਸੁਣਿਆ ਐਥੇ ਆਪਣੇ ਦੇਸ ਵਿਚ ਵੀ ਕਰ’’ (ਲੂਕਾ 4:23)। ਯਿਸੂ ਨੇ ਉਨ੍ਹਾਂ ਨੂੰ ਮੰਗ ਕਰਦਿਆਂ ਵੇਖਿਆ ਹੋਵੇਗਾ, ਜਿਵੇਂ ਕਈ ਵਾਰ ਫ਼ਰੀਸੀ ਉਸ ਨੂੰ ਵੱਡਾ ਨਿਸ਼ਾਨ ਵਿਖਾਉਣ ਲਈ ਆਖਦੇ ਸਨ। ਧਰਤੀ ਉਤਲੀ ਆਪਣੀ ਸੇਵਕਾਈ ਦੌਰਾਨ ਉਸ ਨੇ ਕਦੇ ਅਜਿਹੀ ਮੰਗ ਨੂੰ ਨਹੀਂ ਮੰਨਿਆ। ਯਿਸੂ ਨੂੰ ਪਤਾ ਸੀ ਕਿ ਲੋਕ ਜੇ ਵਿਸ਼ਵਾਸ ਨਹੀਂ ਕਰਨਾ ਚਾਹੁੰਦੇ ਤਾਂ ਉਨ੍ਹਾਂ ਨੂੰ ਕਿਸੇ ਚਮਤਕਾਰ ਨਾਲ ਯਕੀਨ ਨਹੀਂ ਆਉਣਾ ਸੀ।

ਉਸ ਨੇ ਉਨ੍ਹਾਂ ਨੂੰ ਇਹ ਵੀ ਦੱਸਿਆ, ‘‘ਨਬੀ ਦਾ ਆਪਣੇ ਦੇਸ ਤੋਂ ਬਿਨਾ ਹੋਰ ਕਿਤੇ ਨਿਆਦਰ ਨਹੀਂ ਹੁੰਦਾ’’ (ਮਰਕੁਸ 6:4)। ਦੂਜੇ ਸ਼ਬਦਾਂ ਵਿਚ ਉਸ ਨੇ ਉਨ੍ਹਾਂ ਨੂੰ ਜੋ ਉਹ ਅਸਲ ਵਿਚ ਸੀ, ਉਸ ਨੂੰ ਨਾ ਵੇਖਣ ਕਰਕੇ ਝਿੜਕਿਆ। ਕਿਉਂ ਜੋ ਉਨ੍ਹਾਂ ਨੇ ਉਸ ਨੂੰ ਇਕ ਦੇਹਾਤੀ ਆਦਮੀ ਦੇ ਰੂਪ ਵਿਚ ਵੇਖਿਆ ਜਿਹੜਾ ਉਨ੍ਹਾਂ ਦੀ ਨਜ਼ਰ ’ਚ ਮਾਮੂਲੀ ਜਿਹੇ ਤਰਖਾਣ ਤੋਂ ਵਧ ਕੇ ਹੋਰ ਕੁਝ ਨਹੀਂ ਸੀ। ਯਿਸੂ ਦੇ ਸਿਨਾਗੋਗ ਵਿਚ ਬੋਲਣ ਤੋਂ ਬਾਅਦ, ਸੁਣਨ ਵਾਲਿਆਂ ਨੇ ਆਖਿਆ:

> ਇਹ ਕਿਹੋ ਜਿਹਾ ਗਿਆਨ ਹੈ ਜੋ ਇਸ ਨੂੰ ਦਿੱਤਾ ਗਿਆ? ਅਰ ਏਹੋ ਜਹੀਆਂ ਕਰਾਮਾਤਾਂ ਜੋ ਉਹਦੇ ਹੱਥੋਂ ਹੁੰਦੀਆਂ ਹਨ ਕੀ ਹਨ? ਭਲਾ, ਇਹ ਤਰਖਾਣ ਨਹੀਂ ਹੈ, ਮਰਿਯਮ ਦਾ ਪੁੱਤਰ ਅਤੇ ਯਾਕੂਬ ਅਰ ਯੋਸੇਸ ਅਰ ਯਹੂਦਾਹ ਅਰ ਸ਼ਮਊਨ ਦਾ ਭਰਾ ਅਤੇ ਉਹਦੀਆਂ ਭੈਣਾਂ ਐਥੇ ਸਾਡੇ ਕੋਲ ਨਹੀਂ ਹਨ? (ਮਰਕੁਸ 6:2–3)

ਉਹ ਉਸ ਨੂੰ ਆਪਣੇ ਲੋਕਾਂ ਵਿੱਚੋਂ ਇਕ ਹੋਣ ਨਾਲੋਂ ਵਧ ਕੇ ਨਹੀਂ ਵੇਖ ਸਕੇ। ਉਹ ਉਹਦੇ ਪਰਿਵਾਰ ਵੱਲ ਧਿਆਨ ਕਰ ਸਕਦੇ ਸਨ। ਉਹਦੇ ਬਾਰੇ ਆਪਣੇ ਨਿਚੋੜ ਕੱਢਣ ਲਈ ਉਹ ਕਿਸੇ ਹੋਰ ਸਬੂਤ ਨੂੰ ਨਹੀਂ ਵੇਖਣਾ ਚਾਹੁੰਦੇ ਸਨ।

ਉਨ੍ਹਾਂ ਦੇ ਮਨ ਮੁਤਅੱਸਬ ਨਾਲ ਭਰੇ ਹੋਣ ਕਰਕੇ ਯਿਸੂ ਨੇ ਸੰਕੇਤ ਦਿੱਤਾ ਕਿ ਆਪਣੇ ਰਵੱਈਏ ਕਰਕੇ ਉਹ ਇਸ ਯੋਗ ਨਹੀਂ ਸਨ ਕਿ ਉਹ ਉਨ੍ਹਾਂ ਕੋਲ ਜਾਏ। ਉਸ ਨੇ ਆਖਿਆ:

> ਪਰ ਮੈਂ ਤੁਹਾਨੂੰ ਠੀਕ ਆਖਦਾ ਹਾਂ ਜੋ ਏਲੀਆਹ ਦੇ ਦਿਨੀਂ ਜਾਂ ਸਾਢੇ ਤਿੰਨਾਂ ਵਰਿਹਾਂ ਦੀ ਐਡੀ ਔੜ ਲੱਗੀ ਭਈ ਸਾਰੇ ਦੇਸ ਉੱਤੇ ਵੱਡਾ ਕਾਲ ਪਿਆ ਬਹੁਤ ਸਾਰੀਆਂ ਵਿਧਵਾਵਾਂ ਇਸਰਾਏਲ ਵਿਚ ਸਨ। ਪਰ ਸੈਦਾ ਦੇਸ ਦੇ ਸਾਰਿਪਥ ਦੀ ਇਕ ਵਿਧਵਾ ਤੋਂ ਬਿਨਾ ਏਲੀਆਹ ਉਨ੍ਹਾਂ ਵਿੱਚੋਂ ਕਿਸੇ ਹੋਰ ਦੇ ਕੋਲ ਨਹੀਂ ਘੱਲਿਆ ਗਿਆ। ਅਤੇ ਅਲੀਸ਼ਾ ਨਬੀ ਦੇ ਸਮੇਂ ਇਸਰਾਏਲ ਵਿਚ ਬਹੁਤ ਸਾਰੇ ਕੋੜ੍ਹੀ ਸਨ ਪਰ ਉਨ੍ਹਾਂ ਪਰ ਉਨ੍ਹਾਂ ਵਿੱਚੋਂ ਨਾਮਾਨ ਸੁਰਿਯਾਨੀ ਬਿਨਾ ਕੋਈ ਸ਼ੁੱਧ ਨਾ ਕੀਤਾ ਗਿਆ (ਲੂਕਾ 4:25–27)।

ਯਿਸੂ ਸਮਝਾ ਰਿਹਾ ਸੀ ਕਿ ਸਿੱਖਿਆ ਅਤੇ ਸਬੂਤ ਉਨ੍ਹਾਂ ਨੂੰ ਦਿੱਤਾ ਗਿਆ ਸੀ ਜਿਨ੍ਹਾਂ ਦੇ ਮਨਾਂ ਨੇ ਅਜਿਹੇ ਸਬੂਤਾਂ ਨੂੰ ਮੰਨ ਲੈਣਾ ਸੀ। ਕੁਝ ਹੀ ਲੋਕ ਚੰਗੇ ਹੋਏ ਸਨ ਕਿਉਂ ਜੋ ਲੋਕਾਂ ਨੇ ਇਲਾਹੀ ਸਿੱਖਿਆ ਨੂੰ ਸਹੀ ਢੰਗ ਨਾਲ ਨਹੀਂ ਮੰਨਿਆ ਅਤੇ ਯਿਸੂ ਨੇ ਉਸ ਨੂੰ ਸਹੀ ਢੰਗ ਨਾਲ ਮੰਨਣ ਦੀਆਂ ਜਿਨ੍ਹਾਂ ਦੀਆਂ ਉਦਾਹਰਣਾਂ ਦਿੱਤੀਆਂ ਗਈਆਂ, ਉਹ ਗੈਰ ਯਹੂਦੀ ਸਨ!

4. ਜਿਵੇਂ ਕਿ ਸਾਨੂੰ ਉਮੀਦ ਹੋਣੀ ਸੀ, ਯਿਸੂ ਨੇ ਹਰ ਸੁਣਨ ਵਾਲੇ ਨੂੰ *ਆਪਣੇ ਮਨ ਵਿਚ ਉਹਦੇ ਬਾਰੇ ਫ਼ੈਸਲਾ ਲੈਣ ਦਾ ਮੌਕਾ* ਦਿੱਤਾ। ਉਸ ਨੇ ਇਸ ਬਾਰੇ ਕਿ ਉਹ ਕੌਣ ਹੈ ਆਪਣੇ ਮਨ ਨਾਲ ਕੰਮ ਕਰਨ ਦੇ ਉਨ੍ਹਾਂ ਦੇ ਹੱਕ ਵਿਚ ਦਖ਼ਲ ਨਹੀਂ ਦੇਣਾ ਸੀ। ਅਸੀਂ ਉਸ ਦੇ ਕੰਮ ਦੇ ਇਸ ਹਿੱਸੇ ਨੂੰ ਲੋਕਾਂ ਨਾਲ ''ਤਾਲਮੇਲ'' ਕਹਾਂਗੇ। ਉਨ੍ਹਾਂ ਲਈ ਹਰ ਗੱਲ ਨੂੰ ਲੈ ਕੇ ਇਸ ਉੱਤੇ ਅਮਲ ਕਰਨਾ ਜ਼ਰੂਰੀ ਸੀ। ਪਰ ਪਸੰਦ ਉਨ੍ਹਾਂ ਦੀ ਆਪਣੀ ਹੀ ਸੀ।

ਵਿਸ਼ਵਾਸ ਕਰਨ ਤੋਂ ਇਨਕਾਰ ਕਰਕੇ ਉਨ੍ਹਾਂ ਨੇ ਉਹਦੇ ਖ਼ਿਲਾਫ਼ ਫ਼ੈਸਲਾ ਦਿੱਤਾ। ਆਪਣੀ ਬੇਪਰਤੀਤੀ ਵਿਚ ਬਣੇ ਰਹਿ ਕੇ ਉਨ੍ਹਾਂ ਨੇ ਯਿਸੂ ਨੂੰ ਉਨ੍ਹਾਂ ਵਿਚਕਾਰ ਆਪਣੇ ਸਰਵਸ਼ਕਤੀਮਾਨ ਹੋਣ ਨੂੰ ਵਿਖਾਉਣ ਦਾ ਮੌਕਾ ਨਹੀਂ ਦਿੱਤਾ। ਸਿਨਾਗੋਗ ਵਿਚ ਆਪਣੀ ਗਵਾਹੀ ਦੇਣ ਤੋਂ ਸ਼ੁਰੂ ਕਰਕੇ ਲੋਕ ਉਹਦੇ ਨਾਲ ਨਰਾਜ਼ ਹੋ ਗਏ (ਲੂਕਾ 4:28–30)।

ਯਿਸੂ ਨੇ ਉਨ੍ਹਾਂ ਨੂੰ ਹੁਣ ਤਕ ਦਾ ਸਭ ਤੋਂ ਵੱਡਾ ਮੌਕਾ ਦਿੱਤਾ, ਪਰ ਨਾਸਰਤ ਸ਼ਹਿਰ ਨੇ ''ਉਸ ਤੋਂ ਠੋਕਰ ਖਾਧੀ'' (ਮਰਕੁਸ 6:3)। ਇਸ ਤੋਂ ਬਾਅਦ, ਜਿੰਨਾਂ ਕੁ ਸਾਨੂੰ ਪਤਾ ਹੈ, ਯਿਸੂ ਫੇਰ ਕਦੇ ਨਾ ਮੁੜਨ ਲਈ ਨਾਸਰਤ ਤੋਂ ਚਲਿਆ ਗਿਆ। ਉਨ੍ਹਾਂ ਵਾਂਗ ਅਸੀਂ ਵੀ ਨਿਆਂ ਵਾਲੇ ਦਿਨ ਇਸ ਸਵਾਲਾ ਦਾ ਜਵਾਬ ਦੇਣ ਲਈ ਖਲੋਤੇ ਹੋਵਾਂਗੇ ਕਿ ''ਮਿਲੇ ਮੌਕਿਆਂ ਦਾ ਤੁਸਾਂ ਕੀ ਕੀਤਾ? ਆਓ ਮਿਲੇ ਮੌਕਿਆਂ ਦੀ ਵਰਤੋਂ ਉਨ੍ਹਾਂ ਨਾਲੋਂ ਵੱਧ ਸਿਆਣਪ ਨਾਲ ਕਰੀਏ।

ਨਾਸਰਤ ਦੇ ਲੋਕ ਪਹਿਲਾਂ ਤਾਂ ਯਿਸੂ ਤੋਂ ਹੈਰਾਨ ਹੋਏ ਅਤੇ ਫਿਰ ਉਨ੍ਹਾਂ ਨੇ ਠੋਕਰ ਖਾਧੀ। 6:3 ਵਿਚ ''ਠੋਕਰ ਖਾਧੀ'' ਲਈ ਸ਼ਬਦ *skandalizo* (*ਸਕੈਂਡਲਿਜ਼ੋ*) ਦਾ (ਅੰਗ੍ਰੇਜ਼ੀ ਸ਼ਬਦ ''scandalized'' ਹੈ। ਇਸ ਦਾ ਅਰਥ ''ਨਰਾਜ਼ ਹੋਏ'' ਹੈ– ਅਨੁਵਾਦਕ'')। ਇਹ ਇਕ ਸਪੱਸ਼ਟ ਸ਼ਬਦ ਹੈ ਜਿਹੜਾ ਆਪਣੇ ਆਪ ਵਿਚ ਸਾਫ਼ ਹੈ। ''ਸਕੈਂਡਿਲੋਨ'' ਉਹ ਫਾਹੀ ਦਾ ਹਿੱਸਾ ਹੁੰਦਾ ਸੀ ਜਿਹੜੀ ਜਾਨਵਰਾਂ ਨੂੰ ਫੜ੍ਹਨ ਲਈ ਲਾਈ ਜਾਂਦੀ ਸੀ। ਜਦੋਂ ਜਾਨਵਰ ਗਲਤੀ ਨਾਲ ਸਕੈਂਡਲਨ ਨੂੰ ਧੱਕ ਦਿੰਦਾ ਜਾਂ ਉਸ ਵਿਚ ਪੈਰ ਰੱਖ ਦਿੰਦਾ, ਤਾਂ ਫਾਹੀ ਆਪਣਾ ਕੰਮ ਸ਼ੁਰੂ ਕਰ ਦਿੰਦੀ ਜਿਸ ਨਾਲ ਜਾਨਵਰ ਫਸ ਜਾਂਦਾ।

ਲਾਖਣਿਕ ਰੂਪ ਵਿਚ ਇਸ ਤੋਂ ਨਾਸਰਤ ਦੇ ਲੋਕਾਂ ਦੀ ਹਾਲਤ ਬਿਆਨ ਹੁੰਦੀ ਹੈ। ਜਦ ਲੋਕਾਂ ਨੇ ਯਿਸੂ ਦੀਆਂ ਸਿੱਖਿਆਵਾਂ ਨੂੰ ਧੱਕਾ ਮਾਰ ਕੇ ਉਸ ਨੂੰ ਠੁਕਰਾ ਦਿੱਤਾ, ਤਾਂ ਬੇਪਰਤੀਤੀ ਵਿਚ ਉਹ ਪੂਰੀ ਤਰ੍ਹਾਂ ਨਾਲ ਆਪਣੀ ਹੀ ਬਰਬਾਦੀ ਵਿਚ ਫ਼ਸ ਗਏ। ਉਹ ਫੜ੍ਹੇ ਗਏ, ਫਸ ਗਏ ਅਤੇ ਪਾਪ ਤੋਂ ਨਾਸ ਹੋ ਗਏ। ਇਸ ਠੁਕਰਾਉਣ ਵਿਚ ਉਨ੍ਹਾਂ ਦਾ ਆਪਣਾ ਕਸੂਰ ਸੀ, ਨਾ ਕਿ ਉੱਤਮ ਗੁਰੂ ਦਾ। ਅਸਲ ਵਿਚ ਉਨ੍ਹਾਂ ਲਈ ਕੋਈ ਫਾਹੀ ਨਹੀਂ ਲਗਾਈ ਗਈ ਸੀ, ਪਰ ਯਿਸੂ ਨੂੰ ਠੁਕਰਾਉਣਾ ਕਿਸੇ ਲਈ ਵੀ, ਜਿਹੜਾ ਅਜਿਹਾ ਕਰਦਾ ਹੈ, ਰੂਹਾਨੀ ਤੌਰ ਤੇ ਖ਼ਤਰਨਾਕ ਹੈ।

ਭਲਾ ਅਸੀਂ ਮਸੀਹਾ ਦੇ ਨਾਲ ਪਿੰਡ ਵਿਚ ਰਹਿਣ, ਉਸ ਨੂੰ ਵੱਡਾ ਹੁੰਦਿਆਂ ਵੇਖਣ ਅਤੇ ਤਰਖਾਣ ਦੀ ਉਸ ਦੀ ਦੁਕਾਨ ਵਿਚ ਉਸ ਕੋਲ ਜਾਣ ਦੀ ਬਰਕਤ ਦੀ ਕਲਪਨਾ ਕਰ ਸਕਦੇ ਹਾਂ? ਆਪਣੀ ਸੇਵਕਾਈ ਦੌਰਾਨ ਜਦੋਂ ਉਹ ਮਿਲਣ ਲਈ ਵਾਪਸ ਆਇਆ ਤਾਂ ਉਸ ਨੇ ਉਨ੍ਹਾਂ ਲੋਕਾਂ ਨੂੰ ਜਿਨ੍ਹਾਂ ਨੂੰ ਇਹ ਬਰਕਤ ਮਿਲੀ ਸੀ, ਵੇਖਣ, ਸੁਣਨ, ਤਸਦੀਕ ਕਰਨ ਅਤੇ ਫ਼ੈਸਲਾ ਲੈਣ ਦਾ ਮੌਕਾ ਦਿੱਤਾ; ਫਿਰ ਵੀ ਉਨ੍ਹਾਂ ਨੇ ਉਸ ਨੂੰ ਠੁਕਰਾ ਦਿੱਤਾ ਅਤੇ ਉਸ ਨੂੰ ਨੇੜਲੀ ਘਾਟੀ ਤੋਂ ਧੱਕਾ ਦੇਣਾ ਚਾਹਿਆ (ਲੂਕਾ 4:29)। ਨਵੇਂ ਨੇਮ ਵਿਚ ਇਹ ਸਭ ਤੋਂ ਹੈਰਾਨ ਕਰ ਦੇਣ ਵਾਲੇ ਦ੍ਰਿਸ਼ਾਂ ਵਿੱਚੋਂ ਇਕ ਹੈ।

ਉਨ੍ਹਾਂ ਨੂੰ ਸ਼ਾਨਦਾਰ ਮੌਕਾ ਮਿਲਿਆ ਸੀ, ਕੋਈ ਇਸ ਨੂੰ ਇਵੇਂ ਕਿਵੇਂ ਹੱਥੋਂ ਜਾਣ ਦੇ ਸਕਦਾ ਹੈ? ਹੁਣ, ਆਪਣੇ ਬਾਰੇ ਸੋਚੋ। ਸਾਡੇ ਕੋਲ ਖ਼ੁਦਾ ਦਾ ਮੁਕੰਮਲ ਹੋ ਚੁਕਿਆ ਮੁਕਾਸ਼ਫ਼ਾ ਹੈ। ਜਿਸ ਵਿਚ ਇੰਜੀਲ ਦੇ ਚਾਰੇ ਵਿਰਤਾਂਤ ਹਨ। ਕਿੰਨਾਂ ਸ਼ਾਨਦਾਰ ਮੌਕਾ ਹੈ! ਭਲਾ ਅਸੀਂ ਵੀ ਯਿਸੂ ਦੇ ਹੁਕਮ ਨੂੰ ਮੰਨਣ ਦੇ ਮੌਕੇ ਨੂੰ ਹੱਥੋਂ ਜਾਣ ਦਿਆਂਗੇ? ਜੇ ਅਸੀਂ ਜਾਣ ਦਿੰਦੇ ਹਾਂ, ਤਾਂ ਅਸੀਂ ਨਾਸਰਤ ਦੇ ਲੋਕਾਂ ਨਾਲੋਂ ਵੀ ਮਾੜੇ ਹਾਂ।

*ਨਿਚੋੜ:* ਯਿਸੂ ਦੀਆਂ ਕਾਰਵਾਹੀਆਂ ਤੋਂ ਨਿਚੋੜ ਕੱਢਦਿਆਂ ਸਾਨੂੰ ਉਨ੍ਹਾਂ ਲੋਕਾਂ ਕੋਲ ਜਿਹੜੇ ਸਾਥੋਂ ਜਾਂ ਇੰਜੀਲ ਤੋਂ ਨਫ਼ਰਤ ਕਰਦੇ ਹਨ, ਕਿਵੇਂ ਜਾਣਾ ਚਾਹੀਦਾ ਹੈ? ਆਓ ਅਸੀਂ ਉਨ੍ਹਾਂ ਨੂੰ ਇਹ ਵੇਖਣ ਦਾ ਕਿ ਅਸੀਂ ਈਮਾਨਦਾਰ, ਸੰਦੇਸ਼ ਨੂੰ ਸਮਝਣ, ਜੋ ਕੁਝ ਅਸਾਂ ਸੁਣਿਆ ਹੈ ਉਸ ਦੀ ਤਸਦੀਕ ਕਰਨ ਦਾ ਕਿ ਉਹ ਸਚ ਹੈ ਅਤੇ ਇਸ ਬਾਰੇ ਆਪਣਾ ਮਨ ਬਣਾਉਣ ਦਾ ਮੌਕਾ ਦਈਏ। ਜੇ ਸਾਡੇ ਲਈ ਉਨ੍ਹਾਂ ਦੀ ਨਫ਼ਰਤ ਬਹੁਤ ਵੱਧ ਜਾਂਦੀ ਹੈ, ਤਾਂ ਸਾਨੂੰ ਚਾਹੀਦਾ ਹੈ ਕਿ ਛੱਡ ਕੇ ਚਲੇ ਜਾਈਏ। ਅਸੀਂ ਉਨ੍ਹਾਂ ਨਾਲ ਝਗੜਾ ਨਾ ਕਰੀਏ, ਬਦਲਾ ਨਾ ਲਈਏ, ਜਾਂ ਬਦਲੇ ਵਿਚ ਉਨ੍ਹਾਂ ਨਾਲ ਨਫ਼ਰਤ ਨਾ ਕਰੀਏ। ਯਿਸੂ ਚਲਿਆ ਗਿਆ। ਅਤੇ ਸਾਨੂੰ ਵੀ ਚਲੇ ਜਾਣਾ ਚਾਹੀਦਾ ਹੈ।

ਸੰਭਾਵਨਾ ਇਹੀ ਹੈ ਕਿ ਯਿਸੂ ਨਾਸਰਤ ਵਿਚ ਦੁਬਾਰਾ ਕਦੇ ਨਹੀਂ ਗਿਆ; ਪਰ ਸਾਨੂੰ ਪਤਾ ਹੈ ਕਿ ਅਖ਼ੀਰ ਵਿਚ ਉਹਦੇ ਪਰਿਵਾਰ ਦੇ ਲੋਕਾਂ ਨੇ ਵਿਸ਼ਵਾਸ ਕਰ ਲਿਆ। ਕਰਤੱਬ 1 ਵਿਚ ਯਿਸੂ ਦੇ ਉੱਪਰ ਉਠਾ ਲਏ ਜਾਣ ਤੋਂ ਬਾਅਦ ਉਸ ਦੇ ਪਰਿਵਾਰ ਦੇ ਲੋਕ ਚੇਲਿਆਂ ਨਾਲ ਇਕੱਠੇ ਹੁੰਦੇ ਸਨ। ਬਾਅਦ ਵਿਚ ਅਸੀਂ ਯਾਕੂਬ ਨੂੰ ਇਕ ਐਲਡਰ ਦੇ ਤੌਰ ਤੇ ਕੰਮ ਕਰਦਿਆਂ ਵੇਖਦੇ ਹਾਂ। ਅਸਲ ਵਿਚ ਉਸ ਨੇ ਯਰੂਸ਼ਲਮ ਦੀ ਸਭਾ ਦੇ ਇਕ ਆਗੂ ਦਾ ਕੰਮ ਕੀਤਾ। ਯਿਸੂ ਦੇ ਇਕ ਹੋਰ ਭਰਾ ਯੂਦਾਸ ਨੇ ਸੰਭਵ ਤੌਰ ਤੇ ਯਹੂਦਾ ਦੀ ਕਿਤਾਬ ਲਿਖੀ।

ਜਿਸ ਤਰੀਕੇ ਨਾਲ ਯਿਸੂ ਨੇ ਨਾਸਰਤ ਦੇ ਲੋਕਾਂ ਨੂੰ ਸਿਖਾਇਆ, ਉਸ ਨਾਲ ਹੋ ਸਕਦਾ ਹੈ ਕਿ ਉਸ ਦੇ ਪਰਿਵਾਰ ਦੇ ਲੋਕਾਂ ਨੂੰ ਬਹੁਤ ਦੇਰ ਬਾਅਦ ਉਸ ਵਿਚ ਵਿਸ਼ਵਾਸ ਲਿਆਉਣ ਵਿਚ ਮਦਦ ਮਿਲੀ ਹੋਵੇ। ਯਿਸੂ ਦੇ ਖ਼ੁਦਾ ਹੋਣ ਨੂੰ ਵੇਖਣ ਲਈ ਉਨ੍ਹਾਂ ਲਈ ਯਿਸੂ ਦੇ ਮਨੁੱਖ ਹੋਣ ਤੋਂ ਅੱਗੇ ਵੇਖਣਾ ਜ਼ਰੂਰੀ ਸੀ। ਇਹਦੇ ਲਈ ਕੁਝ ਸਮਾਂ ਲਗ ਗਿਆ, ਪਰ ਉਨ੍ਹਾਂ ਨੇ ਵਿਸ਼ਵਾਸ ਕੀਤਾ ਅਤੇ ਹੁਕਮ ਮੰਨਿਆ। ਸੰਭਵ ਹੈ ਕਿ ਸ਼ਹਿਰ ਦੇ ਦੂਜੇ ਲੋਕ ਵੀ ਯਿਸੂ ਵਿਚ ਵਿਸ਼ਵਾਸ ਕਰਨ ਲਗ ਪਏ। ਜੇ ਅਸੀਂ ਮੁਸ਼ਕਿਲ ਹਾਲਾਤ ਦਾ ਸਾਹਮਣਾ ਉਵੇਂ ਕਰੀਏ ਜਿਵੇਂ ਯਿਸੂ ਨੇ ਕੀਤਾ, ਤਾਂ ਯਕੀਨਨ ਅਸੀਂ ਆਖ ਸਕਦੇ ਹਾਂ ਕਿ ਸਾਡੇ ਕੰਮਾਂ ਨਾਲ ਭਲਿਆਈ ਹੀ ਨਿੱਕਲੇਗੀ।

**ਲੋਕਾਂ ਵਿਚ ਜਾਣਾ** (6:6-13)

ਯਿਸੂ ਨੇ ਆਪਣੇ ਰਸੂਲਾਂ ਨੂੰ ਅਗਵਾਈ ਕੀਤੀ ਸੀ ਕਿ ਆਪਣੇ ਮਿਸ਼ਨ ਦੇ ਸਬੰਧ ਵਿਚ ਉਹ ਉਨ੍ਹਾਂ ਤੋਂ ਕੀ ਕਰਵਾਉਣਾ ਚਾਹੁੰਦਾ ਹੈ। ਉਸ ਨੇ ਉਨ੍ਹਾਂ ਨੂੰ ਉਹ ਸੰਦੇਸ਼ ਜਿਸਦਾ ਉਨ੍ਹਾਂ ਨੇ ਪ੍ਰਚਾਰ ਕਰਨਾ ਸੀ, ਸਮਝਾ ਕੇ ਅਤੇ ਇਸ ਦੇ ਪ੍ਰਚਾਰ ਕਰਨ ਦਾ ਢੰਗ ਦੱਸ ਕੇ, ਇਕ ਤਰ੍ਹਾਂ ਨਾਲ ਉਨ੍ਹਾਂ ਨੂੰ ਚੰਗੀ ਤਰ੍ਹਾਂ ਨਾਲ ਸਮਝਾ ਦਿੱਤਾ ਸੀ। 6:6–13 ਦੇ ਮੁਤਾਬਿਕ ਉਸ ਤੋਂ ਬਾਅਦ ਉਸ ਨੇ ਉਨ੍ਹਾਂ ਨੂੰ ਉਸ ਇੰਜੀਲ ਦੇ ਪ੍ਰਚਾਰ ਲਈ ਜਿਹਦੇ ਲਈ ਉਸ ਨੇ ਉਨ੍ਹਾਂ ਨੂੰ ਤਿਆਰ ਕੀਤਾ ਸੀ, ਲੋਕਾਂ ਵਿਚ ਭੇਜਿਆ।

ਯਿਸੂ ਦੀ ਗਲੀਲ ਵਿਚਲੀ ਸੇਵਕਾਈ ਵਿਚ, ਇਹ ਪਹਿਲਾ ਖ਼ਾਸ ਕੈਂਪੇਨ ਸੀ ਜਿਸ ਤੇ ਯਿਸੂ ਨੇ ਬਾਰਾਂ ਰਸੂਲਾਂ ਨੂੰ ਭੇਜਿਆ। ਉਸ ਨੇ ਉਨ੍ਹਾਂ ਨੂੰ ਆਪਣੇ ਕੋਲ ਸੱਦਿਆ ਸੀ, ਉਸ ਨੇ ਉਨ੍ਹਾਂ ਨੂੰ ਕੁਝ ਸਮਾਂ ਸਿਖਾਉਣ ਲਈ ਉਨ੍ਹਾਂ ਨੂੰ ਆਪਣੇ ਕੋਲ ਰੱਖਿਆ ਸੀ; ਪਰ ਹੁਣ ਉਹ ਉਨ੍ਹਾਂ ਨੂੰ ਆਪਣੇ ਆਪ ਕੰਮ ਕਰਨ ਲਈ ਘੱਲ ਰਿਹਾ ਸੀ। ਉਨ੍ਹਾਂ ਨੇ ਦੂਜਿਆਂ ਨੂੰ ਉਹ ਸਿਖਾਉਣਾ ਸੀ ਜੋ ਉਨ੍ਹਾਂ ਨੇ ਮਸੀਹ ਤੋਂ ਮਿਲੀ ਇਸ ਨਿੱਜੀ ਪੜ੍ਹਾਈ ਤੋਂ ਸਿੱਖਿਆ ਸੀ। ਯਿਸੂ ਬਾਰੇ ਦੂਜਿਆਂ ਨੂੰ ਦੱਸਣ ਤੋਂ ਪਹਿਲਾਂ ਉਹਦੇ

ਨਾਲ ਸਮਾਂ ਬਿਤਾਉਣਾ ਜ਼ਰੂਰੀ ਹੈ। ਇਨ੍ਹਾਂ ਰਸੂਲਾਂ ਨੇ ਇਹੀ ਕੀਤਾ। ਕੁਝ ਸਮਾਂ ਆਪਣੇ ਪ੍ਰਭੂ ਨਾਲ ਬਿਤਾਉਣ ਤੋਂ ਬਾਅਦ ਹੁਣ ਉਹ ਦੂਜਿਆਂ ਨੂੰ ਉਹ ਦੱਸਣ ਲਈ ਤਿਆਰ ਸਨ ਜੋ ਉਨ੍ਹਾਂ ਨੇ ਉਹਦੇ ਨਾਲ ਰਹਿੰਦਿਆਂ ਵੇਖਿਆ, ਸਿੱਖਿਆ ਅਤੇ ਉਸ ਉੱਤੇ ਧਿਆਨ ਕੀਤਾ ਸੀ।

ਮਰਕੁਸ ਵਿਚ ਉਸ ਅਗਵਾਈ ਦਾ ਵੇਰਵਾ ਹੈ ਜਿਹੜੀ ਆਪਣੇ ਮਿਸ਼ਨ ਬਾਰੇ ਉਨ੍ਹਾਂ ਨੂੰ ਮਿਲੀ। ਮੱਤੀ ਬੜੇ ਵਿਸਤਾਰ ਨਾਲ ਉਨ੍ਹਾਂ ਨੂੰ ਮਿਲੀਆਂ ਹਦਾਇਤਾਂ ਬਾਰੇ ਦੱਸਦਾ ਹੈ ਕਿ ਉਨ੍ਹਾਂ ਨੇ ਕੀ ਕਰਨਾ ਸੀ ਅਤੇ ਕੀ ਨਹੀਂ (ਮੱਤੀ 10:5–42)। ਆਪਣੇ ਕੰਮ ਦੇ ਸਬੰਧ ਵਿਚ ਉਨ੍ਹਾਂ ਦੇ ਬਾਹਰ ਜਾਣ ਦਾ ਤਰੀਕਾ (ਜੋੜਾ ਜੋੜਾ ਕਰਕੇ); ਉਹ ਇਖ਼ਤਿਆਰ ਜਿਹਦੀ ਲੋੜ ਉਨ੍ਹਾਂ ਨੂੰ ਹੋਣੀ ਸੀ (ਮੋਅਜਜ਼ੇ ਕਰਨ ਦੀ ਤਸਦੀਕ); ਉਨ੍ਹਾਂ ਦੇ ਮਿਸ਼ਨ ਦਾ ਦਾਇਰਾ (ਸਿਰਫ਼ ਯਹੂਦੀਆਂ ਕੋਲ ਜਾਣਾ; ਮੱਤੀ 10:5, 6); ਉਨ੍ਹਾਂ ਦੇ ਪ੍ਰਚਾਰ ਦਾ ਵਿਸ਼ਾ (''ਸੁਰਗ ਦਾ ਰਾਜ''; ਮੱਤੀ 10: 7); ਨਾਲ ਕੀ ਲੈਣਾ ਹੈ ਜਾਂ ਕੀ ਨਹੀਂ; ਨਗਰਾਂ ਅਤੇ ਘਰਾਂ ਵਿਚ ਉਨ੍ਹਾਂ ਦਾ ਰਵੱਈਆ; ਅਤੇ ਜੇ ਉਨ੍ਹਾਂ ਨੂੰ ਕਬੂਲ ਨਹੀਂ ਕੀਤਾ ਜਾਂਦਾ ਤਾਂ ਉਹ ਕੀ ਕਰਨ, ਸ਼ਾਮਿਲ ਸਨ।

ਇਨ੍ਹਾਂ ਨੇ ਬਿਲਕੁਲ ਉਹੀ ਕੀਤਾ ਜੋ ਇਨ੍ਹਾਂ ਨੂੰ ਕਰਨ ਲਈ ਕਿਹਾ ਗਿਆ ਸੀ। ਅਸੀਂ ਪੜ੍ਹਦੇ ਹਾਂ, ''ਤਾਂ ਓਹ ਬਾਹਰ ਜਾ ਕੇ ਪ੍ਰਚਾਰ ਕਰਨ ਲੱਗੇ ਕਿ ਲੋਕ ਤੋਬਾ ਕਰਨ ਅਰ ਬਹੁਤ ਸਾਰਿਆਂ ਭੂਤਾਂ ਨੂੰ ਕੱਢ ਦਿੱਤਾ ਅਤੇ ਬਹੁਤ ਸਾਰੇ ਰੋਗੀਆਂ ਤੇ ਤੇਲ ਮਲ ਕੇ ਉਨ੍ਹਾਂ ਨੂੰ ਚੰਗਾ ਕੀਤਾ'' (6:12, 13)। ਯੂਹੰਨਾ ਅਤੇ ਯਿਸੂ ਲੋਕਾਂ ਕੋਲ ਇਹ ਪ੍ਰਮੁੱਖ ਸੰਦੇਸ਼ ਲੈ ਕੇ ਗਏ ਕਿ ਉਹ ਤੋਬਾ ਕਰਨ ਕਿਉਂ ਜੋ ਸੁਰਗ ਦਾ ਰਾਜ ਨੇੜੇ ਸੀ। ਚੰਗਿਆਈ ਦਿੰਦੇ ਹੋਏ ਉਹ ਬੀਮਾਰਾਂ ਉੱਤੇ ਤੇਲ ਮਲਦੇ ਸਨ। ਇਹ ਤੇਲ ਦਵਾਈ ਨਹੀਂ ਸੀ ਨਾ ਇਹ ਕੋਈ ਰਸਮ ਸੀ, ਇਹ ਉਨ੍ਹਾਂ ਨੂੰ ਹੀ ਦਿੱਤਾ ਜਾਂਦਾ ਹੋਵੇਗਾ ਜਿਨ੍ਹਾਂ ਨੂੰ ਪੂਰੀ ਰੂਹਾਨੀ ਜਾਣਕਾਰੀ ਨਾ ਹੋਵੇ ਕਿ ਉਨ੍ਹਾਂ ਨੂੰ ਖ਼ੁਦਾ ਵੱਲੋਂ ਚੰਗਿਆਈ ਮਿਲੀ ਹੈ।

ਇਨ੍ਹਾਂ ਨੂੰ ਬਾਹਰ ਘੱਲਣ ਦੀ ਯਿਸੂ ਦੀ ਕਾਰਵਾਹੀ ਵਿਚ, ਸਥਾਨਕ ਜਾਂ ਵਿਸ਼ਵਵਿਆਪੀ ਪੱਧਰ ਤੇ ਇੰਜੀਲ ਦੇ ਪ੍ਰਚਾਰ ਦੇ ਸਬੰਧ ਵਿਚ ਮਿਸ਼ਨ ਦੇ ਮੌਜੂਦਾ ਫ਼ਰਜ਼ਾਂ ਨੂੰ ਲਾਗੂ ਕਰਦੇ ਹੋਏ ਵੇਖਦੇ ਹਾਂ। ਖ਼ਾਸ ਤੌਰ ਤੇ ਰਸੂਲਾਂ ਨੂੰ ਉਨ੍ਹਾਂ ਨਗਰਾਂ ਅਤੇ ਕਸਬਿਆਂ ਵਿਚ ਜਿੱਥੇ ਉਹ ਨਹੀਂ ਗਿਆ ਸੀ, ਘੱਲਣ ਦੇ ਉਸ ਦੇ ਫ਼ੈਸਲੇ ਤੇ ਵਿਚਾਰ ਕਰਦੇ ਹੋਏ। ਇਸ ਸਬੰਧ ਵਿਚ ਅਸੀਂ ਇਕ ਢੁਕਵਾਂ ਸਵਾਲ ਪੁੱਛ ਸਕਦੇ ਹਾਂ ਕਿ ਯਿਸੂ ਨੇ ਇੱਥੇ ਇਸ ਢੰਗ ਦੀ ਵਰਤੋਂ ਕਰਨਾ ਕਿਉਂ ਚੁਣਿਆ।

1. ਪਹਿਲਾ ਸਪੱਸ਼ਟ ਕਾਰਣ ਇਹ ਹੈ ਕਿ ਉਸ ਨੇ ਇਸ ਢੰਗ ਦੀ ਵਰਤੋਂ ਇਸ ਕਰਕੇ ਕੀਤੀ ਕਿਉਂ ਜੋ *ਅਜਿਹਾ ਕਰਨਾ ਵਿਹਾਰਕ ਗੱਲ* ਸੀ। ਫ਼ਲਸਤੀਨ ਤੁਲਨਾਤਮਕ ਤੌਰ ਤੇ ਛੋਟਾ ਇਲਾਕਾ ਹੈ; ਸਾਨੂੰ ਲਗ ਸਕਦਾ ਹੈ ਕਿ ਸਲੀਬ ਦਿੱਤੇ ਜਾਣ ਤੋਂ ਪਹਿਲਾਂ ਯਿਸੂ ਹਰ ਹਿੱਸੇ ਵਿਚ ਗਿਆ ਹੋਵੇਗਾ। ਪਰ ਸਾਨੂੰ ਇਹ ਸਮਝਣਾ ਜ਼ਰੂਰੀ ਹੈ ਕਿ ਉਹ ਪੈਦਲ ਚੱਲਦਾ ਹੁੰਦਾ ਸੀ, ਬਹੁਤਾ ਸਮਾਂ ਮੌਸਮ ਬਹੁਤ ਗਰਮ ਹੁੰਦਾ ਸੀ ਅਤੇ ਉਹ ਲੋਕਾਂ ਨੂੰ ਸਿਖਾਉਣ ਲਈ ਖੁੱਲ੍ਹਾ ਸਮਾਂ ਮਿਲਣ ਲਈ ਹਰ ਥਾਂ ਕਾਫ਼ੀ ਸਮਾਂ ਬਿਤਾਉਣਾ ਚਾਹੁੰਦਾ ਸੀ। ਇਸ ਕਰਕੇ ਉਸ ਨੂੰ ਹਰ ਇਲਾਕੇ ਵਿਚ ਜਾਣ ਲਈ ਕਾਫ਼ੀ ਸਮਾ ਅਤੇ ਮਦਦ ਚਾਹੀਦੀ ਸੀ।

ਉਸ ਨੇ ਬਾਰਾਂ ਪੁਰਖਾਂ ਨੂੰ ਸਿਖਲਾਈ ਦੇਣ ਵਿਚ ਜਿਹੜੇ ਲੋੜੀਂਦਾ ਪ੍ਰਚਾਰ ਕਰਨ ਵਿਚ ਉਹਦੇ ਨਾਲ ਕੰਮ ਕਰ ਸਕਣ, ਸਿਆਣਪ ਵੇਖਦੇ ਹਨ। ਇਨ੍ਹਾਂ ਆਦਮੀਆਂ ਨੂੰ ਚੰਗੀ ਤਰ੍ਹਾਂ ਨਾਲ ਤਿਆਰ ਕੀਤਾ ਗਿਆ ਸੀ ਅਤੇ ਉਹ ਉਨ੍ਹਾਂ ਨੂੰ ਆਪਣੇ ਨੁਮਾਇੰਦੇ ਬਣਾ ਕੇ ਘੱਲ ਸਕਦਾ ਸੀ। ਅਸਲ ਵਿਚ ਉਸ ਨੇ ਉਨ੍ਹਾਂ ਨੂੰ ਦੱਸਿਆ, ''ਜਿਹੜਾ ਤੁਹਾਨੂੰ ਕਬੂਲ ਕਰੇ ਉਹ ਮੈਨੂੰ ਕਬੂਲ ਕਰਦਾ ਹੈ ਅਤੇ ਜਿਹੜਾ ਮੈਨੂੰ ਕਬੂਲ ਕਰੇ ਉਹ ਮੇਰੇ ਘੱਲਣ ਵਾਲੇ ਨੂੰ ਕਬੂਲ ਕਰਦਾ ਹੈ'' (ਮੱਤੀ 10:40)।

ਭਲਾ ਸਾਡੇ ਲਈ ਇਹ ਸਹੀ ਤਰੀਕਾ ਹੈ? ਭਲਾ ਅੱਜ ਅਸੀਂ ਆਪਣੇ ਕੰਮ ਵਿਚ ਇਸ ਤਰੀਕੇ ਦੀ ਵਰਤੋਂ ਕਰ ਸਕਦੇ ਹਾਂ? ਸਾਨੂੰ ਇਸ ਹਕੀਕਤ ਨੂੰ ਮੰਨਣਾ ਪਵੇਗਾ ਕਿ ਲੋਕ ਸਾਡੀਆਂ ਸਭਾਵਾਂ

ਵਿਚ ਸਚਿਆਈ ਦੀ ਖੋਜ ਲਈ ਨਹੀਂ ਆਉਂਦੇ। ਉਨ੍ਹਾਂ ਨੂੰ ਨਹੀਂ ਪਤਾ ਕਿ ਅਸੀਂ ਕੌਣ ਹਾਂ ਜਾਂ ਅਸੀਂ ਕੀ ਕਰ ਰਹੇ ਹਾਂ। ਵਿਹਾਰਕ ਗੱਲ ਕਰੀਏ ਤਾਂ ਜੇ ਅਸੀਂ ਚਾਹੁੰਦੇ ਹਾਂ ਕਿ ਸਾਨੂੰ ਦੂਜਿਆਂ ਨੂੰ ਸਿਖਾਉਣ ਦੇ ਮੌਕੇ ਮਿਲਣ ਤਾਂ ਸਾਨੂੰ ਉਨ੍ਹਾਂ ਕੋਲ ਜਾਣਾ ਪਵੇਗਾ।

ਕਿਸੇ ਨਵੇਂ ਇਲਾਕੇ ਵਿਚ ਜਾਣ ਤੇ ਹਰ ਪ੍ਰਚਾਰਕ ਦੇ ਸਾਹਮਣੇ ਇਹ ਚੁਣੌਤੀ ਆਉਂਦੀ ਹੈ। ਜੇ ਪ੍ਰਚਾਰਕ ਨੂੰ ਗੈਰ ਮਾਮੂਲੀ ਹਾਲਾਤ ਮਿਲਦੇ ਹਨ ਜਿਸ ਵਿਚ ਲੋਕ ਉਹਦੇ ਕੋਲ ਆ ਰਹੇ ਹਨ ਤਾਂ ਖ਼ਾਸ ਸਵੀਕਾਰੇ ਜਾਣ ਦੇ ਖੇਤਰ ਵਿਚ ਉਹ ਮੁਬਾਰਕ ਹੈ। ਇਹ ਹਾਲਤ ਹਰ ਥਾਂ ਨਹੀਂ ਮਿਲਦੀ। ਹਰ ਥਾਂ ਪ੍ਰਚਾਰਕ ਨੂੰ ਬਾਹਰ ਜਾ ਕੇ ਸੁਣਨ ਵਾਲਿਆਂ ਨੂੰ ਲੱਭਣਾ ਪੈਂਦਾ ਹੈ।

ਜੇ ਲੋਕ ਸਾਡੇ ਕੋਲ ਨਹੀਂ ਆ ਰਹੇ ਤਾਂ ਸਾਨੂੰ ਉਨ੍ਹਾਂ ਕੋਲ ਜਾਣ ਦਾ ਕੋਈ ਤਰੀਕਾ ਲੱਭਣਾ ਪਵੇਗਾ। ਸਾਨੂੰ ਉਹੋ ਜਿਹੇ ਤਰੀਕੇ ਦੀ ਲੋੜ ਹੈ ਜਿਹੋ ਜਿਹਾ ਪ੍ਰਭੂ ਨੇ ਵਰਤਿਆ। ਲੋਕਾਂ ਨੂੰ ਮਿਲਣਾ ਹੋ ਸਕਦਾ ਹੈ ਕਿ ਸਭ ਤੋਂ ਅਸਾਨ ਤਰੀਕਾ ਨਾ ਹੋਵੇ, ਪਰ ਲਗਦਾ ਨਹੀਂ ਹੈ ਕਿ ਕੋਈ ਹੋਰ ਤਰੀਕਾ ਐਨਾ ਵਧੀਆ ਹੋਵੇ। ਜਾਂ ਤਾਂ ਅਸੀਂ ਜਾਈਏ ਅਤੇ ਜਾਂ ਫਿਰ ਬੈਠੇ ਰਹੀਏ; ਜੇ ਅਸੀਂ ਬੈਠੇ ਰਹਿੰਦੇ ਹਾਂ ਤਾਂ ਸੰਭਵ ਤੌਰ ਤੇ ਸਾਨੂੰ ਲੋਕਾਂ ਨੂੰ ਸਿਖਾਉਣ ਦੇ ਬਹੁਤ ਘੱਟ ਮੌਕੇ ਮਿਲਣਗੇ। ਸਾਨੂੰ ਵੀ ਲੋਕਾਂ ਕੋਲ ਜਾਣਾ ਹੀ ਪਵੇਗਾ ਕਿਉਂ ਜੋ ਕਰਨ ਲਈ ਇਹ ਵਿਹਾਰੀ ਗੱਲ ਹੈ।

2. ਯਿਸੂ ਦੇ ਇਨ੍ਹਾਂ ਰਸੂਲਾਂ ਨੂੰ ਲੋਕਾਂ ਵਿਚ ਘੱਲਣ ਦਾ ਇਕ ਹੋਰ ਕਾਰਣ ਇਹ ਹੈ ਕਿ *ਅਜਿਹਾ ਕਰਨਾ ਸਮੇਂ ਦੇ ਮੁਤਾਬਿਕ* ਸੀ। ਉਸ ਦੀ ਸੇਵਕਾਈ ਦੇ ਹਰ ਹਿੱਸੇ ਨੂੰ ਗਿਣ ਲਿਆ ਜਾਵੇ ਤਾਂ ਇਹ ਮੁਸ਼ਕਿਲ ਨਾਲ ਤਿੰਨ ਤੋਂ ਵੱਧ ਸਾਲਾਂ ਤਕ ਦੀ ਸੀ। ਲੋਕ ਕਈ ਵਾਰ ਸੁਣਨ ਲਈ ਤਿਆਰ ਹੁੰਦੇ ਸਨ ਅਤੇ ਕਈ ਵਾਰ ਨਹੀਂ। ਯਿਸੂ ਦੇ ਸਮੇਂ ਵਿਚ, ਕਿਸੇ ਦੂਤ ਨੂੰ ਘੱਲ ਕੇ ਜਾਂ ਸੁਨੇਹਾ ਦੇਣ ਲਈ ਆਪ ਜਾ ਕੇ ਗੱਲ ਪਹੁੰਚਾਈ ਜਾਂਦੀ ਸੀ।

ਯਿਸੂ ਦੀ ਸੇਵਕਾਈ ਇਕ ਹਲਚਲ ਪੈਦਾ ਕਰ ਦੇਣ ਵਾਲਾ ਅੰਦੋਲਨ ਸੀ। ਦੁਨੀਆਂ ਆਖਦੀ ਹੈ, ਸਾਨੂੰ ਸਚਿਆਈ ਚਾਹੀਦੀ ਹੈ। ਪਰ ਜਦ ਸਚਿਆਈ ਨੂੰ ਪਾਉਣ ਦਾ ਮੌਕਾ ਮਿਲਦਾ ਹੈ, ਤਾਂ ਦੁਨੀਆਂ ਦੇ ਲੋਕਾਂ ਨੂੰ ਪਤਾ ਨਹੀਂ ਲਗਦਾ ਕਿ ਉਨ੍ਹਾਂ ਨੂੰ ਚਾਹੀਦੀ ਹੈ ਜਾਂ ਨਹੀਂ। ਸਚਿਆਈ ਦੀ ਮੰਗ ਦੇ ਮੁਤਾਬਿਕ ਆਪਣੀਆਂ ਜ਼ਿੰਦਗੀਆਂ ਨੂੰ ਬਦਲਣ ਦੀ ਲੋਕਾਂ ਦੀ ਕੋਈ ਮਰਜ਼ੀ ਨਹੀਂ ਹੈ। ਯਿਸੂ ਦੇ ਸਮੇਂ ਦੇ ਲੋਕ ਉਸ ਦੀ ਸੇਵਕਾਈ ਨੂੰ ਤਿੰਨ ਤੋਂ ਵੱਧ ਸਾਲਾਂ ਤਕ ਨਹੀਂ ਝੱਲ ਸਕੇ। ਉਸ ਦੇ ਦੁਸ਼ਮਣਾਂ ਦਾ ਵੱਸ ਚੱਲਦਾ ਤਾਂ ਉਨ੍ਹਾਂ ਨੇ ਉਸ ਨੂੰ ਪਹਿਲਾਂ ਹੀ ਸਲੀਬ ਚੜ੍ਹਾ ਦੇਣਾ ਸੀ।

ਇਸ ਕਰਕੇ ਯਿਸੂ ਜਿੰਨੀ ਛੇਤੀ ਹੋ ਸਕੇ, ਵੱਧ ਤੋਂ ਵੱਧ ਸਿੱਖਿਆ ਦੇਣਾ ਚਾਹੁੰਦਾ ਸੀ। ਉਹ ਜਦ ਵੀ ਕੋਈ ਮੋਅਜਜ਼ਾ ਕਰਦਾ ਤਾਂ ਭੀੜ ਨੂੰ ਇਹ ਆਖ ਕੇ ਰੋਕਣਾ ਚਾਹੁੰਦਾ ਸੀ ਕਿ ‘‘ਕਿਸੇ ਨੂੰ ਨਾ ਦੱਸਣਾ।’’ ਲੋਕਾਂ ਦੇ ਉਸ ਨੂੰ ਅੱਗੇ ਵਧਣ ਦੇਣ ਤੇ ਜੇ ਉਹ ਫ਼ੁਰਤੀ ਨਾਲ ਨਾ ਨਿੱਕਲਦਾ ਤਾਂ ਸਲੀਬ ਨੇ ਉਸ ਨੂੰ ਫੜ੍ਹ ਲੈਣਾ ਸੀ।

ਸਮੇਂ ਨਾਲ ਸਾਡੀ ਇਹੀ ਦਿੱਕਤ ਹੈ। ਆਪਣੇ ਆਲੇ ਦੁਆਲੇ ਦੇ ਲੋਕਾਂ ਤਕ ਪਹੁੰਚਣ ਲਈ ਸਾਡੇ ਕੋਲ ਬਹੁਤਾ ਸਮਾਂ ਨਹੀਂ ਹੈ। ਹੋ ਸਕਦਾ ਹੈ ਕਿ ਉਹ ਕਿਤੇ ਹੋਰ ਚਲੇ ਜਾਣ, ਰੂਹਾਨੀ ਗੱਲਾਂ ਵਿਚ ਉਨ੍ਹਾਂ ਦੀ ਦਿਲਚਸਪੀ ਘਟ ਜਾਏ ਜਾਂ ਉਨ੍ਹਾਂ ਦੀ ਮੌਤ ਹੋ ਜਾਏ। ਸਮਾਂ ਹਮੇਸ਼ਾ ਹੀ ਵੱਡੀ ਗੱਲ ਹੁੰਦਾ ਹੈ। ਯਿਸੂ ਨਾਲ ਵੀ ਅਜਿਹਾ ਹੀ ਸੀ ਅਤੇ ਸਾਡੇ ਨਾਲ ਵੀ ਅਜਿਹਾ ਹੀ ਹੈ। ਸਾਨੂੰ ਜਾਣਾ ਪਵੇਗਾ ਕਿਉਂ ਜੋ ਸਮੇਂ ਦੇ ਮੁਤਾਬਿਕ ਕੀਤੀ ਜਾਣ ਵਾਲੀ ਇਹੀ ਗੱਲ ਹੈ।

3. ਯਿਸੂ ਨੇ ਆਪਣੇ ਰਸੂਲਾਂ ਨੂੰ ਲੋਕਾਂ ਵਿਚ ਘੱਲਿਆ ਕਿਉਂ ਜੋ ਇਹ *ਕੀਤੇ ਜਾਣ ਲਈ ਪ੍ਰਭਾਵਸ਼ਾਲੀ ਗੱਲ* ਸੀ। ਸਾਡੇ ਪ੍ਰਭੂ ਨੇ ਉਹਦੇ ਕੋਲ ਉਪਲਬਧ ਸਭ ਤੋਂ ਵਧੀਆ ਢੰਗਾਂ ਦੀ ਵਰਤੋਂ ਕੀਤੀ। ਉਸ ਨੇ ਆਪਣੇ ਰਸੂਲਾਂ ਨੂੰ ਰੋਜ਼ ਨਹੀਂ ਘੱਲਿਆ, ਬਲਕਿ ਉਸ ਨੇ ਉਨ੍ਹਾਂ ਸਮਿਆਂ ਦੀ ਯੋਜਨਾ ਬਣਾਈ ਕਿ ਉਨ੍ਹਾਂ ਨੂੰ ਕਦੋਂ ਘੱਲਣਾ ਹੈ। ਇਸ ਵਿਚ ਉਹ ਬਲਕੁਲ ਸਪੱਸ਼ਟ ਸੀ। ਉਨ੍ਹਾਂ ਦੇ ਬਾਹਰ ਜਾਣ

ਸਬੰਧੀ ਵਿਸਤਾਰ ਨਾਲ ਹਦਾਇਤਾਂ ਦਿੱਤੀਆਂ। ਬੇਸ਼ੱਕ ਉਸ ਨੇ ਉਨ੍ਹਾਂ ਨੂੰ ਬਾਹਰ ਜਾਣ ਲਈ ਕਹਿਣ ਤੋਂ ਪਹਿਲਾਂ ਉਨ੍ਹਾਂ ਨਾਲ ਅਜਿਹੇ ਮਿਸ਼ਨ ਕਾਰਜ ਨਾਲ ਸਬੰਧਿਤ ਗੱਲਬਾਤ ਕੀਤੀ ਹੋਵੇਗੀ। ਉਨ੍ਹਾਂ ਨੂੰ ਘੱਲਣ ਵੇਲੇ ਉਸ ਨੇ ਉਨ੍ਹਾਂ ਨੂੰ ਜਾਣ ਲਈ ਤਿਆਰ ਕੀਤਾ। ਵਾਪਸ ਆਉਣ ਤੇ ਉਹ ਆਪਣੀਆਂ ਪ੍ਰਾਪਤੀਆਂ ਤੇ ਖੁਸ਼ ਹੋ ਸਕਦੇ ਸਨ।

ਸਾਨੂੰ ਯਾਦ ਰੱਖਣਾ ਪਵੇਗਾ ਕਿ ਖੁਸ਼ਖ਼ਬਰੀ ਨੂੰ ਦੱਸਣ ਦਾ ਸਭ ਤੋਂ ਵਧੀਆ ਤਰੀਕਾ ਇਕੱਲੇ ਇਕੱਲੇ ਨਾਲ ਗੱਲ ਕਰਨਾ ਹੈ ਭਾਵ ਇਹ ਇਕ ਜਣਾ ਦੇ ਦੂਜੇ ਨਾਲ ਗੱਲ ਕਰਨਾ ਹੈ। ਇਸ ਪ੍ਰਕਿਰਿਆ ਦੀ ਸ਼ੁਰੂਆਤ ਹੋਣ ਵਾਲੇ ਚੇਲੇ ਨਾਲ ਸੰਬੰਧ ਬਨਾਉਣ ਨਾਲ ਹੁੰਦੀ ਹੈ। ਅਜਿਹਾ ਸੰਬੰਧ ਬਨਾਉਣ ਦਾ ਸਭ ਤੋਂ ਪ੍ਰਭਾਵਸ਼ਾਲੀ ਤਰੀਕਾ ਲੋਕਾਂ ਦੇ ਵਿਚ ਰਹਿਣਾ ਹੈ। ਸੰਪਰਕ ਹਮੇਸ਼ਾ ਬਾਈਬਲ ਅਧਿਐਨ ਕਰਨਾ ਚਾਹ ਰਹੇ ਲੋਕਾਂ ਨੂੰ ਲੱਭਣ ਲਈ ਇਕ ਹਫ਼ਤੇ ਦੀ ਕੋਸ਼ਿਸ਼ ਨਾਲ ਨਹੀਂ ਮਿਲਦੇ। ਇਹ ਸੰਪਰਕ ਹਸਪਤਾਲ ਵਿਚ ਬਿਮਾਰਾਂ ਨੂੰ ਮਿਲਣ ਜਾਣ ਨਾਲ ਬਣ ਸਕਦੇ ਹਨ। ਅਸੀਂ ਕੰਮ ਦੀ ਥਾਂ ਤੇ, ਬਜ਼ਾਰ ਵਿਚ ਘੁੰਮਦੇ ਹੋਏ ਉਨ੍ਹਾਂ ਨਾਲ ਗੱਲਬਾਤ ਕਰਕੇ ਵਚਨ ਦੇ ਸਿੱਖਣ ਦੇ ਚਾਹਵਾਨਾਂ ਨੂੰ ਮਿਲ ਸਕਦੇ ਹਾਂ।

ਕਿਸੇ ਨੂੰ ਖੁਸ਼ਖ਼ਬਰੀ ਸੁਨਾਉਣ ਦਾ ਉਸ ਨਾਲ ਸਬੰਧ ਬਨਾਉਣ ਨਾਲੋਂ ਅਸਰਦਾਇਕ ਤਰੀਕਾ ਨਹੀਂ ਹੈ। ਇਸ ਤੋਂ ਬਾਅਦ ਅਸੀਂ ਓਸੇ ਵਧੀਆ, ਸਾਰਥਕ ਸਬੰਧ ਵਿਚ ਰਹਿ ਕੇ ਖੁਸ਼ਖ਼ਬਰੀ ਸੁਣਾ ਸਕਦੇ ਹਾਂ। ਅਸੀਂ ਲੋਕਾਂ ਵਿਚ ਜਾਂਦੇ ਹਾਂ ਕਿਉਂ ਜੋ ਅਸੀਂ ਮਸੀਹ ਲਈ ਦੂਜਿਆਂ ਤਕ ਪਹੁੰਚਣ ਵਿਚ ਅਸਰਦਾਇਕ ਹੋਣਾ ਚਾਹੁੰਦੇ ਹਾਂ।

*ਨਿਚੋੜ:* ਯਿਸੂ ਦਾ ‘‘ਸਾਡੇ ਵਿੱਚ ਆਉਣਾ’’ ਐਨਾ ਜ਼ਰੂਰੀ ਸੀ ਕਿ ਨਵੇਂ ਨੇਮ ਦੀਆਂ ਪਹਿਲੀਆਂ ਚਾਰ ਕਿਤਾਬਾਂ ਸਾਨੂੰ ਇਸੇ ਬਾਰੇ ਦੱਸਣ ਲਈ ਸਮਰਪਤ ਹਨ। ਇੰਜੀਲ ਦੇ ਵਿਰਤਾਂਤਾਂ ਨੂੰ ਪੜ੍ਹ ਕੇ ਸਾਨੂੰ ਪਤਾ ਲਗਦਾ ਹੈ ਕਿ ਯਿਸੂ ਨੇ ਕੀ ਕੀਤਾ; ਪਰ ਸਾਨੂੰ ਇਹ ਵੀ ਪਤਾ ਲਗਦਾ ਹੈ ਕਿ ਸਾਡੇ ਲਈ ਕੀ ਕਰਨਾ ਜ਼ਰੂਰੀ ਹੈ। ਦੂਜਿਆਂ ਤਕ ਪਹੁੰਚਣ ਲਈ ਵਰਤਿਆ ਗਿਆ ਯਿਸੂ ਦਾ ਤਰੀਕਾ ਉਹੀ ਤਰੀਕਾ ਹੈ ਜਿਹੜਾ ਉਹਦੇ ਲਈ ਦੂਜਿਆਂ ਨੂੰ ਜਿੱਤਣ ਵਿਚ ਸਾਨੂੰ ਵਰਤਣ ਦੀ ਲੋੜ ਹੈ। ਯਕੀਨਨ ਅਸੀਂ ਦੂਜਿਆਂ ਤਕ ਜਾਣ ਦੇ ਯਿਸੂ ਦੇ ਤਰੀਕੇ ਨਾਲੋਂ ਬਿਹਤਰ ਨਹੀਂ ਕਰ ਸਕਦੇ।

ਇਕ ਮਿਸ਼ਨਰੀ ਖ਼ਤਰਨਾਕ ਹਾਲਤ ਵਿਚ ਦਾਖਲ ਹੋ ਰਿਹਾ ਸੀ। ਉਸ ਦੇ ਦੋਸਤਾਂ ਨੇ ਉਸ ਤੋਂ ਪੁੱਛਿਆ, ‘‘ਤੈਨੂੰ ਨਹੀਂ ਲਗਦਾ ਕਿ ਇੱਥੇ ਰਹਿ ਕੇ ਸੁਰੱਖਿਅਤ ਥਾਂਵਾਂ ਵਿਚ ਕੰਮ ਕਰਨਾ ਬਿਹਤਰ ਹੋਵੇਗਾ?’’ ਮਿਸ਼ਨਰੀ ਨੇ ਝੱਟ ਜਵਾਬ ਦਿੱਤਾ, ‘‘ਕੀ ਹੁੰਦਾ ਜੇ ਫ਼ਰਿਸ਼ਤੇ ਯਿਸੂ ਨੂੰ ਸਾਡੇ ਕੋਲ ਆਉਣ ਤੋਂ ਪਹਿਲਾਂ ਇਹ ਕਹਿ ਦਿੰਦੇ, ‘ਜੇ ਤੁਸੀਂ ਹੇਠਾਂ ਜਾਓਗੇ ਤਾਂ ਉਹ ਤੁਹਾਨੂੰ ਮਾਰ ਸੁੱਟਣਗੇ’? ਅਤੇ ਉਹ ਉਨ੍ਹਾਂ ਨੂੰ ਆਖਦਾ, ‘ਮੈਨੂੰ ਜਾਣਾ ਪਵੇਗਾ। ਉਨ੍ਹਾਂ ਦੀ ਉਮੀਦ ਮੈਂ ਹੀ ਹਾਂ।’ ’’ ਹਾਂ, ਲੋਕਾਂ ਨੂੰ ਸੁਰਗ ਵਿਚ ਲਿਜਾਣ ਲਈ ਯਿਸੂ ਸੁਰਗ ਨੂੰ ਛੱਡ ਕੇ ਧਰਤੀ ਤੇ ਆਇਆ। ਉਹ ਆਇਆ ਤਾਂ ਜੋ ਸਾਨੂੰ ਉਮੀਦ ਮਿਲ ਸਕੇ, ਅਤੇ ਇਸ ਉਮੀਦ ਨੂੰ ਦੂਜਿਆਂ ਨਾਲ ਸਾਂਝਾ ਕਰਨਾ ਜ਼ਰੂਰੀ ਹੈ। ਸਾਨੂੰ ਚਾਹੀਦਾ ਹੈ ਕਿ ਜਿਵੇਂ ਵੀ ਜਾ ਸਕੀਏ, ਜਾਈਏ। ਉਹਦੇ ਨਾਂਅ ਵਿਚ ਜਾਈਏ, ਅਤੇ ਜਿੰਨੇ ਲੋਕਾਂ ਤਕ ਜਾ ਸਕੀਏ, ਜਾਈਏ।

ਜਦ ਅਸੀਂ ਯਿਸੂ ਦੀ ਸੇਵਕਾਈ ਨੂੰ ਵੇਖਦੇ ਹਾਂ, ਤਾਂ ਸਾਨੂੰ ਇਸ ਤੱਥ ਤੇ ਹੈਰਾਨੀ ਹੁੰਦੀ ਹੈ ਕਿ ਯਿਸੂ ਸਾਡੇ ਕੋਲ ਆਇਆ। ਉਸ ਨੇ ਦੇਹਧਾਰੀ ਹੋਣ ਦਾ ਤਰੀਕਾ ਅਪਣਾ ਕੇ ਸੁਰਗ ਨੂੰ ਛੱਡਿਆ ਅਤੇ ਸਾਡੇ ਕੋਲ ਆ ਗਿਆ। ਉਹਦਾ ਮੰਨਣਾ ਸੀ ਕਿ ਸਾਨੂੰ ਉਸ ਨੂੰ ਦੇਹ ਵਿਚ, ਸਾਡੇ ਵਿਚ ਚੱਲਦਿਆਂ ਵੇਖਣ ਦੀ ਲੋੜ ਹੈ। ਉਹ ਰਾਜ ਦੇ ਸੰਦੇਸ਼ ਦੇ ਸਾਰ ਨੂੰ ਸਾਡੇ ਦਿਲ ਤੇ ਲਾਉਣ ਨੂੰ ਹਰ ਅਸੰਭਵ ਅਸਾਨ ਬਨਾਉਣਾ ਚਾਹ ਰਿਹਾ ਸੀ।

**ਜ਼ਿੰਦਗੀ ਦੀਆਂ ਜ਼ਰੂਰਤਾਂ ਨਾਲ ਪੇਸ਼ ਆਉਣਾ** (6: 14-16)

ਪੂਰੇ ਗਲੀਲ ਵਿਚ ਯਿਸੂ ਨੇ ਕਾਫ਼ੀ ਪ੍ਰਚਾਰ ਕਰਕੇ ਸਿੱਖਿਆ ਦੇ ਦਿੱਤੀ ਸੀ। ਉਹ ਅਤੇ ਉਹਦੇ

ਚੇਲੇ ਪ੍ਰਚਾਰ ਕਰ ਰਹੇ ਸਨ ਕਿ ਲੋਕਾਂ ਨੂੰ ਤੋਬਾ ਕਰਨੀ ਚਾਹੀਦੀ ਹੈ (6:6–12) ਅਤੇ ਉਸ ਦੇ ਸੰਦੇਸ਼ਾਂ ਨਾਲ ਕਾਫ਼ੀ ਹਲਚਲ ਪੈਦਾ ਹੋ ਗਈ ਸੀ। ਇਸ ਤੋਂ ਇਲਾਵਾ ਉਨ੍ਹਾਂ ਨੇ ''ਬਹੁਤ ਸਾਰਿਆਂ ਭੂਤਾਂ ਨੂੰ ਕੱਢ ਦਿੱਤਾ ਅਤੇ ਬਹੁਤ ਸਾਰੇ ਰੋਗੀਆਂ ਤੇ ਤੇਲ ਮਲ ਕੇ ਉਨ੍ਹਾਂ ਨੂੰ ਚੰਗਾ ਕੀਤਾ'' (6:13)। ਪ੍ਰਚਾਰ ਅਤੇ ਮੋਅਜਜ਼ਿਆਂ ਨਾਲ ਯਿਸੂ ਦੀ ਮਸ਼ਹੂਰੀ ਹੋ ਰਹੀ ਸੀ ਅਤੇ ਉਸ ਸਭ ਦਾ ਜੋ ਉਹ ਕਰ ਰਿਹਾ ਸੀ, ਪ੍ਰਚਾਰ ਹਰ ਪਾਸੇ ਫੈਲ ਰਿਹਾ ਸੀ।

ਹੇਰੋਦੇਸ ਨੇ ਯਿਸੂ ਦੀ ਸਿੱਖਿਆ ਨੂੰ, ਅਤੇ ਖ਼ਾਸ ਕਰਕੇ ਉਸ ਦੇ ਮੋਅਜ਼ਿਆਂ ਨੂੰ ਸੁਣਿਆ ਤਾਂ, ਉਹਦੇ ਮਨ ਵਿਚ ਬੜਾ ਡਰ ਬੈਠ ਗਿਆ। ਉਹਨੇ ਆਪਣੇ ਸੇਵਕਾਂ ਨੂੰ ਆਖਿਆ, ''ਇਹ ਯੂਹੰਨਾਂ ਬਪਤਿਸਮਾ ਦੇਣ ਵਾਲਾ ਹੈ। ਉਹ ਮੁਰਦਿਆਂ ਵਿੱਚੋਂ ਜੀ ਉੱਠਿਆ ਹੈ ਅਤੇ ਇਸੇ ਲਈ ਉਹਦੇ ਵਿਚ ਇਹ ਸ਼ਕਤੀਆਂ ਕੰਮ ਕਰ ਰਹੀਆਂ ਹਨ!'' (ਮੱਤੀ 14:1)। ਇਸ ਸਮੇਂ ਯਿਸੂ ਦੀ ਮਸ਼ਹੂਰੀ ''ਸਿਖਰ'' ਤੇ ਸੀ। ਹਰ ਥਾਂ, ਹਰ ਕੋਈ ਓਸੇ ਦੀ ਗੱਲ ਕਰ ਰਿਹਾ ਸੀ। ਕੋਈ ਆਖ ਰਿਹਾ ਸੀ, ''ਇਹ ਏਲੀਆਹ ਹੈ'' ਜਦਕਿ ਦੂਸਰੇ ਆਖ ਰਹੇ ਸਨ, ''ਇਹ ਨਬੀਂ ਹੈ ਹੋਰਨਾਂ ਨਬੀਆਂ ਵਰਗਾ'' (ਮਰਕੁਸ 6:15)। ਪਰ ਜਦ ਉਹਦੀ ਮਸ਼ਹੂਰੀ ਦੀਆਂ ਖ਼ਬਰਾਂ ਹੇਰੋਦੇਸ ਕੋਲ ਪਹੁੰਚੀਆਂ ਤਾਂ ਉਹ ਕੰਬਦੇ, ਹੱਕਾ ਬੱਕਾ ਹੋਏ ਅਤੇ ਤਕਲੀਫ਼ ਭਰੇ ਮਨ ਨਾਲ ਇਹੀ ਆਖਦਾ ਰਿਹਾ, ''ਯੂਹੰਨਾ ਜਿਹ ਦਾ ਸਿਰ ਮੈਂ ਵਢਵਾਇਆ ਸੀ ਉਹ ਜੀ ਉੱਠਿਆ ਹੈ'' (6:16)। ਹੇਰੋਦੇਸ ਨੂੰ ਇਹੀ ਗੱਲ ਪਰੇਸ਼ਾਨ ਕਰ ਰਹੀ ਸੀ ਕਿ ਉਹ ਕੀ ਕਰ ਬੈਠਾ ਹੈ। ਨੀਂਦ ਵਿਚ ਉਹ ਬੁੜਬੁੜਾਉਂਦਾ ਰਹਿੰਦਾ ਸੀ ਅਤੇ ਉਹਦਾ ਅੰਤਹਕਰਣ ਹਰ ਵੇਲੇ ਉਹ ਨੂੰ ਸਤਾਉਂਦਾ ਰਹਿੰਦਾ ਹੋਵੇਗਾ।

ਹੇਰੋਦੇਸ ਦਾ ਸਾਹਮਣਾ ''ਜ਼ਿੰਦਗੀ ਦੀਆਂ ਜ਼ਰੂਰੀ ਗੱਲਾਂ'' ਨਾਲ ਹੋ ਰਿਹਾ ਸੀ। ਉਲਟਾ ਪੈ ਜਾਣ ਵਾਂਗ ਇਹ ਸਚਿਆਈਆਂ ਬਾਹਰ ਜਾ ਕੇ ਸਾਡੇ ਵੱਲ ਫੇਰ ਮੁੜ ਆਉਂਦੀਆਂ ਹਨ। ਦੁਨੀਆਂ ਦੇ ਹਰ ਸ਼ਖ਼ਸ ਨੂੰ ਇਸ ਹਕੀਕਤ ਤੇ ਵਿਚਾਰ ਕਰਨਾ ਚਾਹੀਦਾ ਹੈ। ਇਸ ਹਵਾਲੇ ਵਿਚ ਮਿਲਣ ਵਾਲੀਆਂ ''ਜ਼ਿੰਦਗੀ ਦੀਆਂ ਜ਼ਰੂਰੀ ਗੱਲਾਂ'' ਕਿਹੜੀਆਂ ਹਨ?

1. *ਯਿਸੂ ਦੀ ਜ਼ਰੂਰਤ*। ਹੇਰੋਦੇਸ ਯਿਸੂ ਨੂੰ ਮਿਲੇ ਬਗੈਰ ਗਲੀਲ ਵਿਚ ਰਹਿ ਕੇ ਹਕੂਮਤ ਨਹੀਂ ਕਰ ਸਕਦਾ ਸੀ। ਬਾਈਬਲ ਵਿੱਚੋਂ ਜਿੰਨਾਂ ਸਾਨੂੰ ਪਤਾ ਹੈ, ਹੇਰੋਦੇਸ ਨੇ ਅਸਲ ਵਿਚ ਯਿਸੂ ਨੂੰ ਪ੍ਰਚਾਰ ਕਰਦਿਆਂ ਜਾਂ ਉਪਦੇਸ਼ ਦਿੰਦਿਆਂ ਨਹੀਂ ਸੁਣਿਆ ਸੀ; ਪਰ ਅਜਿਹਾ ਸਮਾਂ ਆਉਣਾ ਸੀ ਜਦ ਉਹਨੂੰ ਉਹਦੇ ਸਾਹਮਣੇ ਆਉਣਾ ਪੈਣਾ ਸੀ।

ਯਿਸੂ ਦੀਆਂ ਪੇਸ਼ੀਆਂ ਦੌਰਾਨ ਹੇਰੋਦੇਸ਼ ਯਰੂਸ਼ਲਮ ਵਿਚ ਜਿਸ ਕਰਕੇ ਪਿਲਾਤੁਸ ਨੇ ਯਿਸੂ ਨੂੰ ਉਹਦੇ ਅੱਗੇ ਖਲੋਣ ਲਈ ਘੱਲਣ ਦਾ ਫ਼ੈਸਲਾ ਕੀਤਾ (ਲੂਕਾ 23:7)। ਪਿਲਾਤੁਸ ਨੂੰ ਲਗ ਰਿਹਾ ਸੀ ਕਿ ਹੇਰੋਦੇਸ ਨੂੰ ਪਤਾ ਹੋਵੇਗਾ ਕਿ ਯਿਸੂ ਨਾਲ ਕੀ ਕਰਨਾ ਹੈ, ਕਿਉਂ ਜੋ ਉਹ ਗਲੀਲ ਦਾ ਜਿੱਥੇ ਯਿਸੂ ਨੇ ਐਨਾ ਪ੍ਰਚਾਰ ਕੀਤਾ ਸੀ, ਹਾਕਮ ਸੀ।

ਜਦ ਯਿਸੂ ਨੂੰ ਹੇਰੋਦੇਸ ਦੇ ਸਾਹਮਣੇ ਲਿਆਂਦਾ ਗਿਆ, ਤਾਂ ਇਸ ਗਲੀਲੀ ਹਾਕਮ ਨੂੰ ਉਸ ਨੂੰ ਵੇਖ ਕੇ ਚੰਗਾ ਲੱਗਾ (ਲੂਕਾ 23:8)। ਉਹਨੇ ਚਾਹਿਆ ਕਿ ਯਿਸੂ ਉਹਦੇ ਸਾਹਮਣੇ ਕੋਈ ਚਮਤਕਾਰ ਵਿਖਾਏ, ਤਾਂ ਯਿਸੂ ਨੇ ਕੋਈ ਜਵਾਬ ਨਹੀਂ ਦਿੱਤਾ। ਪੂਰੀ ਪੁੱਛ–ਗਿੱਛ ਦੌਰਾਨ ਯਿਸੂ ਨੇ ਇਕ ਸ਼ਬਦ ਨਹੀਂ ਬੋਲਿਆ। ਯਿਸੂ ਹੇਰੋਦੇਸ ਅੱਗੇ ਆਦਮੀ ਨਾਲ ਕੁਝ ਕਿਉਂ ਬੋਲੇ? ਚੌਥੇ ਹਿੱਸੇ ਦੇ ਹਾਕਮ ਦਾ ਮਨ ਐਨਾ ਸਖ਼ਤ ਸੀ ਕਿ ਖ਼ੁਦਾ ਦੇ ਪੁੱਤਰ ਦੇ ਉਸ ਦੇ ਸਾਹਮਣੇ ਖਲੋਤਾ ਹੋਣ ਤੇ ਵੀ ਉਹਦੇ ਅੰਦਰ ਇਹ ਸਚਿਆਈ ਨਹੀਂ ਵੜ ਸਕੀ ਕਿ ਉਹ ਕੌਣ ਹੈ।

ਹੇਰੋਦੇਸ ਯਿਸੂ ਨੂੰ ਇਕ ਹੋਰ ਵਾਰ ਮਿਲੇਗਾ। ਜਦ ਹੇਰੋਦੇਸ ਸਾਰੀ ਧਰਤੀ ਦੇ ਨਿਆਈਂ ਯਿਸੂ ਦੇ ਸਾਹਮਣੇ ਖਲੋਤਾ ਹੋਵੇਗਾ, ਉਦੋਂ ਉਹ ਉਹਦੇ ਖ਼ੁਦਾ ਹੋਣ ਅਤੇ ਉਸ ਦੇ ਇਖ਼ਤਿਆਰ ਨੂੰ ਮੰਨ ਲਵੇਗਾ। ਇਹ ਰੱਬੀ ਮੁਲਾਕਾਤ ਨਿਆਂ ਵੇਲੇ ਹੋਵੇਗੀ।

2. *ਸਚਿਆਈ ਦੀ ਜ਼ਰੂਰਤ*। ਸਾਫ਼ ਹੈ ਕਿ ਹੇਰੋਦੇਸ ਨੂੰ ਸਚਿਆਈ ਦਿਲਚਸਪ ਲੱਗੀ ਜਦ ਯੂਹੰਨਾ ਬਪਤਿਸਮਾ ਦੇਣ ਵਾਲੇ ਨੇ ਕਈ ਮੌਕਿਆਂ ਤੇ ਉਹਨੂੰ ਪ੍ਰਚਾਰ ਕੀਤਾ। ਜਦ ਉਹਨੇ ਯੂਹੰਨਾ ਨੂੰ ਕੈਦ ਕੀਤਾ ਹੋਇਆ ਸੀ ਤਾਂ ਉਸ ਨੇ ਉਸ ਨੂੰ ਸੁਰੱਖਿਅਤ ਰੱਖਿਆ ਸੀ ਅਤੇ ਕਈ ਵਾਰ ਉਸ ਨੂੰ ਸੱਦ ਕੇ ਉਸ ਤੋਂ ਸੁਣਦਾ ਹੁੰਦਾ ਸੀ (ਮਰਕੁਸ 6:20)। ਸ਼ਾਇਦ ਮਨ ਹੀ ਮਨ ਉਹ ਸਚਿਆਈ ਨੂੰ ਪਸੰਦ ਕਰਦਾ ਸੀ, ਪਰ ਉਸ ਨੇ ਇਸ ਨੂੰ ਕਦੇ ਐਨੀ ਸੰਜੀਦਗੀ ਨਾਲ ਨਹੀਂ ਲਿਆ ਕਿ ਆਪਣੇ ਆਲੇ ਦੁਆਲੇ ਦੀ ਬੁਰਿਆਈ ਨੂੰ ਸਵੀਕਾਰ ਕਰ ਸਕੇ। ਇਹੀ ਕਾਰਣ ਹੈ ਕਿ ਉਸ ਨੇ ਸਚਿਆਈ ਨੂੰ ਪੂਰੀ ਤਰ੍ਹਾਂ ਨਾਲ ਕਦੇ ਨਹੀਂ ਮੰਨਿਆ।

ਜਦੋਂ ਸਲੋਮੀ ਨੇ ਹੇਰੋਦੇਸ ਨੂੰ ਯੂਹੰਨਾ ਦਾ ਸਿਰ ਕਟਵਾਉਣ ਲਈ ਆਖਿਆ, ਤਾਂ ਉਹ ਮੰਨ ਗਿਆ (6:25, 26), ਉਹ ਉਸ ਅਬਦੀ ਸਚਿਆਈ ਨੂੰ ਜਿਹੜੀ ਖ਼ੁਦਾ ਨੇ ਘੱਲੀ ਸੀ, ਨਕਾਰ ਰਿਹਾ ਸੀ। ਪਰ ਸਚਿਆਈ ਕੋਈ ਅਜਿਹੀ ਗੱਲ ਨਹੀਂ ਹੈ ਕਿ ਜਿੰਨੀ ਸਾਨੂੰ ਪਸੰਦ ਹੋਵੇ ਓਨੀਕੁ ਅਸੀਂ ਮੰਨ ਲਈਏ। ਇਹ ਹਮੇਸ਼ਾ ਤੋਂ ਹੈ, ਅਕਾਸ਼ ਅਤੇ ਧਰਤੀ ਨਾਲੋਂ ਵੀ ਮਜ਼ਬੂਤ ਹੈ। ਜਾਂ ਤਾਂ ਅਸੀਂ ਇਸ ਨੂੰ ਮੰਨ ਕੇ ਇਸ ਦੇ ਰਾਹੀਂ ਚੱਲੀਏ, ਜਾਂ ਫਿਰ ਇਸ ਦੇ ਰਾਹੀਂ ਸਾਨੂੰ ਹਮੇਸ਼ਾ ਲਈ ਸਜ਼ਾ ਦਿੱਤੀ ਜਾਵੇਗੀ।

ਹੇਰੋਦੇਸ ਸਚਿਆਈ ਦੇ ਸਬੰਧ ਵਿਚ ਸੁੰਨ ਤੋਂ ਸੁੰਨ ਹੁੰਦਾ ਜਾ ਰਿਹਾ ਸੀ, ਜਦ ਤਕ ਅਖ਼ੀਰ ਵਿਚ ਉਸ ਦਾ ਮਨ ਪੱਥਰ ਵਰਗਾ ਨਾ ਬਣ ਗਿਆ। ਅਖ਼ੀਰਲੇ ਦਿਨ, ਉਹ ਆਪਣੇ ਆਪ ਨੂੰ ਇਸ ਵੱਲੋਂ ਦੋਸ਼ੀ ਠਹਿਰਾਉਂਦੇ ਹੋਏ ਪਾਏਗਾ। ਸਚਿਆਈ ਅਟੱਲ ਹੈ। ਜ਼ਿੰਦਗੀ ਅਤੇ ਅਨਾਦੀਕਾਲ ਦੀਆਂ ਸਭ ਗੱਲਾਂ ਤੇ ਇਹੀ ਸਵਾਲ ਹੋਵੇਗਾ ਕਿ ''ਅਸੀਂ ਸਚਿਆਈ ਨਾਲ ਕੀ ਕੀਤਾ?'' ਸਾਨੂੰ ਸਾਰਿਆਂ ਨੂੰ ਸਚਿਆਈ ਦਾ ਸਾਹਮਣਾ ਕਰਨਾ ਪਵੇਗਾ; ਅਸੀਂ ਇਸ ਨਾਲ ਟਕਰਾਉਣ ਵਾਲੇ ਹਾਂ।

3. *ਪਾਪ ਦੀ ਜ਼ਰੂਰਤ*। ਇਕ ਨਾ ਇਕ ਦਿਨ ਸਾਨੂੰ ਆਪਣੇ ਅਪਰਾਧਾਂ ਦੀ ਕੀਮਤ ਚਕਾਉਣੀ ਪਵੇਗੀ। ਪਾਪ ਇਵੇਂ ਹੀ ਨਹੀਂ ਚਲਿਆ ਜਾਂਦਾ। ਜਦੋਂ ਅਸੀਂ ਪਾਪ ਕਰਦੇ ਹਾਂ ਤਾਂ ਸਾਡੇ ਅਪਰਾਧ ਸਾਡੀਆਂ ਜ਼ਿੰਦਗੀਆਂ ਵਿਚ ਦੋਸ਼ ਲੈ ਆਉਂਦੇ ਹਨ। ਉਹ ਦੋਸ਼ ਸਾਡੀ ਸ਼ਖ਼ਸੀਅਤ ਅਤੇ ਵਜੂਦ ਵਿਚ ਫਸ ਜਾਂਦਾ ਹੈ। ਦੁਨੀਆਂ ਦੀ ਕੋਈ ਇਨਸਾਨੀ ਤਾਕਤ ਇਸ ਨੂੰ ਸਾਥੋਂ ਦੂਰ ਨਹੀਂ ਕਰ ਸਕਦੀ।

ਹੇਰੋਦੇਸ ਇਕ ਤਾਕਤਵਰ ਅਤੇ ਪ੍ਰਭਾਵਸ਼ਾਲੀ ਆਦਮੀ ਸੀ। ਉਹਦਾ ਮੰਨਣਾ ਸੀ ਕਿ ਉਹ ਜਿਵੇਂ ਚਾਹੇ ਪਾਪ ਕਰ ਸਕਦਾ ਹੈ ਅਤੇ ਆਪਣੀ ਬੁਰਿਆਈ ਦਾ ਉਹਦੇ ਉੱਤੇ ਕੋਈ ਅਸਰ ਨਹੀਂ ਹੋਵੇਗਾ। ਉਹਨੇ ਆਪਣੀ ਪਤਨੀ ਨੂੰ ਜਿਹੜੀ ਅਰਿਤਾਸ ਦੀ ਧੀ, ਮਸਤੀ ਵਿਚ ਆ ਕੇ ਤਲਾਕ ਦੇ ਦਿੱਤਾ ਅਤੇ ਆਪਣੇ ਮਤਰਏ ਭਰਾ ਦੀ ਪਤਨੀ ਨੂੰ ਰੱਖ ਲਿਆ (6:17)। ਉਹਨੇ ਹੇਰੋਦਿਆਸ ਨੂੰ ਚੁਣਿਆ ਕਿਉਂ ਜੋ ਉਹ ਉਹਨੂੰ ਚੰਗੀ ਲੱਗੀ ਅਤੇ ਉਹਦੀ ਸ਼ਖ਼ਸੀਅਤ ਉਸ ਨਾਲੋਂ ਵੱਧ ਪਸੰਦ ਸੀ। ਸ਼ਾਇਦ ਇਸ ਗੱਲ ਤੋਂ ਅਣਜਾਣ ਕਿ ਉਹਦੇ ਪਾਪਾਂ ਨੇ ਇਕ ਦਿਨ ਉਹਨੂੰ ਲੱਭ ਲੈਣਾ ਸੀ, ਉਹਨੂੰ ਲੱਗਾ ਕਿ ਉਹ ਯੂਹੰਨਾ ਬਪਤਿਸਮਾ ਦੇਣ ਵਾਲੇ ਨੂੰ ਸਿਰਫ਼ ਇਸ ਕਰਕੇ ਮਾਰ ਸਕਦਾ ਹੈ ਕਿਉਂ ਜੋ ਉਹਨੂੰ ਉਸ ਨੂੰ ਮਾਰ ਸੁੱਟਣ ਲਈ ਕਿਹਾ ਗਿਆ।

ਪਾਪ ਸਾਨੂੰ ਛੁਡਾ ਨਹੀਂ ਸਕਦਾ। ਇਹ ਐਨਾ ਤਬਾਹਕੁਨ ਹੈ ਕਿ ਇਸ ਦਾ ਸਹੀ ਸਹੀ ਮੁਲਾਂਕਣ ਕੋਈ ਨਹੀਂ ਕਰ ਸਕਦਾ। ਜਦ ਸਾਡੀਆਂ ਜ਼ਿੰਦਗੀਆਂ ਦੇ ਜਮ੍ਹਾ ਹੋਏ ਪਾਪ ਇਕੱਠੇ ਹੋ ਜਾਂਦੇ ਹਨ ਤਾਂ ਸਾਨੂੰ ਉਨ੍ਹਾਂ ਦੀ ਕੀਮਤ ਚੁਕਾਉਣੀ ਪਵੇਗੀ। ''ਪਾਪ ਦੀ ਮਜ਼ਦੂਰੀ ਮੌਤ ਹੈ'' (ਰੋਮੀਆਂ 6:23)। ਇਸ ਨਿਯਮ ਨੂੰ ਅਪਵਾਦ ਬਣਾਉਣ ਦਾ ਸਿਰਫ਼ ਇੱਕੋ ਤਰੀਕਾ ਹੈ, ਖ਼ੁਦਾ ਦੀ ਕਿਰਪਾ ਦੇ ਤਹਿਤ ਆ ਜਾਣਾ। ਇਹ ਕਿਰਪਾ ਮਸੀਹ ਦੇ ਰਾਹੀਂ ਮਿਲਦੀ ਹੈ, ਜਿਹੜਾ ਸਾਡੇ ਲਈ ਮਰਿਆ। ਆਪਣੇ ਪਾਪ ਦਾ ਬੋਝ ਅਸੀਂ ਜਾਂ ਤਾਂ ਯਿਸੂ ਨੂੰ ਚੁੱਕਣ ਦਿਆਂਗੇ ਜਾਂ ਆਪੇ ਚੁੱਕ ਲਵਾਂਗੇ। ਹੇਰੋਦੇਸ ਨੇ ਮਸੀਹ ਤੋਂ ਮੂੰਹ ਫੇਰ ਲਿਆ ਅਤੇ ਆਪਣੇ ਦੋਸ਼ ਦਾ ਬੋਝ ਆਪਣੀ ਹੀ ਜਾਨ ਉੱਤੇ ਲੱਦ ਦਿੱਤਾ; ਅਤੇ ਇਹਦਾ ਮਤਲਬ ਉਹਦੇ ਲਈ ਅਤੇ ਉਨ੍ਹਾਂ ਸਾਰਿਆਂ ਲਈ ਜਿਹੜੇ ਅਜਿਹਾ ਕਰਦੇ ਹਨ, ਹਮੇਸ਼ਾ ਦੀ ਮੌਤ ਹੋਵੇਗਾ।

*ਨਿਚੋੜ:* ਸਭ ਲੋਕ ਯਿਸੂ, ਸਚਿਆਈ ਅਤੇ ਪਾਪ ਵੱਲੋਂ ਪੇਸ਼ ਕੀਤੀਆਂ ਗਈਆਂ ਇਨ੍ਹਾਂ ਜ਼ਰੂਰਤਾਂ ਦੇ ਅੱਗੇ ਆਉਣਗੇ। ਸਾਡੇ ਕੋਲ ਉਨ੍ਹਾਂ ਤੋਂ ਬਚਣ ਦਾ ਕੋਈ ਤਰੀਕਾ ਨਹੀਂ ਹੈ।

ਅਖ਼ੀਰ ਵਿਚ, ਸਾਡਾ ਸਾਹਮਣਾ ਯਿਸੂ ਨਾਲ ਹੋਵੇਗਾ। ਸਾਨੂੰ ਇਸ ਜ਼ਿੰਦਗੀ ਵਿਚ ਉਸ ਨੂੰ ਮਿਲਣ ਦਾ ਮੌਕਾ ਮਿਲਿਆ ਹੈ। ਅਸੀਂ ਨਿਹਚਾ ਅਤੇ ਹੁਕਮ ਮੰਨਣ ਦੇ ਰਾਹੀਂ ਉਹਦੇ ਵੱਲ ਮੁੜ ਕੇ ਹਮੇਸ਼ਾ ਦੀ ਜ਼ਿੰਦਗੀ ਵਿਚ ਉਹਦੇ ਨਾਲ ਚੱਲ ਸਕਦੇ ਹਾਂ। ਪਰ ਜੇ ਅਸੀਂ ਉਸ ਤੋਂ ਕੰਨੀ ਕਤਰਾਉਂਦੇ ਹਾਂ, ਉਸ ਤੋਂ ਮੂੰਹ ਫੇਰ ਲੈਂਦੇ ਹਾਂ, ਜਾਂ ਉਸ ਨੂੰ ਨਕਾਰਦੇ ਹਾਂ, ਤਾਂ ਖ਼ੁਦਾ ਦੇ ਠਹਿਰਾਏ ਸਮੇਂ ਵਿਚ ਅਸੀਂ ਨਿਆਂ ਵੇਲੇ ਉਸ ਨੂੰ ਮਿਲਾਂਗੇ (2 ਕੁਰਿੰਥੀਆਂ 5:10)।

ਸਮਾਂ ਆ ਰਿਹਾ ਹੈ ਜਦੋਂ ਸਾਨੂੰ ਖ਼ੁਦਾ ਦੀ ਸਚਿਆਈ ਦਾ ਸਾਹਮਣਾ ਕਰਨਾ ਪਵੇਗਾ। ਯਿਸੂ ਨੇ ਆਖਿਆ, ''ਜਿਹੜਾ ਮੈਨੂੰ ਰੱਦ ਕਰਦਾ ਹੈ ਅਤੇ ਮੇਰੀਆਂ ਗੱਲਾਂ ਨਹੀਂ ਕਬੂਲਦਾ, ਉਹਨੂੰ ਇਕ ਦੋਸ਼ੀ ਠਹਿਰਾਉਂਦਾ ਹੈ। ਜਿਹੜਾ ਵਚਨ ਮੈਂ ਕਿਹਾ ਓਹੀਓ ਅੰਤ ਦੇ ਦਿਨ ਉਸ ਨੂੰ ਦੋਸ਼ੀ ਠਹਿਰਾਵੇਗਾ'' (ਯੂਹੰਨਾ 12:48)। ਅੱਜ ਨਹੀਂ ਤਾਂ ਕੱਲ੍ਹ, ਸਾਨੂੰ ਉਸ ਸਚਿਆਈ ਦਾ ਸਾਹਮਣਾ ਕਰਨਾ ਹੀ ਪਵੇਗਾ ਜਿਹੜੀ ਖ਼ੁਦਾ ਨੇ ਸਾਨੂੰ ਬਾਈਬਲ ਵਿਚ ਦਿੱਤੀ ਹੈ।

ਅਖ਼ੀਰ ਵਿਚ ਸਾਨੂੰ ਵੀ ਆਪਣੇ ਪਾਪਾਂ ਦਾ ਸਾਹਮਣਾ ਕਰਨਾ ਪਵੇਗਾ। ਪੂਰੇ ਅਨਾਦੀਕਾਲ ਲਈ ਉਨ੍ਹਾਂ ਦੀ ਸਜ਼ਾ ਤੋਂ ਬਚਣ ਦਾ ਸਾਡੇ ਕੋਲ ਇੱਕੋ ਇਕ ਤਰੀਕਾ ਇਹ ਮੰਨਦੇ ਹੋਏ ਕਿ ਅਸੀਂ ਪਾਪੀ ਹਾਂ ਅਤੇ ਆਪਣੇ ਦੋਸ਼ ਨੂੰ ਪੂਰੀ ਤਰ੍ਹਾਂ ਨਾਲ ਸ਼ੁੱਧ ਕਰਨ ਲਈ ਮਸੀਹ ਕੋਲ ਲਿਆ ਕੇ, ਹੁਣ ਉਨ੍ਹਾਂ ਦਾ ਸਾਹਮਣਾ ਕਰਨਾ ਹੈ। ਇਹ ਫ਼ੈਸਲਾ ਲੈਣ ਅਤੇ ਈਮਾਨਦਾਰੀ ਨਾਲ ਹੁਕਮ ਮੰਨਣ ਨਾਲ ਇਸ ਵਿਚ ਬਣੇ ਰਹਿਣ ਨਾਲ ਸਾਨੂੰ ਭਰਪੂਰ ਅਤੇ ਅਨੰਦ ਭਰੀ ਜ਼ਿੰਦਗੀ ਮਿਲੇਗੀ।

**ਖ਼ੁਦਾ ਦੇ ਵਚਨ ਨੂੰ ਦਿੱਤੇ ਜਾਣ ਵਾਲੇ ਜਵਾਬ** (6:17-20)

ਹੁਣ ਤਕ ਦੇ ਸਭ ਤੋਂ ਵੱਡੇ ਸਵਾਲਾਂ ਵਿੱਚੋਂ ਇਕ ਨੂੰ ਇਸ ਤਰ੍ਹਾਂ ਨਾਲ ਕਿਹਾ ਜਾ ਸਕਦਾ ਹੈ, ''ਅਸੀਂ ਖ਼ੁਦਾ ਦੇ ਵਚਨ ਨੂੰ ਕਿਵੇਂ ਗ੍ਰਹਿਣ ਕਰੀਏ?'' ਇਹ ਮੁਸ਼ਕਿਲ ਹੈ ਕਿਉਂ ਜੋ ਪਵਿੱਤਰ ਆਤਮਾ ਸਾਡੇ ਉੱਤੇ ਅਤੇ ਸਾਡੇ ਅੰਦਰ ਓਸੇ ਵਚਨ ਦੇ ਰਾਹੀਂ ਕੰਮ ਕਰਦਾ ਹੈ। ਵਚਨ ''ਆਤਮਾ ਦੀ ਤਲਵਾਰ'' ਹੈ (ਅਫ਼ਸੀਆਂ 6:17)। ਅਸੀਂ ਪੜ੍ਹਦੇ ਹਾਂ ''ਸਾਰੀ ਲਿਖਤ ਪਰਮੇਸ਼ੁਰ ਦੇ ਆਤਮਾ ਤੋਂ ਹੈ ਅਤੇ ਸਿੱਖਿਆ, ਤਾੜਨ, ਸੁਧਾਰਨ ਅਤੇ ਧਰਮ ਦੇ ਗਿਝਾਉਣ ਲਈ ਗੁਣਕਾਰ ਹੈ। ਭਈ ਪਰਮੇਸ਼ੁਰ ਦਾ ਬੰਦਾ ਕਾਬਲ ਅਤੇ ਹਰੇਕ ਭਲੇ ਕੰਮ ਲਈ ਤਿਆਰ ਕੀਤਾ ਹੋਇਆ ਹੋਵੇ'' (2 ਤਿਮੋਥਿਉਸ 3:16, 17)।

ਇਹ ਹਕੀਕਤਾਂ ਸਾਨੂੰ ਖ਼ੁਦਾ ਦੇ ਵਚਨ ਨਾਲ ਸੰਬਧਿਤ ਜ਼ਿੰਮੇਵਾਰੀ ਨੂੰ ਮੰਨ ਲੈਣ ਲਈ ਆਖਦਿਆਂ ਹਨ। ਬਾਈਬਲ ਨੂੰ ਅਸੀਂ ਉਵੇਂ ਨਹੀਂ ਵੇਖ ਸਕਦੇ ਜਿਵੇਂ ਅਸੀਂ ਦੂਜੀਆਂ ਹੋਰ ਕਿਤਾਬਾਂ ਨੂੰ ਵੇਖਦੇ ਹਾਂ। ਬਾਈਬਲ ਖ਼ੁਦਾ ਵੱਲੋਂ ਮਿਲੀ ਹੈ ਜੋ ਕਿ ਉਹਦੇ ਵੱਲੋਂ ਸਾਨੂੰ ਦਿੱਤਾ ਗਿਆ ਇਲਹਾਮ ਹੈ; ਇਸ ਕਰਕੇ ਇਹ ਸਾਡੀ ਰੂਹਾਨੀ ਮਾਰਗਦਰਸ਼ਕ ਹੈ। ਇਹ ਸਾਡੇ ਮਨਾਂ ਨੂੰ ਖ਼ੁਦਾ ਦੀ ਮਰਜ਼ੀ ਨੂੰ ਜਾਣਨ ਵਿਚ ਅਗਵਾਈ ਕਰਦੀ ਅਤੇ ਸਾਨੂੰ ਖ਼ੁਦਾ ਦੀ ਯੋਜਨਾ ਦੇ ਹਿੱਸੇ ਦੇ ਰੂਪ ਵਿਚ ਜ਼ਿੰਦਾ ਰਹਿਣ ਦੀ ਪ੍ਰੇਰਣਾ ਦਿੰਦੀ ਹੈ। ਯਿਸੂ ਦੇ ਚੇਲਿਆਂ ਦੇ ਰੂਪ ਵਿਚ ਸਾਨੂੰ ਖ਼ੁਦਾ ਦੇ ਵਚਨ ਦਾ ਅਧਿਐਨ ਕਰਨ ਅਤੇ ਈਮਾਨਦਾਰੀ ਨਾਲ ਇਸ ਨੂੰ ਆਪਣੀਆਂ ਜ਼ਿੰਦਗੀਆਂ ਵਿਚ ਗ੍ਰਹਿਣ ਕਰਕੇ, ਆਪਣੇ ਆਪ ਨੂੰ ਦੇਣਾ ਜ਼ਰੂਰੀ ਹੈ।

ਪ੍ਰਭਾਵਸ਼ਾਲੀ ਢੰਗ ਨਾਲ ਖ਼ੁਦਾ ਦੇ ਵਚਨ ਦੇ ਗੁਮਰਾਹ ਵਿਚਾਰਾਂ ਨੂੰ ਵਿਖਾਉਣ ਦੀਆਂ ਵੱਡੀਆਂ ਤ੍ਰਾਸਦੀਆਂ ਹੋਈਆਂ ਹਨ। ਇਕ ਉਦਾਹਰਣ ਮਰਕੁਸ 6:17–20 ਵਿਚ ਵੇਖਣ ਨੂੰ ਮਿਲਦੀ ਹੈ। ਇਨ੍ਹਾਂ ਚਾਰਾਂ ਆਇਤਾਂ ਵਿਚ ਖ਼ੁਦਾ ਦੀ ਸਿੱਖਿਆ ਦੇ ਪ੍ਰਤੀ ਕਈ ਅਹਿਮ ਰਵੱਈਏ ਸ਼ਾਮਿਲ ਹਨ। ਇਹ ਰਵੱਈਏ ਵਧਦੇ ਰੁਖ਼ ਵਿਚ ਮਿਲਦੇ ਹਨ।

1. ਹੇਰੋਦੇਸ ਦੀ ਪਤਨੀ ਹੇਰੋਦਿਆਸ ਨੇ ਖ਼ੁਦਾ ਦੇ ਵਚਨ ਦੇ ਪ੍ਰਤੀ ਉਸ ਪਹਿਲੇ ਰਵੱਈਏ ਨੂੰ

ਵਿਖਾਇਆ ਜਿਸ ਉੱਤੇ ਸਾਡੇ ਲਈ ਵਿਚਾਰ ਕਰਨਾ ਜ਼ਰੂਰੀ ਹੈ। ਉਹਦੀ ਸੋਚ ਨਾਲ ਸ਼ੁਰੂ ਕਰਦਿਆਂ ਅਸੀਂ ਹੇਠੋਂ ਸ਼ੁਰੂ ਕਰ ਰਹੇ ਹਾਂ। ਉਹਨੂੰ ਅਸਲ ਵਿਚ *ਸਚਿਆਈ ਤੋਂ ਨਫ਼ਰਤ* ਸੀ।

ਹੇਰੋਦੇਸ ਨੇ ਆਪਣੇ ਮਤਰਏ ਭਰਾ ਦੀ ਪਤਨੀ ਹੇਰੋਦਿਆਸ ਨਾਲ ਵਿਆਹ ਕਰਨ ਲਈ ਆਪਣੀ ਪਤਨੀ ਨੂੰ ਤਲਾਕ ਦੇ ਦਿੱਤਾ ਸੀ। ਯੂਹੰਨਾ ਨੂੰ ਹੇਰੋਦੇਸ ਨਾਲ ਗੱਲ ਕਰਨ ਜਾਂ ਪ੍ਰਚਾਰ ਕਰਨ ਦਾ ਜਦੋਂ ਵੀ ਮੌਕਾ ਮਿਲਦਾ, ਉਹ ਉਹਨੂੰ ਉਹਦੇ ਕੀਤੇ ਲਈ ਝਾੜ ਪਾਉਂਦਾ: ''ਯੂਹੰਨਾ ਨੇ ਹੇਰੋਦੇਸ ਨੂੰ ਜੋ ਆਖਿਆ ਸੀ ਕਿ ਆਪਣੇ ਭਾਈ ਦੀ ਤੀਵੀਂ ਦਾ ਰੱਖਣਾ ਤੈਨੂੰ ਜੋਗ ਨਹੀਂ'' (6:18)।

ਜਦੋਂ ਹੇਰੋਦਿਆਸ ਨੇ ਸੁਣਿਆ ਕਿ ਯੂਹੰਨਾ ਨੇ ਇਹ ਆਖਿਆ ਹੈ ਤਾਂ ਉਹ ਆਪੇ ਤੋਂ ਬਾਹਰ ਹੋ ਗਈ। ਉਹਨੇ ਜ਼ਿਦ ਕੀਤੀ ਕਿ ਹੇਰੋਦੇਸ ਉਹਨੂੰ ਓਸੇ ਵੇਲੇ ਮਰਵਾ ਸੁੱਟੇ। ਯੂਹੰਨਾ ਨੂੰ ਨਬੀ ਮੰਨਣ ਦੇ ਆਪਣੇ ਵਿਚਾਰ ਕਰਕੇ ਸੰਜਮ ਨਾਲ ਭਰੇ ਹੇਰੋਦੇਸ ਨੇ ਹੇਰੋਦਿਆਸ ਦੀ ਮੰਗ ਨੂੰ ਮੰਨਣ ਤੋਂ ਇਨਕਾਰ ਕਰਦਿਆਂ ਯੂਹੰਨਾ ਦਾ ਬਚਾਅ ਕੀਤਾ। ਹੇਰੋਦਿਆਸ ਅਜਿਹੀ ਔਰਤ ਸੀ ਕਿ ਉਹ ਜਾਂ ਤਾਂ ਓਸੇ ਵੇਲੇ ਆਪਣੀ ਮਰਜ਼ੀ ਮਨਵਾਉਂਦੀ ਸੀ ਜਾਂ ਉਦੋਂ ਤਕ ਚੈਨ ਨਾਲ ਨਹੀਂ ਬੈਠਦੀ ਸੀ ਜਦੋਂ ਤਕ ਉਹਦੀ ਮਰਜ਼ੀ ਪੂਰੀ ਨਾ ਹੋ ਜਾਂਦੀ। ਉਹਨੇ ਬੇਸ਼ੱਕ ਇਹ ਸੋਚਦਿਆਂ ਕਿ ''ਇਕ ਦਿਨ ਮੈਂ ਇਹਨੂੰ ਠੀਕ ਕਰ ਦਿਆਂਗੀ!'' ਯੂਹੰਨਾ ਦੇ ਖ਼ਿਲਾਫ਼ ਆਪਣੇ ਮਨ ਵਿਚ ਕ੍ਰੋਧ ਰੱਖਿਆ। ਉਹਦੇ ਦਿਲ ਵਿਚ ਸਚਿਆਈ ਲਈ ਕੋਈ ਪਿਆਰ ਨਹੀਂ ਸੀ।

ਜਦ ਕਿਸੇ ਨੂੰ ਸੰਦੇਸ਼ ਪਸੰਦ ਨਾ ਹੋਵੇ ਤਾਂ ਸੰਦੇਸ਼ ਦੇਣ ਵਾਲੇ ਤੇ ਹਮਲਾ ਕਰਕੇ ਹੀ ਅਜਿਹਾ ਜਵਾਬ ਦਿੱਤਾ ਜਾਂਦਾ ਹੈ। ਅੱਜ ਕੁਝ ਲੋਕ ਬਾਈਬਲ ਨਾਲ ਇਹੀ ਬੇਵਕੂਫ਼ੀ ਭਰਿਆ ਤਰੀਕਾ ਅਪਣਾਉਂਦੇ ਹਨ। ਇਹ ਉਸ ਸ਼ੀਸ਼ੇ ਨੂੰ ਤੋੜਨ ਵਰਗਾ ਹੈ ਜਿਹੜਾ ਸਾਨੂੰ ਇਸ ਕਰਕੇ ਪਸੰਦ ਨਹੀਂ ਹੈ ਕਿ ਇਸ ਵਿਚ ਸਾਡੀ ਸ਼ਕਲ ਭੈੜੀ ਨਜ਼ਰ ਆਉਂਦੀ ਹੈ। ਖ਼ੁਦਾ ਦੇ ਪਵਿੱਤਰ ਵਚਨ ਨੂੰ ਇਸ ਤਰ੍ਹਾਂ ਦੇ ਜਵਾਬ ਨੂੰ ਕੌਣ ਸਹੀ ਠਹਿਰਾ ਸਕਦਾ ਹੈ। ਸਿਰਫ਼ ਹੇਰੋਦਿਆਸ ਵਰਗਾ ਹੀ ਕੋਈ ਅਜਿਹਾ ਕਰ ਸਕਦਾ ਹੈ, ਜਿਹਦਾ ਮਨ ਨਫ਼ਰਤ ਨਾਲ ਭਰਿਆ ਹੋਇਆ ਹੋਵੇ।

2. ਹੇਰੋਦੇਸ ਨੇ ਇਲਹਾਮ ਦੇ ਪ੍ਰਤੀ ਅਗਲਾ ਰਵੱਈਆ ਵਿਖਾਇਆ। *ਉਹ ਸਚਿਆਈ ਤੋਂ ਪਰੇਸ਼ਾਨ ਸੀ।* ਜ਼ਾਹਿਰ ਤੌਰ ਤੇ ਖ਼ੁਦਾ ਦੇ ਨਬੀ ਵਿਚ ਯੂਹੰਨਾ ਵਿਚ ਉਹਦਾ ਥੋੜ੍ਹਾ ਬਹੁਤਾ ਵਿਸ਼ਵਾਸ ਹੈ ਸੀ। ਬਾਈਬਲ ਦੱਸਦੀ ਹੈ, ਕਿ ਉਹ ''ਉਹਦੀ ਸੁਣ ਕੇ ਬਹੁਤ ਦੁਬਧੇ ਵਿੱਚ ਪੈਂਦਾ ਜਾਂਦਾ'' (6:20) । ਹੇਰੋਦੇਸ ਨੂੰ ਯੂਹੰਨਾ ਵੱਲੋਂ ਦਿੱਤੇ ਜਾਣ ਵਾਲੇ ਸੰਦੇਸ਼ ਦੀ ਪੂਰੀ ਸਮਝ ਨਹੀਂ ਸੀ; ਪਰ ਉਹਨੂੰ ਐਨੀ ਸਮਝ ਹੈ ਸੀ ਕਿ ਉਹ ਉਹਦੀਆਂ ਗੱਲਾਂ ਤੋਂ ਪਰੇਸ਼ਾਨ ਹੋ ਜਾਂਦਾ ਸੀ।

ਭਲਾ ਅੱਜ ਲੋਕ ਅਜਿਹੇ ਹੀ ਹਨ? ਸੱਚ ਤਾਂ ਇਹ ਹੈ ਕਿ ਸਾਡੇ ਆਲੇ ਦੁਆਲੇ ਬਹੁਤ ਸਾਰੇ ਲੋਕ ਹਨ, ਜਿਹੜੇ ਅਜਿਹੀ ਹੀ ਦੁਵਿਧਾ ਵਿਚ ਹਨ। ਬਾਈਬਲ ਵਿੱਚੋਂ ਜੋ ਕੁਝ ਉਨ੍ਹਾਂ ਨੇ ਥੋੜ੍ਹਾ ਬਹੁਤਾ ਸੁਣਿਆ ਹੈ ਉਹਦੇ ਨਾਲ ਉਹ ਸ਼ਸ਼ੋਪੰਜ ਵਿਚ ਪੈ ਗਏ ਹਨ। ਉਨ੍ਹਾਂ ਨੂੰ ਬਾਈਬਲ ਦਾ ਥੋੜ੍ਹਾ ਬਹੁਤ ਗਿਆਨ ਹੈ, ਪਰ ਉਨ੍ਹਾਂ ਨੂੰ ਇਹ ਪਤਾ ਨਹੀਂ ਹੈ ਕਿ ਖ਼ੁਦਾ ਦੀ ਇੱਛਾ ਨਾਲ ਮੇਲ ਖਾਣ ਲਈ ਆਪਣੀਆਂ ਜ਼ਿੰਦਗੀਆਂ ਨੂੰ ਲੋੜੀਂਦੀਆਂ ਕਾਰਵਾਹੀਆਂ ਵਿਚ ਅਗਵਾਈ ਮਿਲ ਸਕਦੀ ਹੈ।

ਉਨ੍ਹਾਂ ਨੂੰ ਸਾਡਾ ਜਵਾਬ ਲਗਾਅ, ਮਦਦ ਕਰਨ ਵਾਲੇ ਅਤੇ ਤਰਸ ਕਰਨ ਵਾਲੇ ਹੋਣਾ ਚਾਹੀਦਾ ਹੈ। ਮੌਕਾ ਮਿਲਣ ਤੇ ਸਾਨੂੰ ਚਾਹੀਦਾ ਕਿ ਉਨ੍ਹਾਂ ਨੂੰ ਬਾਈਬਲ ਦਾ ਸੰਦੇਸ਼ ਹੋਰ ਚੰਗੀ ਤਰ੍ਹਾਂ ਨਾਲ ਸਮਝਾਉਂਦੇ ਹੋਏ ਉਨ੍ਹਾਂ ਨਾਲ ਇਸ ਦਾ ਅਧਿਐਨ ਕਰੀਏ। ਹੋ ਸਕਦਾ ਹੈ ਕਿ ਇਹ ਉਲਝਣ ਦੂਰ ਹੋ ਜਾਏ ਅਤੇ ਇਸ ਨਾਲ ਉਹ ਵੀ ਸਮਰਪਤ ਹੋ ਸਕਣ।

3. ਹੇਰੋਦੇਸ ਨੇ ਯੂਹੰਨਾ ਅਤੇ ਖ਼ੁਦਾ ਦੇ ਸੰਦੇਸ਼ ਦੇ ਪ੍ਰਤੀ ਇਕ ਹੋਰ ਰਵੱਈਆ ਵਿਖਾਇਆ। ਉਹ *ਸਚਿਆਈ ਤੋਂ ਡਰਦਾ* ਸੀ। ਹੇਰੋਦਿਆਸ ਨੇ ਭਾਵੇਂ ਇਹ ਚਾਹਿਆ ਕਿ ਹੇਰੋਦੇਸ ਯੂਹੰਨਾ ਨੂੰ ਮਰਵਾ ਸੁੱਟੇ, ਪਰ ਉਹਨੇ ਮਨ੍ਹਾਂ ਕਰ ਦਿੱਤਾ ਕਿਉਂ ਜੋ ਉਹ ਯੂਹੰਨਾ ਬਪਤਿਸਮਾ ਦੇਣ ਵਾਲੇ ਨੂੰ ਖ਼ੁਦਾ ਦਾ ਘੱਲਿਆ

ਮੰਨਦਾ ਸੀ: ''ਕਿਉਂ ਜੋ ਹੇਰੋਦੇਸ ਯੂਹੰਨਾ ਨੂੰ ਧਰਮੀ ਅਤੇ ਪਵਿੱਤਰ ਪੁਰਖ ਜਾਣ ਕੇ ਉਸ ਕੋਲੋਂ ਡਰਦਾ ਅਰ ਉਹਦੀ ਰੱਛਿਆ ਕਰਦਾ ਸੀ'' (6:20)।

ਸੰਭਵ ਤੌਰ ਤੇ ਹੇਰੋਦੇਸ ਦੇ ਡਰ ਦੇ ਦੋ ਪੱਧਰ ਸਨ। ਉਹ ਉਸ ਤੋਂ ਡਰਦਾ ਸੀ ਕਿਉਂ ਜੋ ਉਹਦੇ ਮਗਰ ਬਹੁਤ ਲੋਕ ਸਨ। ਜੇ ਹੇਰੋਦੇਸ ਯੂਹੰਨਾ ਨਾਲ ਪੰਗਾ ਲੈ ਲੈਂਦਾ ਤਾਂ ਹੋ ਸਕਦਾ ਸੀ ਕਿ ਉਹ ਦੰਗੇ ਭੜਕਾਉਣ ਦਾ ਦੋਸ਼ੀ ਠਹਿਰਦਾ। ਇਹ ਵਿਚਾਰ ਉਹਨੂੰ ਬੜਾ ਪਰੇਸ਼ਾਨ ਕਰਦਾ ਹੋਵੇਗਾ। ਦੂਜਾ, ਉਹਦਾ ਡਰ ਯੂਹੰਨਾ ਦੀਆਂ ਕਹੀਆਂ ਗਈਆਂ ਗੱਲਾਂ ਕਰਕੇ ਹੋਵੇਗਾ। ਯੂਹੰਨਾ ਉਸ ਨਾਲ ਖ਼ੁਦਾ ਅਤੇ ਖ਼ੁਦਾ ਦੇ ਨਿਆਂ ਦੀਆਂ ਗੱਲਾਂ ਕਰਦਾ ਸੀ। ਇਹ ਡਰ ਉਹੋ ਜਿਹਾ ਹੋਵੇਗਾ ਜਿਹੜਾ ਫ਼ੇਲਿਕਸ ਦੇ ਮਨ ਵਿਚ ਸੀ: ''ਜਾਂ ਪੌਲੁਸ ਧਰਮ ਅਤੇ ਸੰਜਮ ਅਤੇ ਹੋਣ ਵਾਲੀ ਅਦਾਲਤ ਦੇ ਵਿਖੇ ਵਚਨ ਸੁਣਾ ਰਿਹਾ ਸੀ ਤਾਂ ਫ਼ੇਲਿਕਸ ਨੇ ਭੈ ਖਾਧਾ ਅਤੇ ਉੱਤਰ ਦਿੱਤਾ ਕਿ ਐਤਕੀਂ ਤੂੰ ਜਾਹ, ਫੇਰ ਵਿਹਲ ਪਾ ਕੇ ਤੈਨੂੰ ਬੁਲਾਵਾਂਗਾ'' (ਕਰਤੱਬ 24:25)। ਬਾਅਦ ਵਾਲਾ ਡਰ ਪਵਿੱਤਰ ਵਚਨ ਦੇ ਪ੍ਰਤੀ ਸ਼ਰਧਾ ਜਾਂ ਆਦਰ ਵਾਲੇ ਰਵੱਈਏ ਵਰਗਾ ਹੈ। ਹੇਰੋਦੇਸ ਦੀ ਚਿੰਤਾ ਅੰਧਵਿਸ਼ਵਾਸ ਵਰਗੀ ਬਹੁਤੀ ਹੋਵੇਗੀ, ਪਰ ਇਸ ਨਾਲ ਹੇਰੋਦੇਸ ਨੂੰ ਕੁਝ ਦੇਰ ਲਈ ਯੂਹੰਨਾ ਦੀ ਜਾਨ ਬਚਾਉਣ ਦੀ ਪ੍ਰੇਰਣਾ ਮਿਲੀ।

ਸਾਡਾ ਕੰਮ ਉਨ੍ਹਾਂ ਲੋਕਾਂ ਦੇ ਮਨਾਂ ਵਿਚ ਜਿਨ੍ਹਾਂ ਦਾ ਇਹੋ ਜਿਹਾ ਰਵੱਈਆ ਹੈ, ਖ਼ੁਦਾ ਦੇ ਵਚਨ ਦੇ ਪ੍ਰਤੀ ਸੱਚੀ ਭਗਤੀ ਪਾਉਣ ਵਿਚ ਉਨ੍ਹਾਂ ਦੀ ਮਦਦ ਕਰਕੇ ਡਰ ਦੇ ਉੱਚ ਪੱਧਰ ਤਕ ਲੈ ਜਾਣਾ ਹੈ। ''ਯਹੋਵਾਹ ਦਾ ਡਰ ਬੁੱਧ ਦਾ ਮੂਲ ਹੈ'' (ਜ਼ਬੂਰ 111:10; ਕਹਾਉਤਾਂ 9:10)। ਭਗਤੀ ਖ਼ੁਦਾ ਦੇ ਵਚਨ ਲਈ ਠੋਸ ਬੁਨਿਆਦ ਬਣਾ ਦਿੰਦੀ ਹੈ। ਜੇ ਅਸੀਂ ਉਨ੍ਹਾਂ ਲੋਕਾਂ ਨਾਲ ਅਧਿਐਨ ਕਰਦੇ ਹਾਂ ਜਿਨ੍ਹਾਂ ਵਿਚ ਖ਼ੁਦਾ ਦਾ ਖ਼ੌਫ਼ ਹੈ ਤਾਂ ਅਸੀਂ ਉਨ੍ਹਾਂ ਨੂੰ ਉਨ੍ਹਾਂ ਦੀਆਂ ਜ਼ਿੰਦਗੀਆਂ ਲਈ ਉਸ ਦੀ ਇੱਛਾ ਦੀ ਚੰਗੀ ਸਮਝ ਵੱਲ ਲਿਜਾ ਸਕਦੇ ਹਾਂ। ਅਸਲ ਹੁਕਮ ਮੰਨਣਾ ਭਗਤੀ ਨਾਲ ਹੀ ਆਉਂਦਾ ਹੈ।

4. ਹੇਰੋਦੇਸ ਨੇ ਖ਼ੁਦਾ ਦੇ ਵਚਨ ਦੇ ਪ੍ਰਤੀ ਹੋਰ ਹੀ ਰੁਖ਼ ਵਿਖਾਇਆ। ਜ਼ਾਹਿਰ ਤੌਰ ਤੇ ਉਸ ਨੇ ਦੂਰੋਂ *ਸਚਿਆਈ ਨੂੰ ਸਲਾਹਿਆ*। ਹੇਰੋਦੇਸ ''ਖੁਸ਼ੀ ਨਾਲ ਯੂਹੰਨਾ ਦੀ ਸੁਣਦਾ ਸੀ'' (6:20)। ਉਹ ਸ਼ਾਇਦ ਰੂਹਾਨੀ ਤੌਰ ਤੇ ਪਿਆਸਾ ਹੋਣ ਦੀ ਬਜਾਇ ਬਹੁਤਾ ਜਿਗਿਆਸੂ ਸੀ, ਪਰ ਉਸ ਨੇ ਕੁਝ ਦਿਲਚਸਪੀ ਜ਼ਰੂਰ ਵਿਖਾਈ।

ਕਿਸੇ ਵਿਚ ਰੂਹਾਨੀ ਦਿਲਚਸਪੀ ਦੇ ਸੁਸਤ ਲੱਛਣ ਨਜ਼ਰ ਆਉਣ ਤਾਂ ਸਾਨੂੰ ਚਾਹੀਦਾ ਹੈ ਕਿ ਇਸ ਉੱਤੇ ਛੇਤੀ ਧਿਆਨ ਦਈਏ। ਯੂਹੰਨਾ ਨੇ ਇਹੀ ਕੀਤਾ। ਉਸ ਨੇ ਖ਼ੁਦਾ ਦੀ ਇੱਛਾ ਨੂੰ ਮੰਨਣ ਬਾਰੇ ਹੇਰੋਦੇਸ ਨਾਲ ਗੱਲ ਕਰਨ ਦੇ ਹਰ ਮੌਕੇ ਦਾ ਫ਼ਾਇਦਾ ਲਿਆ। ਹੋ ਸਕਦਾ ਹੈ ਕਿ ਹੇਰੋਦੇਸ ਨੇ ਜੋੜਨ ਲਈ ਬਹੁਤ ਕੁਝ ਨਾ ਦਿੱਤਾ ਹੋਵੇ, ਪਰ ਇਹ ਹੇਰੋਦਿਆਸ ਨਾਲ ''ਕੁਝ ਨਾ'' ਜੋੜਨ ਨਾਲੋਂ ਬਿਹਤਰ ਸੀ।

5. ਯੂਹੰਨਾ ਬਪਤਿਸਮਾ ਦੇਣ ਵਾਲੇ ਨੇ ਵਚਨ ਦੇ ਪ੍ਰਤੀ ਅਗਲਾ ਰੁਖ਼ ਵਿਖਾਇਆ। ਕਿੰਨਾ ਵਧੀਆ ਰੁਖ਼ ਸੀ। ਉਹਨੇ ਸਚਿਆਈ *ਨਾਲ ਪਿਆਰ ਕੀਤਾ* ਅਤੇ ਪ੍ਰਚਾਰ ਕਰਨ ਅਤੇ ਖ਼ੁਦਾ ਲਈ ਜੀਣ ਵਿਚ ਆਪਣੀ ਜਾਨ ਲਾ ਦਿੱਤੀ। ਇਹੀ ਰੁਖ਼ ਸਾਡੇ ਅੰਦਰ ਹੋਣਾ ਜ਼ਰੂਰੀ ਹੈ ਅਤੇ ਹੋਣਾ ਚਾਹੀਦਾ ਹੈ।

ਭਲਾ ਹੇਰੋਦੇਸ ਨੂੰ ਵਚਨ ਸੁਣਾਉਣ ਵੇਲੇ ਯੂਹੰਨਾ ਨੂੰ ਪਤਾ ਸੀ ਕਿ ਉਹਦੀ ਜਾਨ ਖ਼ਤਰੇ ਵਿਚ ਹੈ? ਸ਼ਾਇਦ। ਮੱਤੀ 11 ਸੰਕੇਤ ਦਿੰਦਾ ਹੋਇਆ ਲਗਦਾ ਹੈ ਕਿ ਜਦ ਯਿਸੂ ਨੇ ਉਹ ਨਹੀਂ ਕੀਤਾ ਜਿਸਦੀ ਯਹੂਦੀ ਲੋਕ ਉਮੀਦ ਕਰ ਰਹੇ ਸਨ ਕਿ ਮਸੀਹਾ ਕਰੇਗਾ ਤਾਂ ਯੂਹੰਨਾ ਪਰੇਸ਼ਾਨ ਜਾਂ ਮਾਯੂਸ ਹੋ ਗਿਆ। ਹੋ ਸਕਦਾ ਹੈ ਕਿ ਯਿਸੂ ਦੀ ਸਮੇਂ ਸਾਰਣੀ ਅਤੇ ਗਤੀਵਿਧੀਆਂ ਯੂਹੰਨਾ ਦੀ ਸਮਝ ਨਾਲ ਮੇਲ ਨਾ ਖਾਂਦੀਆਂ ਹੋਣ, ਪਰ ਉਸ ਨੇ ਯੂਹੰਨਾ ਨੂੰ ਇਹ ਤਸਦੀਕ ਅਤੇ ਸਪੱਸ਼ਟ ਕਰਨ ਲਈ ਸੰਦੇਸ਼ ਦੇ ਦਿੱਤਾ ਕਿ ਯੂਹੰਨਾ ਮਸੀਹਾ ਦਾ ਵਫ਼ਾਦਾਰ ਹਰਕਾਰਾ ਹੈ (ਮੱਤੀ 11:4–6)। ਉਸ ਨੇ ਰੁੱਖ ਨਬੀ ਹੋਣ ਲਈ ਜਿਹੜਾ ਖ਼ੁਦਾ ਦੀ ਇੱਛਾ ਵਿਚ ਆਪਣਾ ਸਭ ਕੁਝ ਦੇ ਰਿਹਾ ਸੀ ਯੂਹੰਨਾ ਨੂੰ ਸ਼ਾਬਾਸ਼ੀ ਦਿੱਤੀ। ਯਿਸੂ ਨੇ ਆਖਿਆ, ''ਮੈਂ ਤੁਹਾਨੂੰ ਸੱਚ ਆਖਦਾ ਹਾਂ ਭਈ ਜਿਹੜੇ ਤੀਵੀਆਂ ਤੋਂ ਜੰਮੇ ਉਨ੍ਹਾਂ ਵਿੱਚੋਂ ਯੂਹੰਨਾ

ਬਪਤਿਸਮਾ ਦੇਣ ਵਾਲੇ ਨਾਲੋਂ ਵੱਡਾ ਕੋਈ ਵੀ ਨਾ ਉੱਠਿਆਂ ਪਰ ਜੋ ਸੁਰਗ ਦੇ ਰਾਜ ਵਿਚ ਛੋਟਾ ਹੈ ਸੋ ਉਸ ਤੋਂ ਵੱਡਾ ਹੈ'' (ਮੱਤੀ 11:11)।

*ਨਿਚੋੜ:* ਅਸੀਂ ਸਚਿਆਈ ਨਾਲ ਨਫ਼ਰਤ ਕਰਨ ਤੋਂ ਲੈ ਕੇ ਸਚਿਆਈ ਤੋਂ ਪਰੇਸ਼ਾਨ ਹੋਣ ਤਕ, ਸਚਿਆਈ ਤੋਂ ਖ਼ੌਫ਼ ਖਾਣ ਤਕ, ਦੂਰੋਂ ਦੂਰੋਂ ਸਚਿਆਈ ਨੂੰ ਸਲਾਹੁਣ ਤਕ ਅਤੇ ਅਖ਼ੀਰ ਵਿਚ ਸਚਿਆਈ ਨਾਲ ਪਿਆਰ ਕਰਨ ਅਤੇ ਆਪਣੀ ਜਾਨ ਦੇਣ ਤਕ ਦੇ ਖ਼ੁਦਾ ਦੇ ਵਚਨ ਦੇ ਪ੍ਰਤੀ ਮਾੜੇ ਤੋਂ ਮਾੜੇ ਅਤੇ ਚੰਗੇ ਤੋਂ ਚੰਗੇ ਰਵੱਈਆਂ ਤਕ ਹੋ ਆਏ ਹਾਂ। ਇਨ੍ਹਾਂ ਵਿੱਚੋਂ ਸਿਰਫ਼ ਇੱਕੋ ਰੁਖ਼ ਸਾਨੂੰ ਵਚਨ ਵਿੱਚੋਂ ਜ਼ਿੰਦਗੀ ਦੁਆ ਸਕਦਾ ਹੈ। ਯੂਹੰਨਾ ਨੇ ਖ਼ੁਦਾ ਦੀ ਇੱਛਾ ਦਾ ਸਨਮਾਨ ਕੀਤਾ ਅਤੇ ਉਸ ਨੂੰ ਮੰਨਿਆ।

ਕੋਈ ਸਚਿਆਈ ਦੇ ਪ੍ਰਤੀ ਆਪਣੀ ਲਗਨ ਨੂੰ ਕਈ ਤਰੀਕਿਆਂ ਨਾਲ ਵਿਖਾ ਸਕਦਾ ਹੈ। ਬਾਲ ਸਮੂਏਲ ਨੇ ਆਖਿਆ, ''ਫ਼ਰਮਾ ਕਿਉਂ ਜੋ ਤੇਰਾ ਦਾਸ ਸੁਣਦਾ ਹੈ'' (1 ਸਮੂਏਲ 3:10)। ਇਹ ਜਾਣਦੇ ਹੋਏ ਕਿ ਸਚਿਆਈ ਦਾ ਸਾਥ ਦੇਣ ਲਈ ਉਹਨੂੰ ਜੇਲ੍ਹ ਵਿਚ ਪਾ ਦਿੱਤਾ ਜਾਵੇਗਾ ਅਤੇ ਰੋਟੀ ਅਤੇ ਪਾਣੀ ਦਿੱਤਾ ਜਾਵੇਗਾ, ਮੀਕਾਯਾਹ[67] ਨੇ ਅਹਾਬ ਨੂੰ ਆਖਿਆ, ''ਜੀਉਂਦੇ ਯਹੋਵਾਹ ਦੀ ਸਹੁੰ ਜੋ ਕੁਝ ਮੇਰਾ ਪਰਮੇਸ਼ੁਰ ਫੁਰਮਾਏਗਾ ਮੈਂ ਉਹੀ ਬੋਲਾਂਗਾ'' (2 ਇਤਹਾਸ 18:13)। ਪੌਲੁਸ ਨੇ ਜੇਲ੍ਹ ਵਿੱਚੋਂ ਲਿਖਿਆ, ''ਬਚਨ ਦਾ ਪ੍ਰਚਾਰ ਕਰ। ਵੇਲੇ ਕੁਵੇਲੇ ਉਸ ਵਿਚ ਲੱਗਿਆ ਰਹੋ'' (2 ਤਿਮੋਥਿਉਸ 4:2)। ਮਸੀਹੀ ਲੋਕਾਂ ਦੇ ਰੂਪ ਵਿਚ ਸਾਨੂੰ ਕਿਹਾ ਗਿਆ ਹੈ, ''ਵਚਨ ਉੱਤੇ ਅਮਲ ਕਰਨ ਵਾਲੇ ਹੋਵੋ ਅਤੇ ਆਪਣੇ ਆਪ ਨੂੰ ਧੋਖਾ ਦੇ ਕੇ ਨਿਰੇ ਸੁਣਨ ਵਾਲੇ ਹੀ ਨਾ ਹੋਵੋ'' (ਯਾਕੂਬ 1:22)।

ਮਸੀਹ ਵਿਚ ਸਾਨੂੰ ਖ਼ੁਦਾ ਦੀ ਸਚਿਆਈ ਦੀ ਗੱਲ ਮੰਨਣਾ ਹੀ ਲਿਆਉਂਦਾ ਹੈ ਅਤੇ ਹੁਕਮ ਮੰਨਣਾ ਹੀ ਸਾਨੂੰ ਮਸੀਹ ਵਿਚ ਬਣਾਈ ਰੱਖਦਾ ਹੈ। ਅਸੀਂ ਪਿਤਾ ਅਤੇ ਪੁੱਤਰ ਵਿਚ ਰਹਿਣਾ ਚਾਹੁੰਦੇ ਹਾਂ ਜਿਹਦੇ ਲਈ ਹੁਕਮ ਮੰਨਣ ਵਾਲੀ ਜ਼ਿੰਦਗੀ ਹੋਣਾ ਲਾਜ਼ਮੀ ਹੈ। ''ਹਰ ਕੋਈ ਜਿਹੜਾ ਆਗੂ ਬਣ ਕੇ ਮਸੀਹ ਦੀ ਸਿੱਖਿਆ ਉੱਤੇ ਕਾਇਮ ਨਹੀਂ ਰਹਿੰਦਾ ਪਰਮੇਸ਼ੁਰ ਉਹਦੇ ਕੋਲ ਨਹੀਂ ਹੈ। ਜਿਹੜਾ ਓਸ ਸਿੱਖਿਆ ਉੱਤੇ ਕਾਇਮ ਰਹਿੰਦਾ ਹੈ ਉਹਦੇ ਕੋਲ ਪਿਤਾ ਅਤੇ ਪੁੱਤਰ ਵੀ ਹਨ'' (2 ਯੂਹੰਨਾ 9)। ਸਾਡੇ ਲਈ ਵਚਨ ਦੇ ਕੋਲ ਆਉਣਾ, ਵਚਨ ਵਿਚ ਬਣੇ ਰਹਿਣਾ ਅਤੇ ਅਖ਼ੀਰ ਤਕ ਵਚਨ ਨੂੰ ਫੜ੍ਹੀ ਰੱਖਣਾ ਜ਼ਰੂਰੀ ਹੈ।

**ਮਨ ਦਾ ਸਭ ਤੋਂ ਮਾੜਾ ਸਫ਼ਰ** (6:21-29)

ਹਰ ਕਿਸੇ ਲਈ ਸਭ ਤੋਂ ਜ਼ਰੂਰੀ ਕਹਾਣੀ ਉਹਦੇ ਆਪਣੇ ਦਿਲ ਦੀ ਕਹਾਣੀ ਹੈ। ''ਕਿਉਂ ਜੋ ਜਿਹੇ ਕਿਸੇ ਦੇ ਮਨ ਦੇ ਵਿਚਾਰ ਹਨ ਤਿਹਾ ਉਹ ਆਪ ਹੈ'' (ਕਹਾਉਤਾਂ 23:7)। ਜੇ ਅਸੀਂ ਆਪਣੇ ਮਨਾਂ ਨੂੰ ਸਹੀ ਢੰਗ ਨਾਲ ਨਹੀਂ ਰੱਖਦੇ, ਤਾਂ ਉਹ ''ਬੁਰੇ ਖਿਆਲਾਂ, ਖ਼ੂਨ, ਜ਼ਨਾਹਕਾਰੀਆਂ, ਹਰਾਮਕਾਰੀਆਂ ਝੂਠੀਆਂ ਗਵਾਹੀਆਂ ਕੁਫ਼ਰ'' ਵਿਚ ਫਸ ਜਾਣਗੇ (ਮੱਤੀ 15:19)।

ਮੂਸਾ, ਪੌਲੁਸ ਅਤੇ ਮਰਕੁਸ ਵਰਗੇ ਲੋਕਾਂ ਦੇ ਮਨ ਦੇ ਸਫ਼ਰ ਦਾ ਅਧਿਐਨ ਕਰਨਾ ਇਸ ਤੋਂ ਵੱਡਾ ਮੌਕਾ ਹੋਵੇਗਾ। ਪਰ ਮਰਕੁਸ 6:21–29 ਵਿਚ ਅਸੀਂ ਉਸ ਸਫ਼ਰ ਨੂੰ ਵੇਖਦੇ ਹਾਂ ਜਿਹੜਾ ਹੇਰੋਦੇਸ ਦੇ ਮਨ ਨੇ ਭਰੱਸ਼ਟ ਮਨ ਬਣਨ ਵਿਚ ਕੀਤਾ ਜਿਹੜਾ ਦੁਨੀਆਂ ਲਈ ਕੋਈ ਚੰਗੀ ਚੀਜ਼ ਨਹੀਂ ਦੇ ਸਕਦਾ ਸੀ ਅਤੇ ਉਸ ਨੂੰ ਹਮੇਸ਼ਾ ਦੀ ਜ਼ਿੰਦਗੀ ਦੀ ਕੋਈ ਆਸ ਨਹੀਂ ਸੀ।

ਆਓ ਉਨ੍ਹਾਂ ਚਰਣਾਂ ਤੇ ਕੁਝ ਧਿਆਨ ਨਾ ਗੌਰ ਕਰਦੇ ਹਾਂ ਜਿਨ੍ਹਾਂ ਵਿੱਚੋਂ ਦੀ ਹੇਰੋਦੇਸ ਦਾ ਮਨ ਲੰਘਿਆ।

1. ਪਹਿਲਾਂ ਤਾਂ, ਹੇਰੋਦੇਸ ਦਾ *ਦਿਲਚਸਪੀ ਲੈਣ ਵਾਲਾ ਮਨ* ਸੀ। ਉੱਥੋਂ ਸ਼ੁਰੂ ਕਰਦੇ ਹੋਏ ਜਿੱਥੋਂ ਉਸ ਦੀ ਜ਼ਿੰਦਗੀ ਯੂਹੰਨਾ ਬਪਤਿਸਮਾ ਦੇਣ ਵਾਲੇ ਦੀ ਜ਼ਿੰਦਗੀ ਨਾਲ ਟਕਰਾਈ, ਅਸੀਂ ਵੇਖਦੇ ਹਾਂ ਕਿ ਉਹ ਯੂਹੰਨਾ ਵਿਚ ਕੁਝ ਕੁਝ ਦਿਲਚਸਪੀ ਲੈਂਦਾ ਸੀ: ''ਕਿਉਂ ਜੋ ਹੇਰੋਦੇਸ ਯੂਹੰਨਾ ਨੂੰ ਧਰਮੀ ਅਤੇ ਪਵਿੱਤਰ ਪੁਰਖ ਜਾਣ ਕੇ ਉਸ ਕੋਲੋਂ ਡਰਦਾ … ਅਤੇ ਉਹਦੀ ਸੁਣ ਕੇ ਬਹੁਤ ਦੁਬਧੇ ਵਿੱਚ ਪੈਂਦਾ

ਜਾਂਦਾ ਪਰ ਖੁਸ਼ੀ ਨਾਲ ਉਹਦੀ ਸੁਣਦਾ ਸੀ'' (ਮਰਕੁਸ 6:20)।

ਅਜਿਹਾ ਲਗਦਾ ਹੈ ਕਿ ਹੇਰੋਦੇਸ ਯੂਹੰਨਾ ਨੂੰ ਖ਼ੁਦਾ ਦਾ ਭਗਤ ਮੰਨਦੇ ਉਹਦਾ ਆਦਰ ਕਰਦਾ ਸੀ। ਉਹ ਯੂਹੰਨਾ ਦੇ ਚਰਿੱਤਰ ਤੋਂ ਐਨਾ ਪ੍ਰਭਾਵਿਤ ਸੀ ਕਿ ਉਹ ਯੂਹੰਨਾ ਨੂੰ ਮਰਵਾ ਸੁੱਟਣ ਦੀਆਂ ਹੇਰੋਦਿਆਸ ਦੀਆਂ ਕੋਸ਼ਿਸ਼ਾਂ ਤੋਂ ਉਸ ਦੀ ਰੱਖਿਆ ਕਰਦਾ ਸੀ। ਅਸਲ ਵਿਚ ਉਹਨੂੰ ਯੂਹੰਨਾ ਨੂੰ ਬੋਲਦਿਆਂ ਸੁਣਨਾ ਚੰਗਾ ਲਗਦਾ ਸੀ। ਪਰ ਉਹਦੇ ਸੰਦੇਸ਼ਾਂ ਨਾਲ ਹੇਰੋਦੇਸ ਦਾ ਸਿਰ ਅਜਿਹੇ ਸਵਾਲਾਂ ਨਾਲ ਚਕਰਾਉਣ ਲਗਦਾ ਜਿਨ੍ਹਾਂ ਦਾ ਉਹ ਜਵਾਬ ਨਹੀਂ ਦੇ ਸਕਦਾ ਸੀ।

ਹੇਰੋਦੇਸ ਦੇ ਮਨ ਵਿਚ ਭਲਾ ਕਰਨ ਦੀ ਕਾਬਲੀਅਤ ਹੋਵੇਗੀ, ਪਰ ਉਹਦੇ ਆਲੇ ਦੁਆਲੇ ਦੇ ਮਾਹੌਲ ਨਾਲ ਇਸ ਨੂੰ ਅਸਾਨੀ ਨਾਲ ਗਲਤ ਪਾਸੇ ਵੱਲ ਧੱਕਿਆ ਜਾ ਸਕਦਾ ਸੀ। ਇਹ ਮਨ ਕੰਢੇ ਤੇ ਸੀ ਅਤੇ ਹੇਰੋਦੇਸ ਨੇ ਇਹਦਾ ਰਸਤਾ ਤੈਅ ਕਰਨ ਲਈ ਬਾਹਰੀ ਪ੍ਰਭਾਵਾਂ ਨੂੰ ਆਉਣ ਦਿੱਤਾ।

2. ਦਿੱਤੇ ਗਏ ਅਗਲੇ ਦ੍ਰਿਸ਼ ਵਿਚ, ਉਹਦਾ *ਮਨ ਹਵਸ ਨਾਲ ਭਰਿਆ* ਸੀ। ਉਹਨੇ ਆਪਣੀ ਪਤਨੀ ਨੂੰ ਤਲਾਕ ਦੇ ਕੇ ਹੇਰੋਦਿਆਸ ਨਾਲ ਵਿਆਹ ਕਰ ਲਿਆ ਸੀ। ਇਸ ਤੱਥ ਨਾਲ ਉਹਦੀ ਜ਼ਿੰਦਗੀ ਵਿਚ ਬੜਾ ਫ਼ਰਕ ਆ ਗਿਆ ਹੋਵੇਗਾ। ਉਹਦੇ ਪ੍ਰਭਾਵ ਦੇ ਕਾਰਣ ਉਹਨੇ ਯੂਹੰਨਾ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ ਵਿਚ ਸੁੱਟ ਦਿੱਤਾ ਸੀ। ਯੂਹੰਨਾ ਨੇ ਹੇਰੋਦੇਸ ਨੂੰ ਦੱਸਿਆ ਸੀ ਕਿ ਹੇਰੋਦਿਆਸ ਨਾਲ ਉਹਦਾ ਵਿਆਹ ਨਜਾਇਜ਼ ਹੈ। ਹੇਰੋਦਿਆਸ ਨੇ ਜਦੋਂ ਇਹ ਸੁਣਿਆ ਤਾਂ ਉਹਨੇ ਯੂਹੰਨਾ ਦਾ ਮਰਿਆ ਮੂੰਹ ਵੇਖਣ ਦੀ ਸਹੁੰ ਖਾ ਲਈ। ਜ਼ਾਹਿਰ ਹੈ ਕਿ ਉਹ ਯੂਹੰਨਾ ਨੂੰ ਕਤਲ ਕਰਨ ਲਈ ਹੇਰੋਦੇਸ ਨੂੰ ਪਰੇਸ਼ਾਨ ਕਰਦੀ ਰਹਿੰਦੀ ਸੀ, ਪਰ ਮਨ੍ਹਾਂ ਕਰ ਦਿੰਦਾ ਸੀ ਕਿਉਂ ਜੋ ਉਹ ਉਹਨੂੰ ਨਬੀ ਜਾਣ ਕੇ ਉਹਦੀ ਇੱਜ਼ਤ ਕਰਦਾ ਸੀ।

ਮਰਕੁਸ 6:21 ਦੱਸਦਾ ਹੈ ਕਿ ''ਦਾਉ ਦਾ ਦਿਨ ਆ ਪਹੁੰਚਿਆ।'' ਅਮੀਰ, ਫ਼ੌਜ ਦੇ ਸਰਦਾਰ ਅਤੇ ਗਲੀਲ ਦੇ ਰਈਸ ਹੇਰੋਦੇਸ ਦੇ ਜਨਮਦਿਨ ਦਾ ਜਸ਼ਨ ਮਨਾਉਣ ਲਈ ਦਾਅਵਤ ਤੇ ਆਏ ਸਨ। ਕਈ ਵਾਰ ਕਿਸੇ ਮੁਸੀਬਤ ਤੋਂ ਇਹ ਪਤਾ ਲਗ ਜਾਂਦਾ ਹੈ ਕਿ ਕਿਸੇ ਦਾ ਮਨ ਕਿੰਨਾ ਕੁ ਨਰਮ ਹੈ। ਕੁਝ ਭੜਕਾਊ ਨਾਚ ਕਰਨ ਵਾਲੀਆਂ ਕੁੜੀਆਂ ਨੇ ਪਾਰਟੀ ਵਿਚ ਆਏ ਬੰਦਿਆਂ ਦਾ ਮਨਪਰਚਾਵਾ ਕੀਤਾ; ਜਿਸ ਵਿਚ ਲਗਦਾ ਹੈ ਕਿ ਹੇਰੋਦਿਆਸ ਦੀ ਧੀ ਸਲੋਮੀ ਦਾ ਨਾਚ ਸਭ ਤੋਂ ਉੱਪਰ ਸੀ। ਇਹ ਨਾਚ ਅਸ਼ਲੀਲ ਅਤੇ ਲੱਚਰ ਹੋ ਸਕਦਾ ਹੈ। ਇਸ ਨਾਚ ਦੌਰਾਨ ਹੇਰੋਦੇਸ ਦੇ ਮਨ ਦੀ ਗੱਲ ਬਾਹਰ ਆ ਗਈ। ਬਾਈਬਲ ਦੱਸਦੀ ਹੈ:

> ''ਹੇਰੋਦੇਸ ਅਰ ਉਹਦੇ ਨਾਲ ਬੈਠਣ ਵਾਲਿਆਂ ਨੂੰ ਰਿਝਾਇਆ ਤਦ ਰਾਜਾ ਨੇ ਉਸ ਕੁੜੀ ਨੂੰ ਕਿਹਾ, ਜੋ ਤੂੰ ਚਾਹੇਂ ਸੋ ਮੈਥੋਂ ਮੰਗ ਤਾਂ ਮੈਂ ਤੈਨੂੰ ਦਿਆਂਗਾ।'' ਅਤੇ ਉਸ ਨੇ ਅੱਗੇ ਕਿਹਾ, ''ਅਰ ਉਹਦੇ ਅੱਗੇ ਸੌਂਹ ਖਾਧੀ ਭਈ ਜੋ ਕੁਝ ਤੂੰ ਮੈਥੋਂ ਮੰਗੇਂ ਮੈਂ ਆਪਣੇ ਅੱਧੇ ਰਾਜ ਤੀਕਰ ਭੀ ਤੈਨੂੰ ਦਿਆਂਗਾ'' (6:22, 23)।

ਹੇਰੋਦੇਸ ਦਾ ਮਨ ਯਕੀਨੀ ਤੌਰ ਤੇ ਗਲਤ ਦਿਸ਼ਾ ਵਿਚ ਚਲਿਆ ਗਿਆ ਸੀ। ਯੂਹੰਨਾ ਦੇ ਸੰਦੇਸ਼ ਨੂੰ ਮੰਨਣ ਦੇ ਨੇੜੇ ਜਾਣ ਦੀ ਥਾਂ ਇਹ ਗਰਕ ਵਿਚ ਪੈ ਗਿਆ ਸੀ। ਅਜਿਹੀ ਹਾਲਤ ਵਿਚ, ਆਪਣੇ ਆਲੇ ਦੁਆਲੇ ਦੇ ਇਨ੍ਹਾਂ ਲੋਕਾਂ ਕਰਕੇ ਅਸਾਨੀ ਨਾਲ ਪ੍ਰਭਾਵਿਤ ਹੋਇਆ ਹੇਰੋਦੇਸ ਦਾ ਮਨ ਪਾਪ ਦੇ ਹਨੇਰੇ ਵਿਚ ਡੁੱਬ ਗਿਆ। ਹੇਰੋਦੇਸ ਨੇ ਹਵਸ ਅੱਗੇ ਹਾਰ ਮੰਨ ਲਈ ਅਤੇ ਉਹਦੇ ਲਈ ਇਸ ਵਿੱਚੋਂ ਨਿੱਕਲਣਾ ਮੁਸ਼ਕਿਲ ਹੋਣਾ ਸੀ।

3. ਉਸ ਦਾ ਮਨ *ਦੁਸ਼ਟ ਮਨ* ਬਣ ਗਿਆ। ਸਲੋਮੀ ਨੂੰ ਮੂੰਹ ਮੰਗੀ ਮੁਰਾਦ ਦਿੱਤੇ ਜਾਣ ਦੀ ਗੱਲ ਕਹੇ ਜਾਣ ਤੋਂ ਬਾਅਦ ਉਹ ਆਪਣੀ ਦੁਸ਼ਟ ਮਾਂ ਕੋਲ ਭੱਜ ਗਈ ਅਤੇ ਉਸ ਤੋਂ ਸਲਾਹ ਮੰਗਦੀ ਹੋਏ ਆਖਣ ਲੱਗੀ, ''ਮੈਂ ਕੀ ਮੰਗਾਂ?'' ਹੇਰੋਦਿਆਸ ਨੇ ਘਟਨਾਵਾਂ ਦੀ ਇਸ ਲੜੀ ਦੀ ਜਿਹੜੀਆਂ ਉਹਦੀ ਯੋਜਨਾ ਦੇ ਮੁਤਾਬਿਕ ਇਕ ਇਕ ਕਰਕੇ ਵਾਪਰ ਰਹੀਆਂ ਸਨ ਪਹਿਲਾਂ ਤੋਂ ਯੋਜਨਾ ਬਣਾ

ਲਈ ਹੋਵੇਗੀ। ਇਕ ਅਰਥ ਵਿਚ ਉਸ ਨੇ ਆਪਣੀ ਧੀ ਨੂੰ ਆਖਿਆ, ''ਹੇਰੋਦੇਸ ਨੂੰ ਆਖ ਕਿ ਉਹ ਤੈਨੂੰ ਥਾਲ ਵਿਚ ਰੱਖ ਕੇ ਯੂਹੰਨਾ ਦਾ ਸਿਰ ਦੇ ਦਵੇ'' (ਵੇਖੋ 6:24)। ਹੇਰੋਦਿਆਸ ਦੀ ਕਮੀਨਗੀ ਉਹਦੀ ਧੀ ਸਲੋਮੀ ਵਿਚ ਨਜ਼ਰ ਆਉਂਦੀ ਹੈ। ਨਫ਼ਰਤ ਨਾਲ ਭਰੀ ਹੇਰੋਦਿਆਸ ਨੇ ਯੂਹੰਨਾ ਦੇ ਸਿਰ ਦੀ ਕੀਮਤ ਹੇਰੋਦੇਸ ਦੀ ਅੱਧੀ ਹਕੂਮਤ ਨਾਲੋਂ ਵੱਧ ਮੰਨੀ।

ਸਲੋਮੀ ਭੱਜ ਕੇ ਹੇਰੋਦੇਸ ਕੋਲ ਵਾਪਸ ਗਈ ਅਤੇ ਉਸ ਨੇ ਇਹ ਘਿਨਾਉਣੀ ਬੇਨਤੀ ਕਰ ਦਿੱਤੀ। ਪਾਗਲਪਨ ਨਾਲ ਭਰੀ ਉਸ ਦੀ ਅਪੀਲ ਦੇ ਹੇਰੋਦੇਸ ਦੇ ਜਵਾਬ ਤੋਂ ਪਤਾ ਲਗਦਾ ਹੈ ਕਿ ਉਹਦਾ ਮਨ ਕਿਹੋ ਜਿਹਾ ਹੋ ਚੁੱਕਿਆ ਸੀ। ''ਤਦ ਰਾਜਾ ਬਹੁਤ ਉਦਾਸ ਹੋਇਆ ਪਰ ਉਹਨੇ ਆਪਣੀ ਸੌਂਹ ਅਤੇ ਨਾਲ ਬੈਠਣ ਵਾਲਿਆਂ ਦੀ ਖਾਤਰ ਉਸ ਨੂੰ ਨਾਂਹ ਕਰਨੀ ਨਾ ਚਾਹੀ'' (6:26)। ਇਸ ਤੋਂ ਅਣਜਾਣ ਕਿ ਗਲਤ ਕੰਮ ਕਰਨ ਲਈ ਖਾਧੀ ਗਈ ਕੋਈ ਵੀ ਸਹੁੰ ਇਖ਼ਲਾਕੀ ਤੌਰ ਤੇ ਕਦੇ ਵੀ ਮੰਨਣ ਯੋਗ ਨਹੀਂ ਹੋ ਸਕਦੀ, ਇਸ ਭਰਸ਼ਟ ਰਾਜੇ ਨੂੰ ਲੱਗਿਆ ਕਿ ਉਹਨੂੰ ਆਪਣੀ ਸਹੁੰ ਪੂਰੀ ਕਰਨੀ ਜ਼ਰੂਰੀ ਹੈ। ਉਹਦੇ ਲਈ ਅਜਿਹੀ ਸਹੁੰ ਖਾਣਾ ਗਲਤ ਸੀ ਅਤੇ ਉਹਦੇ ਲਈ ਅਜਿਹੀ ਸਹੁੰ ਨੂੰ ਪੂਰਾ ਕਰਨਾ ਵੀ ਗਲਤ ਸੀ। ਬਾਈਬਲ ਅੱਗੇ ਦੱਸਦੀ ਹੈ:

> ਤਾਂ ਰਾਜੇ ਨੇ ਝੱਟ ਇਕ ਸਿਪਾਹੀ ਨੂੰ ਹੁਕਮ ਦੇ ਕੇ ਭੇਜਿਆ ਜੋ ਉਹ ਦਾ ਸਿਰ ਲਿਆਏ। ਤਦ ਉਹਨੇ ਜਾਕੇ ਉਹ ਦਾ ਸਿਰ ਕੈਦਖਾਨੇ ਵਿੱਚ ਵੱਢਿਆ ਅਤੇ ਇੱਕ ਥਾਲ ਵਿੱਚ ਰੱਖ ਕੇ ਲਿਆਂਦਾ ਅਰ ਕੁੜੀ ਨੂੰ ਦਿੱਤਾ ਅਤੇ ਕੁੜੀ ਨੇ ਉਹ ਆਪਣੀ ਮਾਂ ਨੂੰ ਦਿੱਤਾ (6:27, 28)।

ਹੇਰੋਦੇਸ ਕਿਸੇ ਹੁਕਮਰਾਨ ਦੀ ਮਰਿਆਦਾ ਨਾਲ ਕੰਮ ਨਹੀਂ ਕਰ ਰਿਹਾ ਸੀ। ਨਹੀਂ, ਉਹ ਕਿਸੇ ਸੱਭਿਅ ਆਦਮੀ ਵਾਲਾ ਸਲੂਕਾ ਨਹੀਂ ਕਰ ਰਿਹਾ ਸੀ। ਇਸ ਵਿਰਤਾਂਤ ਵਿਚ ਯੂਹੰਨਾ ਇਕ ਨਾਮੀ ਆਦਮੀ ਸੀ, ਜਿਹਨੇ ਦੁਨੀਆਂ ਨੂੰ ਧਾਰਮਿਕਤਾ ਅਤੇ ਸਚਿਆਈ ਵਿਚ ਢਾਲਣ ਲਈ ਜ਼ਿੰਦਗੀ ਬਿਤਾਈ ਸੀ।

4. ਹੇਰੋਦੇਸ ਦੇ ਮਨ ਦੇ ਚੌਥੇ ਵਿਚਾਰ ਤੋਂ ਪਤਾ ਲਗਦਾ ਹੈ ਕਿ ਉਹਦਾ *ਮਨ ਸਖ਼ਤ* ਸੀ। ਜਦੋਂ ਹੇਰੋਦੇਸ ਨੇ ਯੂਹੰਨਾ ਨੂੰ ਮਰਵਾਇਆ ਤਾਂ ਉਹਨੇ ਆਪਣੀ ਆਤਮਾ ਨੂੰ ਵੀ ਮਾਰ ਦਿੱਤਾ। ਉਹਨੇ ਯੂਹੰਨਾ ਨੂੰ ਸੁਰਗਲੋਕ ਵਿਚ ਭੇਜ ਦਿੱਤਾ ਪਰ ਆਪਣੇ ਆਪ ਨੂੰ ਬਦਹਾਲੀ ਅਤੇ ਦੋਸ਼ ਦੀ ਸਜ਼ਾ ਦਿੱਤੀ। ਭਲਾ ਹੇਰੋਦੇਸ ਤੋਬਾ ਕਰ ਸਕਦਾ ਸੀ? ਹਾਂ, ਉਹ ਤੋਬਾ ਕਰ ਸਕਦਾ ਸੀ। ਪਰ ਇਹ ਫ਼ੈਸਲਾ ਲੈ ਕੇ ਉਹਨੇ ਆਪਣੇ ਲਈ ਰਸਤਾ ਤੈਅ ਕਰ ਲਿਆ ਅਤੇ ਉੱਥੇ ਪਹੁੰਚ ਗਿਆ ਜਿੱਥੋਂ ਵਾਪਸ ਨਹੀਂ ਆਇਆ ਜਾ ਸਕਦਾ ਸੀ।

ਕਿਸੇ ਨੂੰ ਆਪਣੇ ਅੰਤਹਕਰਣ ਨੂੰ ਹਲਕੇ ਢੰਗ ਨਾਲ ਨਹੀਂ ਲੈਣਾ ਚਾਹੀਦਾ, ਕਿਉਂ ਜੋ ਅੰਤਹਕਰਣ ਐਨਾ ਸਖ਼ਤ ਹੋ ਸਕਦਾ ਹੈ ਕਿ ਉਹਦੀ ਮੁਰੰਮਤ ਨਹੀਂ ਹੋ ਸਕਦੀ। ਹੇਰੋਦੇਸ ਨੇ ਆਪਣੇ ਮਨ ਨੂੰ ਖ਼ੂਬਸੂਰਤੀ ਤੇ ਵਾਸਨਾ ਵੱਲੋਂ ਕਤਲ ਕੀਤੇ ਜਾਣ ਤਕ ਜਾਣ ਦਿੱਤਾ। ਸ਼ਾਇਦ ਇਹਦੇ ਬਾਅਦ ਜ਼ਿੰਦਗੀ ਭਰ ਉਸ ਨੂੰ ਇਸ ਦਾ ਦੁੱਖ ਅਤੇ ਪਛਤਾਵਾ ਰਿਹਾ। ਉਹਦੇ ਮਨ ਨੇ ਉਹੋ ਜਿਹਾ ਨਹੀਂ ਰਹਿਣਾ ਸੀ ਜਿਹੋ ਜਿਹਾ ਉਹ ਪਹਿਲਾਂ ਸੀ। ਖ਼ੁਦਾ ਤਕ ਆਪਣੇ ਰਾਹ ਨੂੰ ਲੱਭਣ ਲਈ ਜਿੰਨਾਂ ਵਧੀਆ ਮੌਕਾ ਉਹ ਨੂੰ ਯੂਹੰਨਾ ਨਾਲ ਗੱਲਬਾਤ ਕਰਨ ਦੌਰਾਨ ਮਿਲਿਆ ਸੀ, ਉਹੋ ਜਿਹਾ ਸਮਾਂ ਕਦੇ ਦੁਬਾਰਾ ਨਹੀਂ ਮਿਲਣਾ ਸੀ।

*ਨਿਚੋੜ:* ਹੇਰੋਦੇਸ ਦੀ ਅਗਲੀ ਸਾਫ਼ ਤਸਵੀਰ ਲੂਕਾ 23 ਵਿਚ ਯਿਸੂ ਦੀਆਂ ਪੇਸ਼ੀਆਂ ਦੇ ਸਬੰਧ ਵਿਚ ਦਿੱਤੀ ਗਈ ਹੈ। ਯਿਸੂ ਪਸਾਹ ਨੂੰ ਮਨਾਉਣ ਲਈ ਯਰੂਸ਼ਲਮ ਵਿਚ ਸੀ। ਜਦੋਂ ਪਿਲਾਤੁਸ ਨੂੰ ਪਤਾ ਲੱਗਾ ਕਿ ਹੇਰੋਦੇਸ ਸ਼ਹਿਰ ਵਿਚ ਹੈ ਤਾਂ ਉਹਨੇ ਇਹ ਸੋਚ ਕਿ ਉਹਨੂੰ ਪਤਾ ਹੋਵੇਗਾ ਕਿ ਯਿਸੂ ਨਾਲ ਕੀ ਕਰਨਾ ਹੈ, ਯਿਸੂ ਨੂੰ ਉਹਦੇ ਕੋਲ ਭੇਜ ਦਿੱਤਾ। ਟੀਕਾਕਾਰਾਂ ਨੇ ਇਸ ਪੁੱਛ–ਗਿੱਛ ਨੂੰ ਪੂਰੀ ਰੋਮੀ ਪੇਸ਼ੀ ਦੱਸਿਆ ਹੈ।

ਲੂਕਾ ਨੇ ਲਿਖਿਆ ਕਿ ਇਸ ਮੁਲਾਕਾਤ ਵਿਚ ਕੀ ਹੋਇਆ:

> ਹੇਰੋਦੇਸ ਯਿਸੂ ਨੂੰ ਵੇਖ ਕੇ ਵੱਡਾ ਅਨੰਦ ਹੋਇਆ ਕਿਉਂ ਜੋ ਉਹ ਚਿਰੋਕਣਾ ਉਸ ਨੂੰ ਵੇਖਣਾ ਚਾਹੁੰਦਾ ਸੀ ਇਸ ਕਰਕੇ ਜੋ ਓਨ ਉਸ ਦੀ ਖਬਰ ਸੁਣੀ ਸੀ ਅਤੇ ਉਹਨੂੰ ਆਸ ਸੀ ਜੋ ਉਸ ਦੇ ਹੱਥੋਂ ਕੋਈ ਨਿਸ਼ਾਨ ਵੇਖੇ। ਉਹਨੇ ਉਸ ਤੋਂ ਬਹੁਤੀਆਂ ਗੱਲਾਂ ਪੁੱਛੀਆਂ ਪਰ ਓਨ ਉਹਨੂੰ ਇਕ ਦਾ ਵੀ ਜਵਾਬ ਨਾ ਦਿੱਤਾ (ਲੂਕਾ 23: 8, 9)।

ਯਿਸੂ ਨੂੰ ਉਹਦੇ ਲਈ ਕੋਈ ਨਿਸ਼ਾਨ ਵਿਖਾਉਣ ਲਈ ਮਨਾਉਣ ਦੀ ਇਸ ਕੋਸ਼ਿਸ਼ ਤੋਂ ਬਾਅਦ ਹੇਰੋਦੇਸ ਨੇ ਉਸ ਨੂੰ ਮਜ਼ਾਕ ਉਡਾਏ ਜਾਣ ਲਈ ਸਿਪਾਹੀਆਂ ਦੇ ਸਪੁਰਦ ਕਰ ਦਿੱਤਾ। ਸਿਪਾਹੀਆਂ ਨੇ ਉਸ ਨੂੰ ਪਰੇਸ਼ਾਨ ਕੀਤਾ ਅਤੇ ਉਸ ਦਾ ਮਜ਼ਾਕ ਉਡਾਉਂਦੇ ਹੋਏ ਉਹਦੇ ਨਾਲ ਸਲੂਕਾ ਕੀਤਾ। ਯਿਸੂ ਨੂੰ ਸ਼ਾਹੀ ਲਿਬਾਸ ਪੁਆਉਣ ਤੋਂ ਬਾਅਦ, ਹੇਰੋਦੇਸ ਨੇ ਉਸ ਨੂੰ ਪਿਲਾਤੁਸ ਕੋਲ ਵਾਪਸ ਘੱਲ ਦਿੱਤਾ (ਲੂਕਾ 23:11)।

ਯਿਸੂ ਨੂੰ ਸੁਣਨ ਅਤੇ ਮੁਕਤੀ ਦੀਆਂ ਗੱਲਾਂ ਜਾਣਨ ਦਾ ਹੇਰੋਦੇਸ ਨੂੰ ਕਿੰਨਾ ਵਧੀਆ ਮੌਕਾ ਮਿਲਿਆ ਸੀ! ਪਰ ਇਹ ਗਲੀਲੀ ਰਾਜਾ ਐਨਾ ਭਰਸ਼ਟ ਸੀ ਅਤੇ ਉਹਦਾ ਮਨ ਐਨਾ ਸਖ਼ਤ ਸੀ ਕਿ ਉਹਨੇ ਯਿਸੂ ਨੂੰ ਸਿਰਫ਼ ਕੋਈ ਨਿਸ਼ਾਨ ਵਿਖਾਉਣ ਲਈ ਹੀ ਆਖਿਆ। ਹੇਰੋਦੇਸ ਨੇ ਯਿਸੂ ਨਾਲ ਗੱਲ ਕਰਨ ਦੇ ਇਸ ਅਨੁਭਵ ਨਾਲ ਅਜਿਹਾ ਸਲੂਕਾ ਕੀਤਾ ਜਿਵੇਂ ਉਹ ਕਿਸੇ ਸਰਕਸ ਵਿਚ ਜਾ ਰਿਹਾ ਹੋਵੇ। ਰੂਹਾਨੀ ਗੱਲਾਂ ਲਈ ਹੇਰੋਦੇਸ ਦਾ ਮਨ ਹਮੇਸ਼ਾ ਲਈ ਮਰ ਗਿਆ ਲਗਦਾ ਹੈ। ਆਪਣੀ ਸੇਵਕਾਈ ਵਿਚ ਪਹਿਲਾਂ, ਇਕ ਵਾਰ ਯਿਸੂ ਨੇ ਕਿਹਾ ਸੀ, ''... ਜੋ ਕੋਈ ਪਵਿੱਤਰ ਆਤਮਾ ਦੇ ਵਿਰੁੱਧ ਕੁਫ਼ਰ ਬੋਲੇ ਉਹ ਨੂੰ ਕਦੇ ਵੀ ਮਾਫ਼ੀ ਨਹੀਂ ਮਿਲੇਗੀ ਪਰ ਉਹ ਸਦਾ ਦੇ ਪਾਪ ਦੇ ਵੱਸ ਵਿੱਚ ਆ ਗਿਆ'' (ਮਰਕੁਸ 3:28, 29)।

ਹੇਰੋਦੇਸ ਮਨ ਨੂੰ ਲੈ ਕੇ ਗਿਆ ਅਤੇ ਉਹ ਪੱਥਰ ਦੇ ਮਨ ਨਾਲ ਅਖ਼ੀਰ ਤਕ ਪਹੁੰਚ ਗਿਆ ਸੀ। ਉਹਦਾ ਮਨ ਦਿਲਚਸਪੀ ਲੈਣ ਵਾਲੇ ਤੋਂ ਹਵਸ ਨਾਲ ਭਰਿਆ, ਦੁਸ਼ਟ ਅਤੇ ਅਖ਼ੀਰ ਵਿਚ ਸਖ਼ਤ ਹੋ ਗਿਆ। ਜਦ ਯਿਸੂ ਹੇਰੋਦੇਸ ਦੇ ਸਾਹਮਣੇ ਖਲੋਤਾ, ਤਾਂ ਉਸ ਨੇ ਉਸ ਨੂੰ ਕੁਝ ਨਹੀਂ ਕਿਹਾ; ਕਿਉਂ ਜੋ ਜਗਤ ਦੇ ਮੁਕਤੀਦਾਤੇ ਯਿਸੂ ਕੋਲ ਸਖ਼ਤ ਮਨ ਲਈ ਕਹਿਣ ਲਈ ਕੁਝ ਨਹੀਂ ਹੈ। ਤ੍ਰਾਸਦੀ ਇਹ ਹੈ ਕਿ ਸਖ਼ਤ, ਕੁਫ਼ਰ ਨਾਲ ਭਰੇ ਮਨ ਨੂੰ ਕਦੇ ਮਾਫ਼ ਨਹੀਂ ਕੀਤਾ ਜਾ ਸਕਦਾ।

ਅਸੀਂ ਸਾਰੇ ਵੀ ਮਨ ਦੇ ਸਫ਼ਰ ਤੇ ਹਾਂ। ਰੋਜ਼–ਬ–ਰੋਜ਼ ਅਸੀਂ ਆਪਣੇ ਮਨਾਂ ਦੀ ਖੇਤੀ ਕਰ ਰਹੇ ਹਾਂ। ਉਨ੍ਹਾਂ ਹੁਕਮ ਮੰਨਣ ਵਾਲਿਆਂ ਤੋਂ ਅਸੀਂ ਖ਼ੁਦਾ ਦੀ ਮਰਜ਼ੀ ਮੰਨਣ ਜਾਂ ਸੁਆਰਥੀ ਮਨਾਂ ਵਿਚ ਭਾਵ ਬੁਰੇ ਮਨਾਂ ਵਿਚ ਬਦਲ ਰਹੇ ਹਾਂ, ਜੋ ਖ਼ੁਦਾ ਜਾਂ ਮਨੁੱਖ ਦੇ ਕਿਸੇ ਕੰਮ ਦੇ ਨਹੀਂ ਹਨ। ਅਸੀਂ ਕਿਹੋ ਜਿਹੇ ਮਨ ਬਣਾ ਰਹੇ ਹਾਂ?

### ''ਅਰਾਮ'' ਦਾ ਮਤਲਬ (6:30-44)

ਦੂਜਿਆਂ ਦੀ ਸੇਵਾ ਕਰਨ ਦੇ ਆਪਣੇ ਕੰਮ ਵਿਚ, ਯਿਸੂ ਆਮ ਤੌਰ ਤੇ ਸਵੇਰ ਤੋਂ ਲੈ ਕੇ ਸ਼ਾਮ ਤਕ ਰੁੱਝਿਆ ਰਹਿੰਦਾ ਸੀ। ਕੰਮ ਕਰਨ ਦੇ ਉਸ ਦੇ ਔਸਤ ਦਿਨ ਲੰਮੇ ਅਤੇ ਥਕਾ ਦੇਣ ਵਾਲੇ ਹੁੰਦੇ ਹੋਣਗੇ। ਮਰਕੁਸ ਨੇ ਉਨ੍ਹਾਂ ਦੋ ਸਮਿਆਂ ਦਾ ਜ਼ਿਕਰ ਕੀਤਾ ਹੈ ਜਦੋਂ ਉਹਦੇ ਕੋਲ ਆਉਣ ਵਾਲਿਆਂ ਦੀ ਮਦਦ ਕਰਨ ਵਿਚ ਉਹ ਅਤੇ ਉਹਦੇ ਚੇਲੇ ਐਨੇ ਰੁੱਝੇ ਹੋਏ ਸਨ ਕਿ ਉਨ੍ਹਾਂ ਕੋਲ ਲੋਕਾਂ ਤੋਂ ਬਚ ਕੇ, ਖਾਣਾ ਖਾਣ ਲਈ ਸਮਾਂ ਨਹੀਂ ਹੁੰਦਾ ਸੀ (3:20; 6:31)।

ਖ਼ੁਦਾਈ ਵਿੱਚੋਂ ਦੂਜਾ, ਅਰਥਾਤ ਯਿਸੂ ਸਾਡੇ ਵਰਗਾ ਬਣਨ ਲਈ, ਦੇਹ ਵਿਚ ਆ ਗਿਆ, ਅਤੇ ਉਸ ਵਿਚ ਮਨੁੱਖ ਹੋਣ ਦੀਆਂ ਸਾਰੀਆਂ ਖੂਬੀਆਂ ਸਨ। ਉਹ ਸਾਡੇ ਨਾਲ ਬਿਲਕੁਲ ਇਕ–ਮਿਕ ਸੀ। ਜਦ ਉਹਦਾ ਹੱਥ ਕੱਟਿਆ ਜਾਂਦਾ ਤਾਂ ਇਸ ਵਿੱਚੋਂ ਲਹੂ ਵਗਦਾ ਸੀ। ਇਕ ਅਰਥ ਵਿਚ ਉਹ ਸਾਡੀ ਸਮਝ ਤੋਂ ਕੁਝ ਬਾਹਰ ਸੀ, ਜੋ ਇੱਕੋ ਸ਼ਖ਼ਸੀਅਤ ਅਤੇ ਦੇਹ ਵਿਚ ਖ਼ੁਦਾ ਅਤੇ ਮਨੁੱਖ ਦਾ ਸੰਪੂਰਣ ਮੇਲ

ਸੀ। ਸਾਡੇ ਲਈ ਇਹ ਦੇਹਧਾਰੀ ਹੋਇਆ ਭਾਵ ਖ਼ੁਦਾ ਦਾ ਦੇਹ ਵਿਚ ਸਾਡੇ ਕੋਲ ਆਣ ਕੇ ਰਹਿਣਾ, ਸਾਡੀ ਸਮਝ ਤੋਂ ਬਿਲਕੁਲ ਬਾਹਰ ਹੈ। ਸਾਡੇ ਲਈ ਇਹ ਇਕ ਤਰਕਸੰਗਤ ਵਿਰੋਧਾਭਾਸ ਹੈ; ਪਰ ਜੋ ਵੀ ਹੋਵੇ, ਹੈ ਇਹ ਸੱਚ।

ਇੰਜੀਲ ਦੇ ਵਿਰਤਾਂਤਾਂ ਵਿਚ, ਕਈ ਵਾਰ ਉਸ ਦੇ ਖ਼ੁਦਾ ਹੋਣ ਤੇ ਜ਼ੋਰ ਦਿੱਤਾ ਗਿਆ ਹੈ, ਜਿਵੇਂ ਉਸ ਦਾ ਜਲਾਲੀ ਰੂਪ ਹੋਣ ਵੇਲੇ; ਅਤੇ ਹੋਰਨਾਂ ਸਮਿਆਂ ਤੇ ਉਸ ਦੇ ਮਨੁੱਖ ਹੋਣ ਨੂੰ ਪ੍ਰਮੁੱਖਤਾ ਨਾਲ ਵਿਖਾਇਆ ਗਿਆ ਹੈ, ਜਿਵੇਂ ਉਹਦੀਆਂ ਅਜ਼ਮਾਇਸ਼ਾਂ ਵੇਲੇ। ਉਹ ਧਰਤੀ ਉੱਤੇ ਖ਼ੁਦਾ–ਮਨੁੱਖ ਬਣ ਕੇ ਰਿਹਾ, ਜਿਸ ਕਰਕੇ ਸਾਨੂੰ ਨਵੇਂ ਨੇਮ ਵਿਚ ਇਨ੍ਹਾਂ ਦੋਹਾਂ ਸੁਭਾਵਾਂ ਵਿਚ ਅੱਗੇ ਪਿੱਛੇ ਦੀ ਬਨਾਵਟ ਨੂੰ ਵੇਖਣ ਦੀ ਉਮੀਦ ਹੋ ਸਕਦੀ ਹੈ।

6:30–32 ਵਿਚ, ਸਾਡੇ ਸਾਹਮਣੇ ਉਹਦੇ ਮਨੁੱਖ ਹੋਣ ਦੀ ਗੱਲ ਆਉਂਦੀ ਹੈ। ਯਿਸੂ ਲੋਕਾਂ ਨਾਲ ਕੰਮ ਕਰਕੇ ਥੱਕ ਗਿਆ ਸੀ। ਜਜ਼ਬਾਤੀ ਤੌਰ ਤੇ ਅਤੇ ਸਰੀਰਕ ਤੌਰ ਤੇ ਥੱਕਿਆ ਹੋਣ ਕਰਕੇ, ਉਹਨੂੰ ਅਰਾਮ ਦੀ ਲੋੜ ਸੀ। ਸਾਡੀਆਂ ਦੇਹਾਂ ਵਾਂਗੂ ਯਿਸੂ ਦੀ ਦੇਹ ਨੂੰ ਖਾਕ, ਸੁਸਤਾ ਕੇ ਅਤੇ ਸੌਣ ਨਾਲ ਤਾਜ਼ਗੀ ਅਤੇ ਫੇਰ ਤੋਂ ਸ਼ਕਤੀ ਦੀ ਲੋੜ ਪੈਂਦੀ ਸੀ।

ਯਿਸੂ ਦੇ ਚੇਲਿਆਂ ਨੂੰ, ਜਿਹੜੇ ਹੁਣੇ ਹੁਣੇ ਉਸ ਪਹਿਲੇ ਕੈਂਪੇਨ ਤੋਂ ਵਾਪਸ ਆਏ ਸਨ, ਜਿਸ ਤੇ ਉਨ੍ਹਾਂ ਦੇ ਪ੍ਰਭੂ ਨੇ ਉਨ੍ਹਾਂ ਨੂੰ ਘੱਲਿਆ ਸੀ, ਅਰਾਮ ਅਤੇ ਸਮੀਖਿਆ ਕਰਨ ਲਈ ਸਮਾਂ ਚਾਹੀਦਾ ਸੀ। ਯਿਸੂ ਨੇ ਉਨ੍ਹਾਂ ਨੂੰ ਇਹ ਅਗਵਾਈ ਦਿੱਤੀ: ''ਤੁਸੀਂ ਆਪ ਉਜਾੜ ਥਾਂ ਅਲੱਗ ਚੱਲੇ ਚੱਲੋ ਅਤੇ ਰਤੀ ਕੁ ਸੁਸਤਾਓ'' (6:31)। ਆਪਣੀ ਇਲਾਹੀ ਸਮਝ ਵਿਚ, ਯਿਸੂ ਨੇ ਮਨੁੱਖੀ ਸਰੀਰ ਅਤੇ ਆਤਮਾ ਦੀਆਂ ਬੰਦਿਸ਼ਾਂ ਨੂੰ ਕਬੂਲਿਆ। ਕਈ ਵਾਰ ਹੱਦੋਂ ਬਾਹਰ ਕੰਮ ਕਰਨਾ ਮੁਸ਼ਕਿਲ ਹੁੰਦਾ ਹੈ, ਪਰ ਆਮ ਤੌਰ ਤੇ ਸਾਨੂੰ ਬਦਲ ਬਦਲ ਕੇ ਕੰਮ ਕਰਨਾ ਚਾਹੀਦਾ ਹੈ ਅਤੇ ਵਿਚ ਵਿਚ ਅਰਾਮ ਕਰ ਲੈਣਾ ਚਾਹੀਦਾ ਹੈ। ਤੰਦਰੁਸਤ ਰਹਿਣ ਲਈ ਇਹ ਜ਼ਰੂਰੀ ਹੈ ਕਿ ਉਸ ਸੇਵਾ ਲਈ ਜਿਸ ਨੂੰ ਕਰਨ ਲਈ ਅਸੀਂ ਸਮਰਪਤ ਹਾਂ, ਅਸੀਂ ਆਪਣੇ ਮਨਾਂ ਅਤੇ ਸਰੀਰਾਂ ਨੂੰ ਤਿਆਰ ਕਰਨ ਲਈ ਸਮਾਂ ਦਈਏ।

ਇਸ ਵੇਰਵੇ ਵਿਚ ਇਹ ਸੰਕੇਤ ਹੈ ਕਿ ਰਸੂਲ ਉਹੀ ਕਰਦੇ ਸਨ ਜੋ ਯਿਸੂ ਉਨ੍ਹਾਂ ਨੂੰ ਕਰਨ ਲਈ ਦੱਸਦਾ ਸੀ। ਯਿਸੂ ਨੇ ਰਸੂਲਾਂ ਲਈ ਕਿਹੋ ਜਿਹੇ ਅਰਾਮ ਦੀ ਸਿਫ਼ਾਰਿਸ਼ ਕੀਤੀ? ਸਾਡੇ ਲਈ ਉਹ ਕਿਹੋ ਜਿਹਾ ਅਰਾਮ ਕਰਨ ਲਈ ਆਖੇਗਾ?

1. ਰਸੂਲਾਂ ਨੇ *ਯਿਸੂ ਨੂੰ ਉਹ ਦੱਸਣ* ਵਿਚ ਸਮਾਂ ਦਿੱਤਾ ਜੋ ਉਨ੍ਹਾਂ ਨੇ ਆਪਣੇ ਕੈਂਪੇਨ ਦੌਰਾਨ ਕੀਤਾ ਅਤੇ ਹਾਸਿਲ ਕੀਤਾ ਸੀ। ਮਰਕੁਸ 6:30 ਦੱਸਦਾ ਹੈ, ''ਰਸੂਲ ਯਿਸੂ ਦੇ ਕੋਲ ਇਕੱਠੇ ਹੋਏ ਅਤੇ ਜੋ ਕੁਝ ਉਨ੍ਹਾਂ ਕੀਤਾ ਅਰ ਜੋ ਕੁਝ ਉਪਦੇਸ਼ ਦਿੱਤਾ ਸੀ ਸਭ ਉਹਨੂੰ ਦੱਸਿਆ।'' ਇਹ ਲੋਕ ਕੁਝ ਦੇਰ ਤਕ ਯਿਸੂ ਤੋਂ ਦੂਰ ਰਹੇ ਸਨ, ਅਤੇ ਜੋ ਜੋ ਹੋਇਆ ਸੀ ਉਹ ਉਸ ਨੂੰ ਦੱਸਣਾ ਚਾਹੁੰਦੇ ਸਨ। ਸਭ ''ਇਕੱਠੇ'' ਹੋਏ। ਪਹਿਲਾਂ ਤਾਂ ਉਨ੍ਹਾਂ ਨੇ ਚਾਹਿਆ ਹੋਵੇਗਾ ਕਿ ਜੋ ਕੁਝ ਉਨ੍ਹਾਂ ਨੇ ਕੀਤਾ ਹੈ ਉਸ ਉੱਤੇ ਉਹ ਆਪਣਾ ਵਿਚਾਰ ਦਵੇ। ਕਿਉਂ ਜੋ ਉਹ ਹਰ ਗੱਲ ਵਿਚ ਆਪਣੇ ਪ੍ਰਭੂ ਦੀ ਨਕਲ ਕਰਨਾ ਚਾਹੁੰਦੇ ਸਨ, ਇਸ ਕਰਕੇ ਉਨ੍ਹਾਂ ਨੇ ਚਾਹਿਆ ਕਿ ਉਹ ਦੱਸੇ ਕਿ ਜੋ ਕੁਝ ਉਹ ਕਰ ਰਹੇ ਸਨ ਉਸ ਨੂੰ ਕਿਵੇਂ ਕਰਨਾ ਹੈ।

ਬਾਹਰੋਂ ਆ ਕੇ ਜਦੋਂ ਅਸੀਂ ਲੋੜੀਂਦੀ ਤਾਜ਼ਗੀ ਲਈ ਬੈਠਦੇ ਹਾਂ, ਤਾਂ ਸਾਨੂੰ ਦੁਆ ਕਰਦੇ ਹੋਏ ਜੋ ਕੁਝ ਅਸਾਂ ਕੀਤਾ ਹੈ ਅਤੇ ਜਿਵੇਂ ਸਾਨੂੰ ਕਰਨਾ ਚਾਹੀਦਾ ਹੈ ਆਪਣੇ ਪ੍ਰਭੂ ਨਾਲ ਗੱਲਬਾਤ ਕਰਨੀ ਚਾਹੀਦੀ ਹੈ। ਅਸੀਂ ਅਜੇ ਵੀ ਸਿੱਖ ਰਹੇ ਹਾਂ ਅਤੇ ਅਸੀਂ ਚਾਹਾਂਗੇ ਕਿ ਉਹ ਸਾਡੀਆਂ ਕਾਮਯਾਬੀਆਂ ਅਤੇ ਨਾਕਾਮੀਆਂ ਵਿਚ ਵਿਚਾਰ ਕਰਨ ਵਿਚ ਸਾਨੂੰ ਮਦਦ ਕਰੇ। ਅਸੀਂ ਆਖ ਸਕਦੇ ਹਾਂ ਕਿ ਨਵੀਂ ਤਾਜ਼ਗੀ ਦੀ ਸ਼ੁਰੂਆਤ ਜੋ ਕੁਝ ਅਸਾਂ ਕੀਤਾ ਹੈ, ਉਸ ਬਾਰੇ ਦੱਸਣ ਨਾਲ ਹੋ ਸਕਦੀ ਹੈ।

2. ਇਸ ਤੋਂ ਛੁੱਟ, ਇਹ ਹਵਾਲਾ ਇਹ ਵੀ ਸੰਕੇਤ ਦਿੰਦਾ ਹੈ ਕਿ ਇਹਦੇ ਬਾਅਦ *ਅਰਾਮ ਕਰਨ*

*ਲਈ ਥੋੜ੍ਹਾ ਖਾਣਾ ਪੀਣਾ* ਵੀ ਹੋਇਆ। ਰਸੂਲ ਲੋਕਾਂ ਨੂੰ ਸਿਖਾਉਣ ਅਤੇ ਮਸੀਹ ਕੋਲ ਲਿਆਉਣ ਵਿਚ ਬੇਹੱਦ ਰੁੱਝੇ ਹੋਏ ਸਨ। 6:31 ਵਿਚ ਅਸੀਂ ਪੜ੍ਹਦੇ ਹਾਂ, ''ਕਿਉਂਕਿ ਬਹੁਤ ਲੋਕ ਆਉਂਦੇ ਜਾਂਦੇ ਸਨ ਅਤੇ ਉਨ੍ਹਾਂ ਨੂੰ ਰੋਟੀ ਖਾਣ ਦਾ ਵੀ ਵਿਹਲ ਨਹੀਂ ਸੀ ਹੁੰਦਾ।''

ਕਈ ਵਾਰ ਅਸੀਂ ਬਹੁਤ ਰੁੱਝੇ ਹੋਏ ਹੋ ਸਕਦੇ ਹਾਂ, ਜਿਸ ਨਾਲ ਹੋ ਸਕਦਾ ਹੈ ਕਿ ਸਾਨੂੰ ਸੰਤੁਲਿਤ ਭੋਜਨ ਲੈਣ ਦਾ ਸਮਾਂ ਵੀ ਨਾ ਮਿਲੇ। ਕਈ ਵਾਰ ਦਿਨ ਐਨੇ ਛੋਟੇ ਹੋ ਸਕਦੇ ਹਨ ਕਿ ਪੂਰਾ ਕੰਮ ਨਹੀਂ ਨਿੱਬੜਦਾ। ਇਨ੍ਹਾਂ ਦਿਨਾਂ ਵਿਚ ਹੋ ਸਕਦਾ ਹੈ ਕਿ ਯਹੋਸ਼ੁਆ ਵਾਂਗ, ਅਸੀਂ ਖ਼ੁਦਾ ਨੂੰ ਸਮੇਂ ਨੂੰ ਰੋਕ ਕੇ ਸਾਨੂੰ ਆਪਣਾ ਕੰਮ ਪੂਰਾ ਕਰਨ ਲਈ ਇਕ ਦੋ ਹੋਰ ਘੰਟੇ ਦੇਣ ਲਈ ਕਹਿਣ ਦੀ ਅਜ਼ਮਾਇਸ਼ ਵਿਚ ਪੈ ਜਾਈਏ।

ਸਾਡੇ ਕੰਮ ਭਾਵੇਂ ਕਿੰਨੇ ਵੀ ਜ਼ਰੂਰੀ ਹੋਣ, ਇਨ੍ਹਾਂ ਚੇਲਿਆਂ ਨੇ ਸਾਨੂੰ, ਸੌਣ, ਧਿਆਨ ਲਾਉਣ ਅਤੇ ਦੁਆ ਕਰਨ ਲਈ ਥੋੜ੍ਹਾ ਸਮਾਂ ਕੱਢਣ ਦੀ ਵਧੀਆ ਮਿਸਾਲ ਦੇ ਦਿੱਤੀ ਹੈ। ਅਸੀਂ ਹਰ ਵੇਲੇ ਇੱਕੋ ਰਫ਼ਤਾਰ ਨਾਲ ਨਹੀਂ ਚੱਲ ਸਕਦੇ। ਖ਼ੁਦਾ ਚਾਹੁੰਦਾ ਹੈ ਕਿ ਉਹਦੇ ਲਈ ਕੀਤੇ ਜਾਣ ਵਾਲੇ ਆਪਣੇ ਕੰਮ ਬਾਰੇ ਗੰਭੀਰ ਅਤੇ ਸਮਰਪਿਤ ਹੋਈਏ, ਪਰ ਉਹਦਾ ਪੁੱਤਰ ਸਾਨੂੰ ਵਿਚ ਵਿਚ ਰੁਕ ਕੇ ਅਰਾਮ ਕਰਨਾ ਸਿਖਾਉਂਦਾ ਹੈ।

3. ਇਨ੍ਹਾਂ ਦੋ ਗੱਲਾਂ ਤੋਂ ਇਲਾਵਾ ਸਾਡੇ ਪ੍ਰਭੂ ਵੱਲੋਂ ਰਸੂਲਾਂ ਉੱਤੇ ਲਾਗੂ ਕੀਤੇ ਗਏ ਅਰਾਮ ਵਿਚ ਉਸ ਕੰਮ ਲਈ ਜਿਸ ਨੂੰ ਉਹ ਕਰ ਰਹੇ ਸਨ *ਨਵੇਂ ਸਿਰਿਉਂ ਲੱਗਣਾ* ਸ਼ਾਮਿਲ ਹੋਵੇਗਾ। ਉਨ੍ਹਾਂ ਨੇ ਯਿਸੂ ਤੋਂ ''ਅਲੱਗ'' ਸਮਾਂ ਬਿਤਾਇਆ। ਕੁਝ ਦੇਰ ਅਰਾਮ ਕਰਨ ਅਤੇ ਇਹ ਦੱਸਣ ਤੋਂ ਬਾਅਦ ਕਿ ਉਨ੍ਹਾਂ ਨੇ ਕਿਵੇਂ ਕੰਮ ਕੀਤਾ, ਉਨ੍ਹਾਂ ਲਈ ਯਿਸੂ ਦੇ ਪ੍ਰਤੀ ਸੰਕਲਪ ਜਾਂ ਸਮਰਪਣ ਦੇ ਵਾਅਦੇ ਨਾਲ ਜਵਾਬ ਦੇਣਾ ਢੁਕਵਾਂ ਸੀ।

ਆਮ ਤੌਰ ਤੇ ਦੁਆ ਦਾ ਸਾਡਾ ਸਮਾਂ ਵਧੀਆ ਸੇਵਕ ਬਣਨ ਦੇ ਸੰਕਲਪ ਦੇ ਇਕਰਾਰ ਅਤੇ ਐਲਾਨ ਨਾਲ ਸ਼ੁਰੂ ਹੁੰਦਾ ਹੈ। ਇਸੇ ਤਰ੍ਹਾਂ ਨਾਲ ਨਵੇਂ ਸਿਰਿਉਂ ਸ਼ੁਰੂ ਕਰਨ, ਖਾਣ ਪੀਣ ਅਤੇ ਤਾਜ਼ਗੀ ਦੇ ਸਾਡੇ ਸਮੇਂ, ਸਮਝਦਾਰ ਕੰਮ ਕਰਨ ਵਾਲੇ ਬਣਨ ਅਤੇ ਚੰਗੀ ਤਰ੍ਹਾਂ ਨਾਲ ਸੁਣਨ ਅਤੇ ਲੋਕਾਂ ਦੀਆਂ ਲੋੜਾਂ ਦੇ ਪ੍ਰਤੀ ਵਧੇਰੇ ਸੰਵੇਦਨਸ਼ੀਲ ਹੋਣ ਤੋਂ ਸ਼ੁਰੂ ਕਰਕੇ ਮਨਾਂ ਦੇ ਨਵੇਂ ਸਿਰਿਉਂ ਸਮਰਪਣ ਨਾਲ ਖ਼ਤਮ ਹੋਣ।

*ਨਿਚੋੜ:* ਕਹਿੰਦੇ ਹਨ ਕਿ ''ਜੰਗ ਖਾਣ ਦੇਣ ਨਾਲੋਂ ਵਰਤ ਲੈਣਾ ਚੰਗਾ ਹੈ।'' ਇਸ ਵਿਚਾਰ ਵਿਚ ਭਾਵੇਂ ਕੁਝ ਕੁਝ ਸਹੀ ਹੈ ਪਰ ਇਸ ਵਿਚ ਮੁਸ਼ਕਿਲ ਕੰਮ ਕਰਨ ਅਤੇ ਕੁਝ ਨਾ ਕਰਨ ਦੇ ਦੋ ਸਿਖਰਾਂ ਦੀ ਗੱਲ ਕੀਤੀ ਗਈ ਹੈ। ਜ਼ਿੰਦਗੀ ਇਨ੍ਹਾਂ ਦੋ ਸਿਖਰਾਂ ਨਾਲੋਂ ਕਿਤੇ ਵਧ ਕੇ ਹੈ। ਜੰਗ ਖਾਣ ਅਤੇ ਬੇਹੱਦ ਕੰਮ ਕਰਨ ਦੇ ਵਿਚਕਾਰ ਕੀ ਹੋਣਾ ਚਾਹੀਦਾ ਹੈ? ਇਕ ਜਵਾਬ ਲੋੜ ਮੁਤਾਬਿਕ ਅਰਾਮ ਕਰਨਾ ਹੈ ਭਾਵ ਅਜਿਹਾ ਆਰਾਮ ਜਿਸ ਵਿਚ ਪ੍ਰਭੂ ਨੂੰ ਦੱਸਣਾ, ਉਸ ਦੀ ਸ਼ਕਤੀ ਵਿਚ ਸੁਸਤਾਉਣਾ ਅਤੇ ਉਸ ਦੀ ਜ਼ਿੰਦਗੀ ਅਤੇ ਕੰਮ ਲਈ ਨਵੇਂ ਸਿਰਿਉਂ ਲਗ ਜਾਣਾ ਹੈ।

ਜਦ ਯਿਸੂ ਨੇ ਆਪਣੇ ਚੇਲਿਆਂ ਨੂੰ ਅਰਾਮ ਕਰਨ ਲਈ ਆਖਿਆ, ਤਾਂ ਉਨ੍ਹਾਂ ਨੇ ਉਹੀ ਕੀਤਾ ਜੋ ਉਸ ਨੇ ਉਨ੍ਹਾਂ ਨੂੰ ਕਰਨ ਲਈ ਆਖਿਆ ਸੀ, ''ਸੋ ਓਹ ਬੇੜੀ ਉੱਤੇ ਇੱਕ ਉਜਾੜ ਥਾਂ ਵਿੱਚ ਅਲੱਗ ਚਲੇ ਗਏ'' (6:32)। ਉਨ੍ਹਾਂ ਦੇ ਜਵਾਬ ਤੋਂ ਸਾਨੂੰ ਯਾਦ ਆਉਂਦਾ ਹੈ ਕਿ ਸਿਆਣਪ ਉਹੀ ਕਰਨ ਵਿਚ ਹੈ, ਜੋ ਯਿਸੂ ਕਰਨ ਲਈ ਆਖਦਾ ਹੈ।

ਨਾ ਤਾਂ ਅਸੀਂ ਥੱਕ ਕੇ ਚੂਰ ਹੋਣਾ ਚਾਹੁੰਦੇ ਹਾਂ ਅਤੇ ਨਾ ਜੰਗ ਲਵਾਉਣਾ ਚਾਹੁੰਦੇ ਹਾਂ। ਅਸੀਂ ਆਪਣੇ ਸਰੀਰਾਂ ਦਾ ਸਹੀ ਢੰਗ ਨਾਲ ਧਿਆਨ ਰੱਖ ਕੇ ਉਹੀ ਵਡਿਆਈ ਲਈ ਵਿਚਰਦੇ ਹੋਏ ਵਿਚ ਵਿਚ ਲੋਕਾਂ ਤੋਂ ਦੂਰ ਜਾ ਕੇ ਯਿਸੂ ਦੀ ਸੇਵਾ ਵਿਚ ਆਪਣੀ ਜ਼ਿੰਦਗੀ ਜੀਣਾ ਚਾਹੁੰਦੇ ਹਾਂ। ਦੁਆ ਦੇ ਖਾਮੋਸ਼ੀ ਭਰੇ ਸਮਿਆਂ ਵਿਚ ਅਸੀਂ ਆਪਣੀ ਊਰਜਾ ਨੂੰ ਫੇਰ ਤੋਂ ਨਵਿਆ ਸਕਦੇ ਹਾਂ। ਮਨ ਦੇ ਆਪਣੇ ਜੋਸ਼ ਨੂੰ ਫੇਰ ਤੋਂ ਤਾਜ਼ਾ ਕਰ ਸਕਦੇ ਹਾਂ ਅਤੇ ਆਪਣੀਆਂ ਜਾਨਾਂ ਨੂੰ ਫੇਰ ਤੋਂ ਸਮਰਪਿਤ ਕਰ ਸਕਦੇ ਹਾਂ।

**ਯਾਦ ਰੱਖਣ ਵਾਲੀ ਦਾਅਵਤ** (6:30-44)

ਪੰਜ ਹਜ਼ਾਰ ਆਦਮੀਆਂ ਨੂੰ, ਜਿਸ ਵਿਚ ਔਰਤਾਂ ਅਤੇ ਬੱਚਿਆਂ ਦੀ ਗਿਣਤੀ ਨਹੀਂ ਕੀਤੀ

ਗਈ, ਖੁਆਉਣ ਦਾ ਇਹ ਮੋਅਜਜ਼ਾ ਯਿਸੂ ਦੀ ਜ਼ਿੰਦਗੀ ਦੇ ਚਾਰੇ ਵਿਰਤਾਂਤਾਂ ਵਿਚ ਸ਼ਾਮਿਲ ਕੀਤਾ ਗਿਆ ਹੈ। ਇਸ ਤੋਂ ਛੁੱਟ ਇਸ ਵਿਚ ਕੋਈ ਸ਼ੱਕ ਨਹੀਂ ਕਿ ਇੰਜੀਲ ਦੇ ਵਿਰਤਾਂਤਾਂ ਵਿਚ ਸ਼ਾਮਲ ਸਾਰੇ ਮੋਅਜਜ਼ਿਆਂ ਵਿੱਚੋਂ, ਇਸ ਮੋਅਜਜ਼ੇ ਨੂੰ ਸਭ ਤੋਂ ਵੱਧ ਲੋਕਾਂ ਨੇ ਵੇਖਿਆ ਅਤੇ ਸਭ ਤੋਂ ਵੱਧ ਲੋਕਾਂ ਨੇ ਇਸ ਵਿਚ ਸ਼ਿਰਕਤ ਕੀਤੀ।

ਔਰਤਾਂ ਅਤੇ ਬੱਚਿਆਂ ਸਣੇ, ਉਸ ਪਹਾੜੀ ਉੱਤੇ ਆਏ ਲੋਕਾਂ ਦੀ ਕੁਲ ਗਿਣਤੀ ਅੰਦਾਜ਼ਨ ਦਸ ਤੋਂ ਤੇਰਾਂ ਹਜ਼ਾਰ ਸੀ। ਬਾਈਬਲ ਵਿਚ ਪੰਜ ਹਜ਼ਾਰ ''ਮਰਦ'' (ἄνδρες, *ਅੰਦ੍ਰੇਸ*) ਬਹੁਵਚਨ ਨਾਉਂ ਜਿਸਦਾ ਅਰਥ ਖ਼ਾਸ ਤੌਰ ਤੇ ਜਨਾਨੀਆਂ ਦੇ ਉਲਟ ਮਰਦ ਹੈ; ਮੱਤੀ 14:21); ਇਸ ਕਰਕੇ ਇਸ ਗਿਣਤੀ ਵਿਚ ਔਰਤਾਂ ਅਤੇ ਬੱਚਿਆਂ ਨੂੰ ਸ਼ਾਮਿਲ ਕਰ ਲਿਆ ਜਾਵੇ ਤਾਂ ਇਹ ਗਿਣਤੀ ਘੱਟੋ-ਘੱਟ ਦੁਗਣੀ ਹੋ ਜਾਵੇਗੀ।

ਬੈਤਸੈਦਾ ਦੇ ਇਲਾਕੇ ਵਿਚ ਉਜਾੜ ਥਾਂ ਤੇ ਯਿਸੂ ਦੇ ਆਲੇ ਦੁਆਲੇ ਇਕ ਭੀੜ ਜਮ੍ਹਾ ਹੋ ਗਈ। ਯਿਸੂ ਗਲੀਲ ਦੀ ਝੀਲ ਦੇ ਪੱਛਮੀ ਕਿਨਾਰੇ ਵੱਲ ਗਿਆ ਸੀ ਅਤੇ ਜਦੋਂ ਉਹ ਬੇੜੀ ਵਿੱਚੋਂ ਨਿੱਕਲੇ ਤਾਂ ਜੋਸ਼ ਨਾਲ ਭਰੀ ਇਕ ਭੀੜ ਉਨ੍ਹਾਂ ਨੂੰ ਮਿਲੀ ਅਤੇ ਪਹਾੜ ਤੇ ਉਹਦੇ ਮਗਰ ਮਗਰ ਚਲੀ ਗਈ। ਇਕ ਪੱਧਰੀ ਥਾਂ ਵੇਖ ਕੇ ਯਿਸੂ ਉੱਥੇ ਬੈਠ ਗਿਆ। ਲੋਕ ਉਹਦੇ ਸਾਹਮਣੇ ਖਿੱਲਰ ਗਏ। ਦਿਨ ਫਟਾ ਫਟ ਡਲ ਗਿਆ ਅਤੇ ਸ਼ਾਮਾਂ ਪੈ ਗਈਆਂ ਜਿਸ ਕਰਕੇ ਭੀੜ ਨੂੰ ਕੁਝ ਖਾਣ ਅਤੇ ਰਾਤ ਕੱਟਣ ਲਈ ਥਾਂ ਲੱਭਣ ਲਈ ਇੱਧਰ ਉੱਧਰ ਚਲੇ ਜਾਣਾ ਚਾਹੀਦਾ ਸੀ।

ਇੰਜੀਲ ਦੇ ਚਾਰਾਂ ਵਿਰਤਾਂਤਾਂ ਦੇ ਸ਼ਬਦਾਂ ਨੂੰ ਇਸ ਤਰ੍ਹਾਂ ਨਾਲ ਆਖਿਆ ਜਾ ਸਕਦਾ ਹੈ ਕਿ ਯਿਸੂ ਨੇ ਆਪਣੇ ਰਸੂਲਾਂ ਤੋਂ ਪੁੱਛਿਆ ''ਅਸੀਂ ਇਨ੍ਹਾਂ ਲੋਕਾਂ ਦਾ ਕੀ ਕਰੀਏ?'' ਉਨ੍ਹਾਂ ਆਖਿਆ, ''ਪ੍ਰਭੂ ਜੀ, ਅਸੀਂ ਇਨ੍ਹਾਂ ਨੂੰ ਕਿਵੇਂ ਖੁਆਈਏ?'' ਇਨ੍ਹਾਂ ਨੂੰ ਖੁਆਉਣ ਲਈ ਐਨਾ ਖਾਣਾ ਕਿੱਥੋਂ ਖਰੀਦਾਂਗੇ? ਐਨਾ ਖਾਣਾ ਇਨ੍ਹਾਂ ਨੂੰ ਖੁਆਉਣ ਲਈ ਐਨੇ ਪੈਸੇ ਕਿੱਥੋਂ ਲਿਆਂਵਾਂਗੇ?'' ਸਾਡੇ ਪ੍ਰਭੂ ਦਾ ਜਵਾਬ ਸੀ, ''ਸਾਡੇ ਕੋਲ ਕਿੰਨਾ ਕੁ ਖਾਣਾ ਹੈ?'' ਅੰਦ੍ਰਿਆਸ ਨੂੰ ਇਕ ਮੁੰਡਾ ਮਿਲਿਆ ਜਿਹਦੇ ਕੋਲ ਦੁਪਹਿਰ ਦਾ ਖਾਣਾ ਹੈ ਸੀ। ਉਹਨੇ ਆਖਿਆ, ''ਸਾਡੇ ਕੋਲ ਜੌਂ ਦੀਆਂ ਪੰਜ ਰੋਟੀਆਂ ਅਤੇ ਦੋ ਮੱਛੀਆਂ ਹਨ, ਪਰ ਐਨੇ ਸਾਰੇ ਲੋਕਾਂ ਦਾ ਇਨ੍ਹਾਂ ਨਾਲ ਕੀ ਬਣੇਗਾ?'' (ਵੇਖੋ ਮੱਤੀ 14: 15-17; ਮਰਕੁਸ 6: 35-38; ਲੂਕਾ 9:12, 13; ਯੂਹੰਨਾ 6: 5-9)।

ਯਿਸੂ ਨੇ ਉਸ ਮੁੰਡੇ ਦਾ ਦੁਪਹਿਰ ਦਾ ਖਾਣਾ ਆਪਣੇ ਹੱਥਾਂ ਵਿਚ ਲੈਂਦੇ ਹੋਏ, ਰਸੂਲਾਂ ਨੂੰ ਲੋਕਾਂ ਨੂੰ ਪੰਜਾਹ ਪੰਜਾਹ ਅਤੇ ਸੌ ਸੌ ਦੀਆਂ ਟੋਲੀਆਂ ਵਿਚ ਬੈਠਣ ਲਈ ਆਖਿਆ। ਉਹਨੇ ਉਸ ਖਾਣੇ ਲਈ ਸ਼ੁਕਰ ਕੀਤਾ ਅਤੇ ਉਹ ਰੋਟੀਆਂ ਅਤੇ ਮੱਛੀਆਂ ਨੂੰ ਟੁਕੜਿਆਂ ਵਿਚ ਤੋੜਨ ਲਗ ਪਿਆ। ਉਹਨੇ ਉਨ੍ਹਾਂ ਟੁਕੜਿਆਂ ਵਿਚ ਬਰਕਤ ਪਾਉਂਦਿਆਂ ਇਕ ਦੇ ਬਾਅਦ ਇਕ ਟੋਕਰੀ ਭਰ ਲਈ। ਰਸੂਲ ਉਨ੍ਹਾਂ ਟੁਕੜਿਆਂ ਨੂੰ ਖਾਣ ਲਈ ਦਿੰਦੇ ਹੋਏ ਇਨ੍ਹਾਂ ਬਾਰਾਂ ਟੋਕਰੀਆਂ ਨੂੰ ਬਾਰਾਂ ਦਿਸ਼ਾਵਾਂ ਵਿਚ ਲੈ ਗਏ। ਭੀੜ ਕੋਲ ਖਾਣ ਲਈ ਬਹੁਤ ਸੀ, ਕਿਉਂ ਜੋ ਹਰ ਕਿਸੇ ਨੇ ਰੱਜ ਕੇ ਖਾਧਾ। ਖੁਆਉਣਾ ਬੰਦ ਹੋਣ ਤੋਂ ਬਾਅਦ ਯਿਸੂ ਨੇ ਰਸੂਲਾਂ ਨੂੰ ਬਚੇ ਹੋਏ ਟੁਕੜਿਆਂ ਨੂੰ ਇਕੱਠੇ ਕਰਕੇ ਸੰਭਾਲ ਲੈਣ ਲਈ ਆਖਿਆ। ਉਹ ਬਚੇ ਹੋਏ ਟੁਕੜਿਆਂ ਦੇ ਬਾਰਾਂ ਟੋਕਰੇ ਇਕੱਠੇ ਕਰ ਲਿਆਏ।

ਯਿਸੂ ਦੇ ਇਸ ਮੋਅਜਜ਼ੇ ਵਿਚ ਸਾਡੇ ਲਈ ਸਭ ਤੋਂ ਦਿਲਚਸਪੀ ਵਾਲੀ ਗੱਲ ਕੀ ਹੋਣੀ ਚਾਹੀਦੀ ਹੈ? ਇਸ ਕਹਾਣੀ ਵਿਚ ਜ਼ੋਰ ਨਾ ਤਾਂ ਮੁੰਡੇ ਉੱਤੇ ਹੈ, ਨਾ ਰੋਟੀਆਂ ਅਤੇ ਮੱਛੀਆਂ ਉੱਤੇ, ਅਤੇ ਨਾ ਹੀ ਇਸ ਤੇ ਕਿ ਯਿਸੂ ਨੇ ਥੋੜ੍ਹੀਆਂ ਜਿਹੀਆਂ ਰੋਟੀਆਂ ਅਤੇ ਮੱਛੀਆਂ ਨਾਲ ਕੀ ਕੀਤਾ। ਮੁੱਖ ਮੁੱਦਾ *ਯਿਸੂ* ਹੈ। ਉਹ ਕੌਣ ਹੈ? ਇਹੀ ਉਹ ਸਚਿਆਈ ਹੈ ਜਿਹੜੀ ਸਾਨੂੰ ਵੇਖਣੀ ਜ਼ਰੂਰੀ ਹੈ।

1. ਕਹਾਣੀ ਦੇ ਸ਼ੁਰੂ ਵਿਚ ਅਸੀਂ ਵੇਖਦੇ ਹਾਂ ਕਿ ਯਿਸੂ *ਉਪਦੇਸ਼ ਦੇ ਰਿਹਾ ਮਸੀਹ* ਹੈ। ਇਨ੍ਹਾਂ ਲੋਕਾਂ ਨੂੰ ਖੁਆਉਣ ਤੋਂ ਪਹਿਲਾਂ ਯਿਸੂ ਨੇ ਸਿਖਾਉਣ ਵਿਚ ਸਮਾਂ ਬਿਤਾਇਆ (6:34)। ਇਹ ਯਿਸੂ

ਦੀ ਖੂਬੀ ਸੀ। ਸਭ ਤੋਂ ਪਹਿਲਾਂ ਉਹ ਵੱਡਾ ਗੁਰੂ ਸੀ।

ਉਨ੍ਹਾ ਮੋਅਜਜ਼ਿਆਂ ਨਾਲ ਜਿਹੜੇ ਉਨ੍ਹਾਂ ਨੇ ਯਿਸੂ ਨੂੰ ਕਰਦਿਆਂ ਸੁਣਿਆ ਜਾਂ ਅਸਲ ਵਿਚ ਵੇਖਿਆ ਸੀ, ਖਿੱਚੇ ਜਾਣ ਨਾਲ ਭੀੜ ਦੇ ਲੋਕ ਉਸ ਨੂੰ ਸੁਣਨ ਲਈ ਆਏ ਸਨ। ਇਨ੍ਹਾਂ ਮਗਰ ਆਉਣ ਵਾਲਿਆਂ ਦੀ ਇਸ ਗੱਲ ਨੂੰ ਉਹ ਸਮਝਦਾ ਸੀ। ਅਤੇ ਉਸ ਨੇ ਰਸੂਲਾਂ ਨਾਲ ਉਨ੍ਹਾਂ ਨੂੰ ਉੱਤੋਂ ਉੱਤੋਂ ਪ੍ਰੇਰਣਾ ਮਿਲੀ ਹੋਣ ਦੀ ਗੱਲ ਕੀਤੀ। ਪਰ ਯਿਸੂ ਨੇ ਉਨ੍ਹਾਂ ਦੀ ਅਧੂਰੀ ਪ੍ਰੇਰਣਾ ਕਰਕੇ ਉਨ੍ਹਾਂ ਨੂੰ ਜਾਣ ਨਹੀਂ ਦਿੱਤਾ। ਉਹਨੇ ਇਸ ਨੂੰ ਸਿਖਾਉਣ ਦੇ ਮੌਕੇ ਦੇ ਰੂਪ ਵਿਚ ਵੇਖਿਆ, ਅਤੇ ਹੋ ਸਕਦਾ ਹੈ ਕਿ ਇਹ ਬਹੁਤ ਵਧੀਆ ਸਮਾਂ ਨਾ ਹੋਵੇ, ਪਰ ਯਿਸੂ ਨੇ ਇਸ ਦਾ ਫ਼ਾਇਦਾ ਉਠਾਇਆ।

ਯਿਸੂ ਦਾ ਮੁੱਖ ਉਦੇਸ਼ ਸਾਰੇ ਸ਼ਹਿਰਾਂ ਅਤੇ ਕਸਬਿਆਂ ਵਿਚ ਜਾ ਕੇ ਸਭ ਲੋਕਾਂ ਨੂੰ ਸਿਖਾਉਣਾ ਸੀ। ਇਸ ਤੋਂ ਪਹਿਲਾਂ ਉਹਨੇ ਆਪਣੇ ਰਸੂਲਾਂ ਨੂੰ ਆਖਿਆ ਸੀ, ''ਆਓ, ਕਿਸੇ ਹੋਰ ਪਾਸੇ ਨੇੜੇ ਦੇ ਨਗਰਾਂ ਵਿੱਚ ਚਲੀਏ ਜੋ ਮੈਂ ਉੱਥੇ ਭੀ ਪ੍ਰਚਾਰ ਕਰਾਂ ਕਿਉਂਕਿ ਮੈਂ ਇਸੇ ਲਈ ਨਿੱਕਲਿਆ ਹਾਂ'' (1:38)।

2. ਇਹ ਹਵਾਲਾ ਸਾਨੂੰ ਯਿਸੂ ਨੂੰ *ਦਯਾਵਾਨ ਮਸੀਹ* ਦੇ ਰੂਪ ਵਿਚ ਵਿਖਾਉਂਦਾ ਹੈ। ਜਦ ਯਿਸੂ ਨੇ ਕੰਢੇ ਤੇ ਪਹੁੰਚ ਕੇ ਲੋਕਾਂ ਦੀ ਭੀੜ ਨੂੰ ਉਹਦੀ ਉਡੀਕ ਕਰਦੇ ਵੇਖਿਆ, ਤਾਂ ''ਉਨ੍ਹਾਂ ਤੇ ਤਰਸ ਖਾਧਾ ਇਸ ਲਈ ਜੋ ਓਹ ਉਨ੍ਹਾਂ ਭੇਡਾਂ ਵਾਂਙੁ ਸਨ ਜਿਨ੍ਹਾਂ ਦਾ ਅਯਾਲੀ ਨਾ ਹੋਵੇ ...'' (6:34)। ਯਿਸੂ ਦੀ ਰਹਿਨੁਮਾਈ ਲਈ ਉਹਨੂੰ ਲੱਭਦੇ ਹੋਏ ਇਨ੍ਹਾਂ ਲੋਕਾਂ ਉੱਤੇ ਬੜਾ ਤਰਸ ਆਇਆ। ਉਹ ਬਗੈਰ ਰਹਿਬਰ ਦੇ,ਪਰੇਸ਼ਾਨ ਅਤੇ ਸਮਝ ਦੀ ਖੋਜ ਵਿਚ ਮਾਰੇ ਮਾਰੇ ਫਿਰ ਰਹੇ ਸਨ। ਉਨ੍ਹਾਂ ਨੂੰ ਇਹ ਪਤਾ ਨਹੀਂ ਸੀ ਕਿ ਇਸ ਮਦਦ ਲਈ ਜਿਹੜੀ ਉਨ੍ਹਾਂ ਨੂੰ ਲਗਦਾ ਹੈ ਕਿ ਉਨ੍ਹਾਂ ਨੂੰ ਚਾਹੀਦੀ ਹੈ। ਉਹ ਕੀ ਕਰਨ ਅਤੇ ਕਿੱਥੇ ਜਾਣਾ ਯਿਸੂ ਨੇ ਉਨ੍ਹਾਂ ਨੂੰ ਉਨ੍ਹਾਂ ਭੇਡਾਂ ਵਰਗੇ ਦੱਸਿਆ ਜਿਹੜੀਆਂ ਬਗੈਰ ਆਜੜੀ ਦੇ ਹੋਣ ਅਤੇ ਉਨ੍ਹਾਂ ਨੂੰ ਵੇਖ ਕੇ ਉਹਦਾ ਮਨ ਭਰ ਆਇਆ

3. ਇਸ ਮੋਅਜਜ਼ੇ ਦਾ ਕੋਈ ਵੀ ਅਧਿਐਨ ਉਦੋਂ ਤਕ ਪ੍ਰਮਾਣਕ ਨਹੀਂ ਹੋਵੇਗਾ ਜਦੋਂ ਤਕ ਵਿਦਿਆਰਥੀਆਂ ਨੂੰ ਇਹ ਨਹੀਂ ਵਿਖਾਇਆ ਜਾਂਦਾ ਕਿ ਯਿਸੂ *ਸਰਵਸ਼ਕਤੀਮਾਨ ਮਸੀਹ* ਹੈ। ਪਹਿਲਾਂ ਤਾਂ ਰਸੂਲਾਂ ਨੇ ਸੁਝਾਅ ਦਿੱਤਾ ਕਿ ਭੁੱਖੇ ਲੋਕਾਂ ਨੂੰ ਘੱਲ ਦਿੱਤਾ ਜਾਵੇ। ਉਨ੍ਹਾਂ ਨੂੰ ਲੱਗਾ ਕਿ ਉਨ੍ਹਾਂ ਲਈ ਹਾਲਾਤ ਨਾਲ ਨਜਿੱਠਣਾ ਬੜਾ ਮੁਸ਼ਕਿਲ ਹੈ। ਰਸੂਲਾਂ ਕੋਲ ਉਨ੍ਹਾਂ ਨੂੰ ਘੱਲ ਦੇਣ ਤੋਂ ਛੁੱਟ ਹੋਰ ਕੋਈ ਚਾਰਾ ਨਹੀਂ ਸੀ।

ਯਿਸੂ ਨੇ ਫ਼ਿਲਿੱਪੁਸ ਤੋਂ ਪੁੱਛਿਆ, ''ਅਸੀਂ ਇਨ੍ਹਾਂ ਦੇ ਖਾਣ ਲਈ ਰੋਟੀਆਂ ਕਿੱਥੋਂ ਮੁੱਲ ਲਈਏ?'' (ਯੂਹੰਨਾ 6:5)। ਫ਼ੌਰਨ ਜਵਾਬ ਦਿੰਦਿਆਂ ਫ਼ਿਲਿੱਪੁਸ ਨੇ ਆਖਿਆ, ''ਸੌ ਰੁਪਏ ਦੋ ਸੌ ਦੀਨਾਰ ਦੀਆਂ ਰੋਟੀਆਂ ਨਾਲ ਵੀ ਉਨ੍ਹਾਂ ਦਾ ਪੂਰਾ ਨਹੀਂ ਪਟਨਾ ਜੋ ਹਰੇਕ ਨੂੰ ਵੀ ਥੋੜ੍ਹਾ ਜਿਹਾ ਮਿਲੇ'' (ਯੂਹੰਨਾ 6:7) । ਦੀਨਾਰ ਇਕ ਮਜ਼ਦੂਰ ਅਤੇ ਸਿਪਾਹੀ ਦੀ ਇਕ ਦਿਨ ਦੀ ਮਜ਼ਦੂਰੀ ਦੇ ਬਰਾਬਰ ਹੁੰਦਾ ਸੀ। ਦੂਜੇ ਸ਼ਬਦਾਂ ਵਿਚ, ਫ਼ਿਲਿੱਪੁਸ ਆਖ ਰਿਹਾ ਸੀ ਕਿ ਇਨ੍ਹਾਂ ਲੋਕਾਂ ਲਈ ਥੋੜ੍ਹਾ ਜਿਹਾ ਖਾਣਾ ਲਿਆਉਣ ਲਈ ਛੇ ਮਹੀਨਿਆਂ ਤੋਂ ਵੱਧ ਦੀ ਕਮਾਈ ਦੀ ਲੋੜ ਪਵੇਗੀ।

ਅੰਦ੍ਰਿਆਸ ਨੂੰ ਭੀੜ ਵਿੱਚੋਂ ਕਿਸੇ ਮੁੰਡੇ ਤੋਂ ਜਿਹੜਾ ਖਾਣਾ ਮਿਲਿਆ ਸੀ, ਉਸ ਵਿਚ ਜੌਂ ਦੀਆਂ ਪੰਜ ਛੋਟੀਆਂ ਛੋਟੀਆਂ ਰੋਟੀਆਂ ਅਤੇ ਦੋ ਮੱਛੀਆਂ ਸਨ (ਸਾਰਡੀਨ ਜਿੰਨੀ ਵੱਡੀ; ਵੇਖੋ ਯੂਹੰਨਾ 6:8, 9)। ਸਾਡੇ ਪ੍ਰਭੂ ਨੇ ਮੁੰਡੇ ਦੇ ਦੁਪਹਿਰ ਦੇ ਖਾਣੇ ਨੂੰ ਲੈ ਕੇ ਵੱਡੀ ਦਾਅਵਤ ਵਿਚ ਬਦਲ ਦਿੱਤਾ। ਉਸ ਨੇ ਉੱਥੇ ਮੌਜੂਦ ਹਰ ਕਿਸੇ ਨੂੰ ਖੁਆਇਆ ਅਤੇ ਫਿਰ ਵੀ ਬਹੁਤ ਸਾਰਾ ਬਚ ਗਿਆ।

ਅਜਿਹਾ ਕੰਮ ਕੌਣ ਕਰ ਸਕਦਾ ਹੈ? ਯਿਸੂ ਦੀ ਕਾਰਵਾਹੀ ਨੇ ਹਜ਼ਾਰਾਂ ਲੋਕਾਂ ਦੀ ਮੌਜੂਦਗੀ ਵਿਚ ਉਹਦੀ ਖਾਲਸ ਸ਼ਕਤੀ ਨੂੰ ਵਿਖਾ ਦਿੱਤਾ। ਇਸ ਦੀ ਸਿਰਫ਼ ਇੱਕੋ ਤਰਕਸੰਗਤ ਗੱਲ ਕੀਤੀ ਜਾ ਸਕਦੀ ਸੀ ਕਿ ਇਹ ਸਰਵਸ਼ਕਤੀਮਾਨ ਮਸੀਹ ਸੀ, ਜਿਹਦੀ ਅਵਾਜ਼ ਬੇਅੰਤ ਅਸਮਾਨ ਵਿਚ ਹਰ ਥਾਂ ਜਾ ਕੇ ਜੀਆਂ ਵਿਚ ਜਾਨ ਪਾ ਦਿੰਦੀ ਸੀ।

4. ਮੋਅਜਜ਼ੇ ਨੂੰ ਵੇਖ ਕੇ ਅਸੀਂ ਇਹ ਨਿਚੋੜ ਕੱਢਣ ਲਈ ਮਜਬੂਰ ਹੋ ਜਾਂਦੇ ਹਾਂ ਕਿ ਯਿਸੂ *ਪਰੋਪਕਾਰੀ ਮਸੀਹ* ਹੈ। ਯਕੀਨਨ ਉਹਦੀ ਦਿਲਚਸਪੀ ਲੋਕਾਂ ਦੀਆਂ ਜਾਨਾਂ ਵਿਚ ਹੈ, ਪਰ ਉਹਨੂੰ ਉਨ੍ਹਾਂ ਦੀਆਂ ਦੇਹਾਂ ਦੀ ਵੀ ਫ਼ਿਕਰ ਸੀ। ਲੋਕ ਦੇਹਾਂ ਨਹੀਂ ਹਨ ਜਿਨ੍ਹਾਂ ਵਿਚ ਜਾਨਾਂ ਹਨ ਬਲਕਿ ਉਹ ਰੂਹਾਂ ਹਨ ਜਿਨ੍ਹਾਂ ਦੀਆਂ ਦੇਹਾਂ ਹਨ। ਮਨੁੱਖ ਨੂੰ ਧਰਤੀ ਲਈ ਨਹੀਂ ਬਣਾਇਆ ਗਿਆ ਬਲਕਿ ਧਰਤੀ ਨੂੰ ਮਨੁੱਖ ਲਈ ਬਣਾਇਆ ਗਿਆ। ਫਿਰ ਵੀ ਸਾਡੀਆਂ ਇਹ ਦੇਹਾਂ ਖ਼ੁਦਾ ਲਈ ਅਤੇ ਸਾਡੇ ਲਈ ਅਹਿਮ ਹਨ।

ਕਿਸੇ ਨਾ ਕਿਸੇ ਰੂਪ ਵਿਚ, ਆਖ਼ਰੀ ਦਿਨ ਸਾਡੀਆਂ ਦੇਹਾਂ ਜ਼ਿੰਦਾ ਕੀਤੀਆਂ ਜਾਣਗੀਆਂ। ਯਿਸੂ ਨੇ ਧਰਤੀ ਤੇ ਆਪਣੇ ਤੇਤੀ ਸਾਲ ਰਹਿਣ ਦੌਰਾਨ ਮਨੁੱਖੀ ਦੇਹ ਨੂੰ ਅਪਨਾਉਣ ਲਈ ਆਪਣੇ ਆਪ ਨੂੰ ਦੇ ਕੇ ਸਾਡੇ ਸਰੀਰਕ ਹਿੱਸੇ ਦੀ ਸ਼ਾਨ ਵਧਾਈ ਹੈ। ਉਹਨੇ ਆਪਣੇ ਕੰਮ ਜਾਂ ਗੱਲਾਂ ਵਿਚ ਕਦੇ ਵੀ ਸਾਡੀਆਂ ਦੇਹਾਂ ਨੂੰ ਤੁੱਛ ਨਹੀਂ ਜਾਣਿਆ। ਸਰੀਰ ਦੀ ਵਰਤੋਂ ਖ਼ੁਦਾ ਦੀ ਵਡਿਆਈ ਲਈ ਕੀਤੀ ਜਾਣੀ ਚਾਹੀਦੀ ਹੈ ਅਤੇ ਅਜਿਹਾ ਇਸ ਦੀ ਸੰਭਾਲ ਕਰਕੇ, ਇਸ ਨੂੰ ਖੁਆ ਕੇ, ਉਹਦੀ ਵਡਿਆਈ ਲਈ ਇਸ ਵਿਚ ਕੰਮ ਕਰਕੇ ਅਤੇ ਇਸ ਨੂੰ ਲੋੜੀਂਦਾ ਅਰਾਮ ਦੇ ਕੇ ਕੀਤਾ ਜਾਂਦਾ ਹੈ।

5. ਇਸ ਮੌਕੇ ਤੇ ਮੌਜੂਦ ਲੋਕਾਂ ਦੀ ਵੱਡੀ ਭੀੜ ਲਈ ਯਿਸੂ ਦੀ ਚਿੰਤਾ ਉਸ ਨੂੰ *ਪ੍ਰੇਮੀ ਮਸੀਹ* ਦੇ ਰੂਪ ਵਿਚ ਵਿਖਾਉਂਦੀ ਹੈ। ਉਹਦੀ ਦਿਲਚਸਪੀ ਸਿਰਫ਼ ਰਸੂਲਾਂ ਵਿਚ ਅਤੇ ਹੋਰ ਕੁਝ ਦੂਜੇ ਲੋਕਾਂ ਵਿਚ ਨਹੀਂ ਸੀ ਜਿਹੜੇ ਉਸ ਵਿਚ ਵਿਸ਼ਵਾਸ ਵਿਖਾਉਂਦੇ ਸਨ। ਉਸ ਨੇ ਆਪਣੇ ਆਲੇ ਦੁਆਲੇ ਇਕੱਠਾ ਹੋਏ ਹਜ਼ਾਰਾਂ ਲੋਕਾਂ ਲਈ ਆਪਣੀ ਡੂੰਘੀ ਦਿਲਚਸਪੀ ਵਿਖਾਈ। ਉਹਦੀ ਨਜ਼ਰ ਵਿਚ ਹਰ ਬੰਦਾ ਖ਼ਾਸ ਹੈ।

ਯਿਸੂ ਹਰ ਬੰਦੇ ਨੂੰ ਅਗਲੇ ਬੰਦੇ ਜਿੰਨਾਂ ਹੀ ਅਹਿਮ ਮੰਨਦਾ ਸੀ। ਉਹਨੂੰ ਹਰ ਚੇਲੇ ਦੇ ਸਿਰ ਦੇ ਵਾਲਾਂ ਦੀ ਗਿਣਤੀ ਪਤਾ ਸੀ (ਵੇਖੋ ਲੂਕਾ 12:7), ਅਤੇ ਉਹ ਆਪਣੇ ਆਲੇ ਦੁਆਲੇ ਦੇ ਲੋੜਵੰਦਾਂ ਦੀ ਤਕਲੀਫ਼ ਨੂੰ ਆਪਣੀ ਤਕਲੀਫ਼ ਵਾਂਗ ਮਹਿਸੂਸ ਕਰਦਾ ਸੀ। ਉਹਨੇ ਕੁਝ ਲੋਕਾਂ ਨੂੰ ਕੱਢ ਦਿੱਤਾ ਕਿਉਂ ਜੋ ਉਨ੍ਹਾਂ ਵਿਚ ਉਹ ਸਮਰਪਣ ਨਹੀਂ ਸੀ ਜਿਹੜਾ ਉਹਦੇ ਮਗਰ ਚੱਲਣ ਲਈ ਜ਼ਰੂਰੀ ਸੀ, ਪਰ ਉਹਨੇ ਕਦੇ ਕਿਸੇ ਨੂੰ ਜਿਹੜਾ ਸਚਮੁਚ ਵਿਚ ਉਹਦਾ ਚੇਲਾ ਬਣਨਾ ਚਾਹੇ, ਕੱਢਿਆ ਨਹੀਂ।

6. ਇਹ ਘਟਨਾ ਇਹ ਵੀ ਵਿਖਾਉਂਦੀ ਹੈ ਕਿ ਯਿਸੂ *ਸਹਿਯੋਗ ਕਰਨ ਵਾਲਾ ਮਸੀਹ* ਹੈ। ਉਹਨੇ ਕਈ ਵਾਰ ਦੂਜਿਆਂ ਤੋਂ ਮਦਦ ਮੰਗੀ। ਯਿਸੂ ਨੇ ਚੇਲਿਆਂ ਤੋਂ ਰੋਟੀ ਮੰਗੀ; ਉਨ੍ਹਾਂ ਨੇ ਇਹ ਵਿਚਾਰ ਕਰਨਾ ਸੀ ਕਿ ਭੀੜ ਨੂੰ ਕਿਵੇਂ ਖੁਆਉਣਾ ਹੈ ਅਤੇ ਇਹ ਪਤਾ ਲਾਉਣਾ ਸੀ ਕਿ ਕੀ ਖੁਆਉਣਾ ਹੈ। ਚੇਲਿਆਂ ਦੇ ਇਹ ਸੁਝਾਅ ਦੇਣ ਤੋਂ ਬਾਅਦ ਕਿ ਲੋਕਾਂ ਨੂੰ ਭੇਜ ਦਿੱਤਾ ਜਾਵੇ, ਕਿਉਂ ਜੋ ਉਨ੍ਹਾਂ ਨੂੰ ਖੁਆਉਣ ਜੋਗਾ ਖਾਣਾ ਨਹੀਂ ਸੀ, ਯਿਸੂ ਨੇ ਉਨ੍ਹਾਂ ਨੂੰ ਕਿਹਾ, ''ਤੁਸੀਂ ਹੀ ਉਨ੍ਹਾਂ ਨੂੰ ਖਾਣ ਲਈ ਦਿਓ'' (6:37; ਲੂਕਾ 9:13)। ਲੋਕ ਭੁੱਖੇ ਸਨ ਅਤੇ ਯਿਸੂ ਉਨ੍ਹਾਂ ਨੂੰ ਖਾਣਾ ਖੁਆਉਣ ਵਾਲਾ ਸੀ।

ਤਾਂ ਫਿਰ ਯਿਸੂ ਨੇ ਪੰਜ ਰੋਟੀਆਂ ਅਤੇ ਦੋ ਮੱਛੀਆਂ ਵਾਲੇ ਮੁੰਡੇ ਨੂੰ ਪਰੇਸ਼ਾਨ ਕਿਉਂ ਕੀਤਾ? ਐਨੇ ਕੁ ਖਾਣੇ ਨਾਲ ਕੁਝ ਨਹੀਂ ਹੋਣਾ ਸੀ। ਜੇ ਯਿਸੂ ਖਾਣਾ ਬਨਾਉਣ ਦੀ ਯੋਜਨਾ ਬਣਾ ਰਿਹਾ ਸੀ ਤਾਂ ਜਿਵੇਂ ਉਹਨੇ ਜੌਂ ਦੀਆਂ ਪੰਜ ਰੋਟੀਆਂ ਅਤੇ ਦੋ ਮੱਛੀਆਂ ਲੈ ਕੇ ਕੀਤਾ, ਉਵੇਂ ਹੀ ਬੜੀ ਅਸਾਨੀ ਨਾਲ ਉਹ ਬਿਨਾਂ ਕੁਝ ਲਏ ਕੰਮ ਕਰ ਸਕਦਾ ਸੀ।

ਇਸ ਤੋਂ ਛੁੱਟ, ਤੋੜਨ ਤੋਂ ਬਾਅਦ ਯਿਸੂ ਨੇ ਚੇਲਿਆਂ ਨੂੰ ਲੋਕਾਂ ਨੂੰ ਖਾਣਾ ਵਰਤਾਉਣ ਲਈ ਆਖਿਆ। ਹਜ਼ਾਰਾਂ ਲੋਕਾਂ ਨੇ ਖਾਧਾ, ਪਰ ਸਾਰਿਆਂ ਨੇ ਚਮਤਕਾਰ ਹੁੰਦਾ ਨਹੀਂ ਵੇਖਿਆ। ਰਸੂਲਾਂ ਨੂੰ ਖਾਣਾ ਵਰਤਾਉਂਦਿਆਂ ਵੇਖਣ ਵਾਲੇ ਬਹੁਤ ਸਾਰੇ ਲੋਕਾਂ ਵਿੱਚੋਂ ਕੁਝ ਹੀ ਲੋਕ ਹੋਣਗੇ ਜਿਨ੍ਹਾਂ ਨੇ ਰੋਟੀਆਂ ਅਤੇ ਮੱਛੀਆਂ ਨੂੰ ਹਜ਼ਾਰਾਂ ਟੁਕੜਿਆਂ ਵਿਚ ਵੰਡੇ ਜਾਂਦੇ ਵੇਖਿਆ ਹੋਵੇਗਾ। ਅਖ਼ੀਰ ਵਿਚ ਯਿਸੂ ਨੇ ਚੇਲਿਆਂ ਨੂੰ ਬਚ ਗਏ ਟੁਕੜਿਆਂ ਨੂੰ ਇਕੱਠੇ ਕਰ ਲੈਣ ਲਈ ਆਖਿਆ।

ਯਿਸੂ ਨੇ ਮਨੁੱਖ ਦੇ ਜ਼ਰੀਏ ਦੀ ਵਰਤੋਂ ਕੀਤੀ, ਭਾਵੇਂ ਉਹਨੂੰ ਆਪਣੀ ਮਦਦ ਲਈ ਕਿਸੇ ਦੀ ਲੋੜ ਨਹੀਂ ਸੀ। ਭਲਾ ਉਹਨੇ ਉਦੋਂ ਮਦਦ ਮੰਗੀ ਸੀ ਜਦੋਂ ਉਹਨੇ ਅਕਾਸ਼ ਵਿਚ ਤਾਰੇ ਲਾਏ ਸਨ।

ਬੇਸ਼ੱਕ ਯਿਸੂ ਨੇ ਇਸ ਚਮਤਕਾਰ ਵਿਚ ਆਪਣੇ ਰਸੂਲਾਂ ਅਤੇ ਦੂਜੇ ਲੋਕਾਂ ਨੂੰ ਉਨ੍ਹਾਂ ਦੇ ਫ਼ਾਇਦੇ ਲਈ ਹੀ ਮਦਦ ਕਰਨ ਲਈ ਆਖਿਆ। ਜੋ ਕੁਝ ਵੀ ਉਹ ਕਰਦਾ ਹੈ, ਉਹ ਚਾਹੁੰਦਾ ਹੈ ਕਿ ਲੋਕ ਉਸ ਵਿਚ ਹਿੱਸਾ ਲੈਣ। ਉਹ ਸਹਿਯੋਗ ਕਰਨ ਵਾਲਾ ਮਸੀਹ ਹੈ।

*ਨਿਚੋੜ:* ਉਸ ਪਹਾੜੀ ਤੇ ਇਨ੍ਹਾਂ ਰੋਟੀਆਂ ਅਤੇ ਮੱਛੀਆਂ ਨੂੰ ਕਈ ਗੁਣਾ ਵਧਾ ਕੇ ਹਜ਼ਾਰਾਂ ਲੋਕਾਂ ਨੂੰ ਖੁਆਉਣ ਵਾਲਾ ਪਰਮੇਸ਼ੁਰ ਦਾ ਪੁੱਤਰ ਹੀ ਹੈ। ਇਲਾਹੀ ਮਸੀਹ ਤੋਂ ਛੁੱਟ ਉਹ ਕੋਈ ਹੋਰ ਨਹੀਂ ਹੋ ਸਕਦਾ, ਜਿਸ ਨੂੰ ਸਾਨੂੰ ਸਾਡੇ ਪਾਪਾਂ ਤੋਂ ਬਚਾਉਣ ਲਈ ਦੁਨੀਆਂ ਵਿਚ ਘੱਲਿਆ ਗਿਆ।

ਜੇ ਇਹ ਚਮਤਕਾਰ ਯਿਸੂ ਦੇ ਖ਼ੁਦਾ ਦਾ ਪੁੱਤਰ ਹੋਣ ਦਾ ਸਬੂਤ ਨਹੀਂ ਹੈ ਤਾਂ ਇਸ ਨੂੰ ਸਾਬਿਤ ਕਰਨ ਲਈ ਉਹ ਹੋਰ ਕਿਹੜਾ ਸਬੂਤ ਦਏ? ਸਾਨੂੰ ਯਕੀਨ ਦੁਆਉਣ ਲਈ ਉਹਨੂੰ ਹੋਰ ਕੀ ਕਰਨਾ ਪਵੇਗਾ? ਜੇ ਅਸੀਂ ਸਰੋਤ ਭਾਵ ਇਲਾਹੀ ਵਚਨ ਉੱਤੇ ਵਿਸ਼ਵਾਸ ਕਰਦੇ ਹਾਂ, ਤਾਂ ਸਾਨੂੰ ਇਸ ਨਿਚੋੜ ਨੂੰ ਮੰਨਣਾ ਪਵੇਗਾ ਕਿ ਇਹ ਚਮਤਕਾਰ ਸਾਨੂੰ ਵਿਸ਼ਵਾਸ ਕਰਨ ਲਈ ਮਜਬੂਰ ਕਰਦਾ ਹੈ। ਇਸ ਨਿਚੋੜ ਨੂੰ ਨਕਾਰਣ ਦਾ ਇੱਕੋ ਹੀ ਢੰਗ ਇਹ ਕਹਿਣਾ ਹੈ, ‘‘ਮੈਂ ਨਹੀਂ ਮੰਨਦਾ ਕਿ ਬਾਈਬਲ ਇਸ ਮੋਅਜਜ਼ੇ ਬਾਰੇ ਸੱਚ ਬੋਲ ਰਹੀ ਹੈ।’’

ਵਚਨ ਨੂੰ ਆਪਣੇ ਹੱਥਾਂ ਵਿਚ ਲੈ ਕੇ, ਅਸੀਂ ਆਪਣੇ ਆਪ ਨੂੰ ਜੀਉਂਦੇ ਪਰਮੇਸ਼ੁਰ ਦੇ ਪੁੱਤਰ ਇੰਮਾਨੁਏਲ ਦੀ ਸਚਿਆਈ ਦੇ ਨੇੜੇ ਲੈ ਆਏ ਹਾਂ। ਜਦ ਅਸੀਂ ਉਸ ਵਚਨ ਨੂੰ ਜਿਹੜਾ ਸਾਨੂੰ ਦਿੱਤਾ ਜਾਂਦਾ ਹੈ, ਮੰਨ ਲੈਂਦੇ ਹਾਂ ਤਾਂ ਸਾਡੇ ਮਨਾਂ ਵਿਚ ਵਿਸ਼ਵਾਸ ਪੈਦਾ ਹੁੰਦਾ ਹੈ। ਜੇ ਸਾਡੇ ਮਨ ਸਾਫ਼ ਹਨ ਜਿਹੜੇ ਬਾਈਬਲ ਦੀ ਸਿੱਖਿਆ ਨੂੰ ਮੰਨ ਲੈਂਦੇ ਹਨ ਤਾਂ ਅਸੀਂ ਯਿਸੂ ਵਿਚ ਵਿਸ਼ਵਾਸ ਕਰ ਲਵਾਂਗੇ। ਮਸੀਹ ਦੀ ਇੰਜੀਲ ਨੂੰ ਮੰਨ ਕੇ ਜਦੋਂ ਅਸੀਂ ਉਸ ਵਿਸ਼ਵਾਸ ਤੇ ਅਮਲ ਕਰਾਂਗੇ ਤਾਂ ਸਾਨੂੰ ਮਸੀਹ ਅਤੇ ਹਮੇਸ਼ਾ ਦੀ ਜ਼ਿੰਦਗੀ ਵਿਚ ਲਿਆਂਦਾ ਜਾਵੇਗਾ। ਇੱਥੇ ਦੱਸੀ ਗਈ ਘਟਨਾ ਬੱਚਿਆਂ ਨੂੰ ਸੁਣਾਈ ਜਾਣ ਵਾਲੀ ਪਰੀਆਂ ਦੀ ਕਹਾਣੀ ਨਹੀਂ ਹੈ। ਇਹ ਯਿਸੂ ਦੀ ਧਰਤੀ ਉਤਲੀ ਸੇਵਕਾਈ ਦਾ ਇਕ ਮੁਜ਼ਾਹਰਾ ਹੈ। ਇਸ ਤੋਂ ਇਨਕਾਰ ਕਰਨ ਵਾਲੇ ਲੋਕ ਆਪਣੇ ਹੀ ਹਮੇਸ਼ਾ ਦੇ ਨੁਕਸਾਨ ਲਈ ਅਜਿਹਾ ਕਰਦੇ ਹਨ। ਪਰ ਜਿਹੜੇ ਇਸ ਨੂੰ ਮੰਨ ਲੈਂਦੇ ਹਨ ਉਹ ਹਮੇਸ਼ਾ ਦੀ ਉਮੀਦ ਵੱਲ ਅੱਗੇ ਵਧ ਰਹੇ ਹਨ।

**ਭਲਾ ਸਾਨੂੰ ਸੰਦੇਸ਼ ਮਿਲਿਆ ਹੈ? (6:45-52)**

ਮਰਕੁਸ ਯਿਸੂ ਨੂੰ ਮਸੀਹਾ ਦੇ ਰੂਪ ਵਿਚ ਵਿਖਾਉਂਦਾ ਹੈ ਜਿਹੜਾ ਕੰਮ ਕਰਦਾ ਹੈ ਅਤੇ ਅਮਲ ਕਰਦਾ ਹੈ। ਉਹ ਯਹੋਵਾਹ ਦਾ ਦਾਸ ਹੈ। ਹਾਂ, ਉਹ ਮਸੀਹ ਹੀ ਹੈ ਜਿਹਨੇ ਹਰ ਮੌਕੇ ਤੇ ਸਿਖਾਇਆ; ਪਰ ਜਦੋਂ ਉਹ ਸਿਖਾ ਨਹੀਂ ਰਿਹਾ ਹੁੰਦਾ ਸੀ ਤਾਂ ਉਹ ਲੋਕਾਂ ਉੱਤੇ ਆਪਣੀ ਕਿਰਪਾ ਵਰ੍ਹਾ ਕੇ ਉਨ੍ਹਾਂ ਵਿਚ ਅਚੰਭੇ ਕੰਮ ਕਰ ਰਿਹਾ ਹੁੰਦਾ ਸੀ। ਇਹ ਚਮਤਕਾਰ ਜਿਹੜਾ ਉਹਨੇ ਕੀਤਾ, ਜੇ ਇਸ ਨੂੰ ਸਹੀ ਢੰਗ ਨਾਲ ਸਮਝ ਕੇ ਅਮਲ ਵਿਚ ਲਿਆਂਦਾ ਜਾਵੇ ਤਾਂ ਲੋਕਾਂ ਦੇ ਮਨਾਂ ਵਿਚ ਇਸ ਬਾਰੇ ਕੋਈ ਦੁਵਿਧਾ ਨਹੀਂ ਹੋਵੇਗੀ ਕਿ ਉਹ ਕੌਣ ਸੀ। ਪਰ ਸੁਣਨ ਵਾਲਿਆਂ ਨੇ ਉਸ ਦੀ ਪ੍ਰਮੁੱਖ ਰੂਪਰੇਖਾ ਨੂੰ ਹੀ ਵੇਖਿਆ ਜੋ ਉਹ ਕਰਨ ਲਈ ਆਇਆ ਸੀ। ਲੋਕਾਂ ਨੂੰ ਉੱਚਾ ਸੁਣਦਾ ਸੀ, ਯਿਸੂ ਦੇ ਚਮਤਕਾਰਾਂ ਨੂੰ ਵੇਖ ਕੇ ਵੀ। ਧਰਤੀ ਉਤਲੀ ਉਸ ਦੀ ਸੇਵਕਾਈ ਦਾ ਮਕਸਦ ਸਿਰਫ਼ ਉਸ ਸਿੱਖਿਆ ਦੇ ਰਾਹੀਂ, ਨਹੀਂ ਪਹੁੰਚਾਇਆ ਜਾ ਸਕਦਾ ਜਿਹੜੀ ਉਹਨੇ ਦਿੱਤੀ ਅਤੇ ਨਾ ਹੀ ਪੂਰੀ ਤਰ੍ਹਾਂ ਨਾਲ ਉਹਦੇ ਵੱਲੋਂ ਕੀਤੇ ਚਮਤਕਾਰਾਂ ਨਾਲ।

6:45–52 ਵਿਚ ਅਸੀਂ ਯਿਸੂ ਨੂੰ ਆਪਣੇ ਰਸੂਲਾਂ ਉੱਤੇ ਆਪਣੇ ਆਪ ਨੂੰ ਇਸ ਤਰ੍ਹਾਂ ਜ਼ਾਹਿਰ ਕਰਦੇ ਹੋਏ ਵੇਖਦੇ ਹਾਂ ਜਿਵੇਂ ਉਸ ਨੇ ਪਹਿਲਾਂ ਨਹੀਂ ਕੀਤਾ। ਇਹ ਮੁਕਾਸ਼ਫ਼ਾ ਨਿੱਜੀ ਸੀ ਜਿਹੜਾ ਚਮਤਕਾਰ ਦੀ ਸ਼ਕਤੀ ਨਾਲ ਲੈਸ ਅਤੇ ਜੋਸ਼, ਪ੍ਰੇਮ ਅਤੇ ਦਲੇਰੀ ਨਾਲ ਭਰਿਆ ਹੋਇਆ ਸੀ। ਉਸ ਦੇ ਰਸੂਲਾਂ ਦੀ ਸਮਝ ਇਸ ਸਬੰਧ ਲਈ ਵਧ ਰਹੀ ਸੀ ਕਿ ਉਹ ਕੌਣ ਹੈ ਅਤੇ ਕੀ ਕਰਨ ਲਈ ਆਇਆ ਹੈ, ਪਰ ਉਨ੍ਹਾਂ ਲਈ ਅਜੇ ਬਹੁਤ ਕੁਝ ਸਮਝਣਾ ਬਾਕੀ ਸੀ। ਉਨ੍ਹਾਂ ਦੀਆਂ ਲੋੜਾਂ ਸਨ ਜਿਨ੍ਹਾਂ ਵੱਲ ਯਿਸੂ

ਨੇ ਖ਼ਾਸ ਧਿਆਨ ਦਿੱਤਾ।

1. ਇਸ ਵਿਰਤਾਂਤ ਦਾ ਅਰੰਭ ਯਿਸੂ ਦੇ ਪਹਾੜ ਤੋਂ ਝੀਲ ਵੱਲ ਵੇਖਣ ਨਾਲ ਹੁੰਦਾ ਹੈ। ਆਪਣੇ ਪ੍ਰਭੂ ਨੂੰ ਉਸ ਥਾਂ ਤੇ ਇਕੱਲਿਆਂ ਵੇਖ ਕੇ, ਸਾਨੂੰ ਸਮਝ ਆਉਂਦਾ ਹੈ ਕਿ *ਉਸ ਵਿਚ ਉਹ ਰੂਹਾਨੀਅਤ ਸੀ ਜਿਸਦੀ ਸਾਨੂੰ ਆਉਣ ਵਾਲੇ ਮਸੀਹਾ ਤੋਂ ਉਮੀਦ ਹੋਣੀ ਸੀ*। ਅਜਿਹਾ ਹੋ ਸਕਦਾ ਹੈ ਕਿ ਕੋਈ ਦੁਆ ਤਾਂ ਕਰਦਾ ਹੋਵੇ ਪਰ ਖ਼ੁਦਾ ਨਾਲ ਉਹਦਾ ਸਬੰਧ ਸਹੀ ਨਾ ਹੋਵੇ (ਜਿਵੇਂ ਫ਼ਰੀਸੀ ਲੋਕਾਂ ਨੂੰ ਵਿਖਾਉਣ ਲਈ ਦੁਆਵਾਂ ਕਰਦੇ ਸਨ), ਜਿਸਦਾ ਸਬੰਧ ਸਚੁਮਚ ਵਿਚ ਖ਼ੁਦਾ ਨਾਲ ਹੈ, ਉਹ ਉਸ ਤੋਂ ਦੁਆ ਕਰਦਿਆਂ ਉਸ ਦੀ ਹਜ਼ੂਰੀ ਵਿਚ ਬਹੁਤ ਸਮਾਂ ਗੁਜ਼ਾਰੇਗਾ।

ਦੁਆ ਕਰਦੇ ਮਸੀਹ ਨੂੰ ਵੇਖ ਕੇ ਅਸੀਂ ਉਹਦੇ ਅਸਲ ਸੁਭਾਅ ਬਾਰੇ ਜਾਣਦੇ ਹਾਂ। ਭੀੜ ਨੂੰ ਖੁਆਉਣ ਅਤੇ ਚੇਲਿਆਂ ਨੂੰ ਭੇਜ ਦੇਣ ਤੋਂ ਬਾਅਦ ਉਹ ਪਹਾੜ ਉੱਤੇ ਪਿਤਾ ਦੇ ਨਾਲ ਹੋਣ ਲਈ ਚਲਿਆ ਗਿਆ। ਦਿਨ ਦੀ ਸ਼ੁਰੂਆਤ ਕਰਨ ਤੋਂ ਪਹਿਲਾਂ ਦੁਆ ਕਰਨਾ ਯਿਸੂ ਦਾ ਦਸਤੂਰ ਸੀ, ਅਤੇ ਬੇਸ਼ੱਕ ਦਿਨ ਦਾ ਅੰਤ ਵੀ ਉਹ ਦੁਆ ਨਾਲ ਹੀ ਕਰਦਾ ਸੀ। ਜੇ ਖ਼ੁਦਾ ਦੇ ਪੁੱਤਰ ਯਿਸੂ ਨੂੰ ਜਿਹੜਾ ਕਿ ਆਪ ਮੁਕਤੀਦਾਤਾ ਹੈ, ਦੁਆ ਕਰਨੀ ਜ਼ਰੂਰੀ ਸੀ ਤਾਂ ਉਹਦੇ ਚੇਲਿਆਂ ਲਈ ਦੁਆ ਕਰਨਾ ਹੋਰ ਵੀ ਕਿੰਨਾ ਜ਼ਰੂਰੀ ਹੈ!

ਯਕੀਨਨ ਸਾਨੂੰ ਖ਼ੁਦਾ ਦੇ ਪੁੱਤਰ ਮਸੀਹਾ ਤੋਂ ਪਿਤਾ ਦੇ ਸੰਪਰਕ ਵਿਚ ਰਹਿਣ ਦੀ ਉਮੀਦ ਹੋਵੇਗੀ। ਇੰਜੀਲ ਦੇ ਵਿਰਤਾਂਤਾਂ ਵਿਚ ਯਿਸੂ ਦੀ ਜ਼ਿੰਦਗੀ ਦੀ ਹਰ ਗੱਲ ਨਹੀਂ ਦੱਸੀ ਗਈ। ਕਿਉਂ ਜੋ ਉਨ੍ਹਾਂ ਵਿਚ ਸਿਰਫ਼ ਚਾਲ਼ੀ ਦਿਨਾਂ ਦੀ ਗੱਲ ਹੈ। ਫਿਰ ਵੀ ਵਿਚਕਾਰ ਜਿਹੇ ਯਿਸੂ ਨੂੰ ਦੁਆ ਕਰਦਿਆਂ ਵਿਖਾਇਆ ਗਿਆ ਹੈ। ਇਹ ਤਸਵੀਰ ਧਿਆਨ ਖਿੱਚਣ ਵਾਲੀ ਹੈ। ਯਿਸੂ ਦੀ ਦੁਆਈਆ ਜ਼ਿੰਦਗੀ ਦੀ ਇਹ ਗੱਲ ਉਹਦੀ ਰੂਹਾਨੀ ਜ਼ਿੰਦਗੀ ਬਾਰੇ ਬਹੁਤ ਕੁਝ ਦੱਸ ਦਿੰਦੀ ਹੈ! ਖ਼ੁਦਾ ਦੇ ਪੁੱਤਰ ਨੇ ਧਰਤੀ ਉੱਤੇ ਸਾਡੇ ਉੱਤੇ ਆਪਣੇ ਖ਼ੁਦਾ ਹੋਣ ਨੂੰ, ਪਿਤਾ ਨਾਲ, ਜਿਸਨੇ ਉਸ ਨੂੰ ਘੱਲਿਆ, ਦੁਆ ਵਿਚ ਲਗਾਤਾਰ ਬਣੇ ਰਹਿਣ ਨਾਲ ਵਿਖਾਇਆ।

2. ਕਹਾਣੀ ਵਿਚ ਅੱਗੇ ਅਸੀਂ ਇਹ ਵੀ ਵੇਖਦੇ ਹਾਂ ਕਿ *ਯਿਸੂ ਵਿਚ ਸਰਵਸ਼ਕਤੀਮਾਨ ਹੋਣ ਦੀ ਸ਼ਕਤੀ ਸੀ ਜਿਸਦੀ ਸਾਨੂੰ ਉਮੀਦ ਹੋਵੇਗੀ ਕਿ ਮਸੀਹਾ ਵਿਚ ਹੋਵੇ*। ਉਹਨੇ ਚੇਲਿਆਂ ਨੂੰ ਝੀਲ ਵਿਚ ਆਪਣੀ ਬੇੜੀ ਵਿਚ ਵੇਖਿਆ। ਉਹ ਤੂਫ਼ਾਨ ਵਿਚ ਫ਼ਸੇ ਹੋਏ ਸਨ ਅਤੇ ਕੰਢੇ ਤੇ ਲੱਗਣਾ ਉਨ੍ਹਾਂ ਲਈ ਮੁਸ਼ਕਿਲ ਹੋ ਰਿਹਾ ਸੀ। ਮੂਲ ਯੂਨਾਨੀ ਵਿਚ ਕਿਹਾ ਗਿਆ ਹੈ ਕਿ ਉਹ ''ਬੇੜੀ ਨੂੰ ਧੱਕ ਧੱਕ ਪਰੇਸ਼ਾਨ ਹੋ ਗਏ ਸਨ।'' ਉਹ ਇਸ ਉੱਤੇ ਪੂਰਾ ਜ਼ੋਰ ਲਾ ਕੇ ਕੰਮ ਕਰ ਰਹੇ ਸਨ ਪਰ ਮੁਕਾਬਲੇ ਵਿਚ ਬੁਰੀ ਤਰ੍ਹਾਂ ਹਾਰ ਰਹੇ ਸਨ।

ਯਿਸੂ ਪਹਾੜ ਉੱਤੇ ਆਪਣੀ ਦੁਆ ਵਿਚ ਉਨ੍ਹਾਂ ਨੂੰ ਵੇਖ ਰਿਹਾ ਸੀ। ਉਸ ਨੇ ਉਨ੍ਹਾਂ ਨੂੰ ਕਿੰਨੀ ਦੇਰ ਤਕ ਪਰੇਸ਼ਾਨੀ ਵਿਚ ਵੇਖਿਆ, ਸਾਨੂੰ ਨਹੀਂ ਪਤਾ। ਜਿਸ ਸਮੇਂ ਉਹ ਉਨ੍ਹਾਂ ਦੀ ਮਦਦ ਲਈ ਆਇਆ, ਉਹ ਸਵੇਰ ਦੇ 3:00 ਤੋਂ 6:00 ਦੇ ਵਿਚਕਾਰ ਰਾਤ ਦਾ ਚੌਥਾ ਪਹਿਰ ਸੀ। ਉਸ ਨੇ ਉਨ੍ਹਾਂ ਨੂੰ ਸੰਘਰਸ਼ ਕਰਨ ਦਿੱਤਾ ਹੋਵੇਗਾ ਤਾਂ ਜੋ ਜਦੋਂ ਉਹ ਉਨ੍ਹਾਂ ਕੋਲ ਆਏ ਤਾਂ ਉਨ੍ਹਾਂ ਨੂੰ ਉਹ ਸਬਕ ਸਮਝ ਆ ਜਾਵੇ ਜਿਹੜਾ ਉਹ ਉਨ੍ਹਾਂ ਨੂੰ ਸਮਝਾ ਰਿਹਾ ਸੀ। ਝੀਲ ਉੱਤੇ ਇਸ ਲੰਮੀ ਰਾਤ ਤੋਂ ਪਹਿਲਾਂ ਸ਼ਾਮੀ ਉਨ੍ਹਾਂ ਨੇ ਯਿਸੂ ਨੂੰ ਰੋਟੀਆਂ ਅਤੇ ਮੱਛੀਆਂ ਨਾਲ ਹਜ਼ਾਰਾਂ ਲੋਕਾਂ ਨੂੰ ਖੁਆਉਂਦਿਆਂ ਵੇਖਿਆ ਸੀ, ਭਲਾ ਉਨ੍ਹਾਂ ਨੂੰ ਉਸ ਦੀ ਸ਼ਕਤੀ ਯਾਦ ਹੋਵੇਗੀ ਅਤੇ ਇਹ ਪਤਾ ਹੋਵੇਗਾ ਕਿ ਉਹ ਉਨ੍ਹਾਂ ਦਾ ਧਿਆਨ ਰੱਖ ਰਿਹਾ ਸੀ?

ਮਰਕੁਸ 6:48 ਕਹਿੰਦਾ ਹੈ, ''ਜਾਂ ਉਸ ਨੇ ਉਨ੍ਹਾਂ ਨੂੰ ਚੱਪੇ ਲਾਉਣ ਵਿੱਚ ਔਖਾ ਵੇਖਿਆ ਕਿਉਂ ਜੋ ਪੌਣ ਸਾਹਮਣੀ ਸੀ ਤਾਂ ਰਾਤ ਦੇ ਪਿਛਲੇ ਪਹਿਰ ਉਹ ਝੀਲ ਦੇ ਉੱਤੋਂ ਦੀ ਤੁਰਦਿਆਂ ਉਨ੍ਹਾਂ ਦੀ ਵੱਲ ਆਇਆ ...।'' ਸਾਨੂੰ ਕੋਈ ਹੈਰਾਨੀ ਨਹੀਂ ਹੁੰਦੀ ਕਿ ਯਿਸੂ ਨੇ ਚੇਲਿਆਂ ਨੂੰ ਬਚਾ ਲਿਆ। ਸਾਨੂੰ ਉਸ ਤੋਂ ਉਨ੍ਹਾਂ ਨੂੰ ਬਚਾਉਣ ਦੀ ਉਮੀਦ ਹੀ ਹੋਵੇਗੀ। ਭਾਵੇਂ ਉਹ ਝੀਲ ਹੋਵੇ, ਸ਼ਤਾਨ, ਹਰ ਤਰ੍ਹਾਂ ਦੀ ਬਿਮਾਰੀ ਜਾਂ ਫਿਰ ਰਸੂਲ, ਉਹ ਸਭ ਦਾ ਪ੍ਰਭੂ ਹੈ। ਉਸ ਨੇ ਆਪਣੇ ਰਸੂਲਾਂ ਨੂੰ ਕਿਉਂ ਨਹੀਂ ਬਚਾਉਣਾ

ਸੀ ਜਿਨ੍ਹਾਂ ਨੂੰ ਉਹ ਸੇਵਕਾਈ ਵਿਚ ਆਪਣੇ ਨਾਲ ਕੰਮ ਕਰਨ ਲਈ ਤਿਆਰ ਕਰ ਰਿਹਾ ਸੀ? ਪਰ ਇਹ ਆਇਤ ਅਖ਼ੀਰ ਵਿਚ ਆਖਦੀ ਹੈ, ''ਅਤੇ ਉਨ੍ਹਾਂ ਤੋਂ ਅੱਗੇ ਵਧਣ ਨੂੰ ਕਰਦਾ ਸੀ।'' ਸਾਫ਼ ਹੈ ਕਿ ਯਿਸੂ ਦੀ ਯੋਜਨਾ ਉਨ੍ਹਾਂ ਦੀ ਨਿਹਚਾ ਨੂੰ ਵੱਡੇ ਪੱਧਰ ਤੇ ਪਰਖਣ ਦੀ ਸੀ; ਪਰ ਜਦ ਉਸ ਨੇ ਵੇਖਿਆ ਕਿ ਉਹ ਡਰ ਨਾਲ ਤਨਾਅ ਵਿਚ ਆ ਗਏ ਹਨ, ਤਾਂ ਉਹ ਝੱਟ ਉਨ੍ਹਾਂ ਕੋਲ ਪਹੁੰਚ ਗਿਆ। ਬੇੜੀ ਵਿਚ ਉਹਦੇ ਆਉਣ ਤੇ ਹਨ੍ਹੇਰੀ ਰੁਕ ਗਈ।

ਸਾਨੂੰ ਖ਼ੁਦਾ ਦੇ ਪੁੱਤਰ ਮਸੀਹ ਦੇ ਸ਼ਕਤੀ ਵਿਚ ਸਰਵਸ਼ਕਤੀਮਾਨ ਹੋਣ ਦੀ ਉਮੀਦ ਹੋਵੇਗੀ। ਅਜਿਹਾ ਨਹੀਂ ਕਿ ਉਸ ਵਿਚ ਸਿਰਫ਼ ਸ਼ਕਤੀ *ਹੈ* ਬਲਕਿ ਸਭ ਚੀਜ਼ਾਂ ਉੱਤੇ ਉਹ ਆਪ ਸ਼ਕਤੀ *ਹੈ*।ਯਿਸੂ ਦੇ ਮਨੁੱਖੀ ਇਤਿਹਾਸ ਵਿੱਚੋਂ ਚਮਤਕਾਰ ਕਰਨ ਦੀ ਸ਼ਕਤੀ ਨੂੰ ਕੱਢ ਦੇਣ ਦਾ ਮਤਲਬ ਉਹਦੇ ਮਸੀਹਾ ਹੋਣ ਦੇ ਸਭ ਤੋਂ ਵੱਡੇ ਸਬੂਤ ਨੂੰ ਖ਼ਤਮ ਕਰ ਦੇਣਾ ਹੋਵੇਗਾ। ਇਸ ਤੱਥ ਨਾਲ ਕਿ ਯਿਸੂ ਪਰਮੇਸ਼ੁਰ ਦਾ ਪੁੱਤਰ ਹੈ, ਸਾਨੂੰ ਕਿਸੇ ਵੀ ਗੱਲ ਤੇ ਜਿਹੜੀ ਉਹਦੀ ਸੇਵਕਾਈ ਦੌਰਾਨ ਵਾਪਰੀ, ਹੈਰਾਨ ਨਹੀਂ ਹੋਣਾ ਚਾਹੀਦਾ ਭਾਵੇਂ ਉਹਦਾ ਪਾਣੀ ਤੇ ਚੱਲਣਾ ਹੋਵੇ, ਤੂਫ਼ਾਨ ਨੂੰ ਥੰਮ੍ਹਣਾ ਜਾਂ ਮੱਛੀ ਨੂੰ ਹੈਕਲ ਦਾ ਕਰ ਚੁਕਾਉਣ ਲਈ ਸਿੱਕਾ ਦੇਣ ਦਾ ਹੁਕਮ ਦੇਣਾ (ਮੱਤੀ 17:24–27)। ਜਦ ਅਸੀਂ ਯਿਸੂ ਦੀ ਸਮਰੱਥਾ ਨੂੰ ਵੇਖਦੇ ਹਾਂ ਤਾਂ ਸਾਨੂੰ ਪਤਾ ਲਗਦਾ ਹੈ ਕਿ ਉਹ ਸਚਮੁਚ ਵਿਚ ਕੌਣ ਹੈ। ਅਲੌਕਿਕ ਸ਼ਕਤੀ ਦਾ ਉਸ ਦਾ ਮੁਜ਼ਹਾਰਾ ਉਸ ਦੇ ਖ਼ੁਦਾ ਹੋਣ ਦਾ ਪੱਕਾ ਸਬੂਤ ਹੈ।

3. ਯਿਸੂ ਦੀ ਸੇਵਕਾਈ ਦਾ ਇਹ ਅਨੋਖਾ ਚਮਤਕਾਰ ਇਸ ਗੱਲ ਨੂੰ ਵਿਖਾਉਂਦਾ ਹੈ ਕਿ ਉਸ ਵਿਚ *ਉਹ ਪ੍ਰੇਮ ਭਰਿਆ ਲਗਾਅ ਸੀ ਜਿਸਦੀ ਸਾਨੂੰ ਆਉਣ ਵਾਲੇ ਮਸੀਹਾ ਤੋਂ ਹੋਣ ਦੀ ਉਮੀਦ ਹੋਣੀ ਸੀ*। ਯਿਸੂ ਨੇ ਰਸੂਲਾਂ ਦੇ ਡਰ ਤੇ ਉਨ੍ਹਾਂ ਦੇ ਹਾਲਾਤ ਨਾਲ ਮੇਲ ਖਾਂਦੀ ਤਸੱਲੀ ਦੇ ਕੇ ਕੰਮ ਕਰਨਾ ਚੁਣਿਆ। ਉਨ੍ਹਾਂ ਨੇ ਪਾਣੀ ਉੱਤੇ ਵੇਖਿਆ ਅਤੇ ਪਾਇਆ ਕਿ ਉਹ ਉਹਦੇ ਉੱਤੇ ਚੱਲ ਰਿਹਾ ਹੈ। ਅਤੇ ਜੋ ਕੁਝ ਉਨ੍ਹਾਂ ਵੇਖਿਆ ਸੀ ਉਸ ਤੋਂ ਉਹ ਭੈਅ ਭੀਤ ਹੋ ਗਏ। ਸਰਵਸ਼ਕਤੀਮਾਨ ਮਸੀਹ ਨੂੰ ਵੇਖਣ ਦੀ ਥਾਂ (ਜਿਵੇਂ ਕਿ ਉਸ ਨੇ ਚਾਹਿਆ ਸੀ ਕਿ ਉਹ ਉਸ ਨੂੰ ਵੇਖਣ) ਉਨ੍ਹਾਂ ਨੂੰ ਲੱਗਾ ਕਿ ਉਹ ਕਿਸੇ ਭੂਤ ਨੂੰ ਵੇਖ ਰਹੇ ਹਨ (6:49, 50)। ਜਦ ਉਨ੍ਹਾਂ ਨੂੰ ਵੱਡੇ ਮੁਕਤੀਦਾਤੇ ਅਤੇ ਪ੍ਰਭੂ ਨੂੰ ਵੇਖਣਾ ਚਾਹੀਦਾ ਸੀ ਅਤੇ ਇਹ ਯਾਦ ਰੱਖਣਾ ਚਾਹੀਦਾ ਸੀ ਕਿ ਉਹ ਹਰ ਵੇਲੇ ਉਨ੍ਹਾਂ ਦੇ ਨਾਲ ਹੈ, ਉਨ੍ਹਾਂ ਨੇ ਉਸ ਨੂੰ ਭੂਤ ਸਮਝ ਲਿਆ! ਯਿਸੂ ਨੇ ਉਨ੍ਹਾਂ ਨੂੰ ਹਿੰਮਤ ਦੇਣ ਵਾਲੇ ਸ਼ਬਦਾਂ ਨਾਲ ਉਨ੍ਹਾਂ ਦੇ ਡਰ ਨੂੰ ਜਵਾਬ ਦਿੱਤਾ, ''ਹੌਸਲਾ ਰੱਖੋ, ਮੈਂ ਹਾਂ, ਨਾ ਡਰੋ'' (6:50)।

ਮਰਕੁਸ ਦਾ ਵਿਰਤਾਂਤ ਪਤਰਸ ਦੇ ਯਿਸੂ ਨੂੰ ਉਸ ਨੂੰ ਪਾਣੀ ਤੇ ਚੱਲਣ ਦੇਣ ਲਈ ਕਹਿਣ ਬਾਰੇ ਨਹੀਂ ਦੱਸਦਾ, ਜਿਵੇਂ ਕਿ ਮੱਤੀ 14:22–33 ਦੱਸਦਾ ਹੈ। ਭਲਾ ਇਸ ਹਵਾਲੇ ਵਿਚ ਇਸ ਨੂੰ ਇਸ ਕਰਕੇ ਕੱਢਿਆ ਗਿਆ ਕਿਉਂਕਿ ਇਸ ਨਾਲ ਸਰਵਸ਼ਕਤੀਮਾਨ ਮਸੀਹ ਵਿਚ ਰਸੂਲਾਂ ਦੇ ਵਿਸ਼ਵਾਸ ਦੀ ਕਮੀ ਦਾ ਇਕ ਹੋਰ ਪਤਾ ਲਗਦਾ ਹੈ? ਅਸੀਂ ਪੜ੍ਹਦੇ ਹਾਂ ਕਿ ''ਉਹ ਬੇੜੀ ਉੱਤੇ ਉਨ੍ਹਾਂ ਕੋਲ ਚੜ੍ਹ ਗਿਆ ਅਤੇ ਪੌਣ ਥੰਮ੍ਹ ਗਈ। ਤਦ ਓਹ ਆਪਣੇ ਮਨਾਂ ਵਿੱਚ ਡਾਢੇ ਅਚਰਜ ਹੋਏ'' (6:51)। ਇਕ ਹੋਰ ਮੌਕੇ ਤੇ ਯਿਸੂ ਨੇ ਤੂਫ਼ਾਨ ਨੂੰ ਥੰਮ੍ਹ ਜਾਣ ਦਾ ਹੁਕਮ ਦਿੱਤਾ ਸੀ ਅਤੇ ਤੂਫ਼ਾਨ ਥੰਮ੍ਹ ਗਿਆ ਸੀ। ਇਸ ਮੌਕੇ ਤੇ ਯਿਸੂ ਦੀ ਮੌਜੂਦਗੀ ਨਾਲ ਹੀ ਹਨ੍ਹੇਰੀ ਰੁਕ ਗਈ।

ਯਿਸੂ ਹਰ ਵੇਲੇ ਤਸੱਲੀ ਦੇਣ ਵਾਲਾ ਮਸੀਹ ਹੈ। ਉਸ ਨੇ ਆਪਣੇ ਚੇਲਿਆਂ ਦੀ ਹਿਫ਼ਾਜ਼ਤ ਦਾ ਵਾਅਦਾ ਕੀਤਾ ਹੈ। ਅਸੀਂ ਉਸ ਤੋਂ ਉਹ ਕਰਨ ਦੀ ਉਮੀਦ ਕਰਦੇ ਹਾਂ ਜਿਸਦਾ ਉਹਨੇ ਵਾਅਦਾ ਕੀਤਾ ਸੀ। ਹੋ ਸਕਦਾ ਹੈ ਕਿ ਉਹ ਆਪਣੇ ਚੇਲਿਆਂ ਨੂੰ ਤੇਜ਼ ਹਨ੍ਹੇਰੀਆਂ ਦਾ ਸਾਹਮਣਾ ਕਰਨ ਦੇ ਕੇ ਉਨ੍ਹਾਂ ਨੂੰ ਕੀਮਤੀ ਸਬਕ ਸਿੱਖਣ ਦਏ, ਪਰ ਜੇ ਅਸੀਂ ਯਾਦ ਰੱਖੀਏ ਕਿ ਉਹ ਕੌਣ ਹੈ ਤਾਂ ਉਹ ਸਾਨੂੰ ਹਾਰਨ ਨਹੀਂ ਦਏਗਾ।

ਜੀਉਂਦੇ ਪਰਮੇਸ਼ੁਰ ਦੇ ਪੁੱਤਰ ਤੋਂ ਅਸੀਂ ਪ੍ਰੇਮੀ ਮੁਕਤੀਦਾਤਾ ਹੋਣ ਦੀ ਉਮੀਦ ਕਰਾਂਗੇ ਕਿਉਂ ਜੋ ''ਜੈਸਾ ਬਾਪ ਵੈਸਾ ਬੇਟਾ।'' ਯਿਸੂ ਨੇ ਆਪਣੇ ਚੇਲਿਆਂ ਦੇ ਡਰ ਅਤੇ ਤਕਲੀਫ਼ ਦੇ ਸਮਿਆਂ ਦੌਰਾਨ ਉਨ੍ਹਾਂ

ਨੂੰ ਤਸੱਲੀ ਦੇ ਕੇ ਖ਼ੁਦਾ ਦੇ ਪ੍ਰੇਮ ਨੂੰ ਵਿਖਾਉਂਦੇ ਹੋਏ, ਵਿਖਾ ਦਿੱਤਾ ਕਿ ਉਹੀ ਮਸੀਹਾ ਹੈ। ਉਹ ਐਨੇ ਮਜ਼ਬੂਤ ਨਹੀਂ ਹੋਏ ਸਨ ਜਿੰਨਾਂ ਉਹ ਉਨ੍ਹਾਂ ਨੂੰ ਬਨਾਉਣਾ ਚਾਹੁੰਦਾ ਸੀ; ਪਰ ਉਹ ਉਨ੍ਹਾਂ ਦੀ ਮਦਦ ਲਈ ਆਇਆ, ਭਾਵੇਂ ਉਹ ਜੋ ਵੇਖ ਰਹੇ ਸਨ ਉਹ ਸਮਝ ਨਹੀਂ ਸਕੇ। ਅਜਿਹੀ ਤਸੱਲੀ ਮਸੀਹਾ ਹੀ ਦੇ ਸਕਦਾ ਸੀ।

*ਨਿਚੋੜ:* ਮੋਅਜਜ਼ੇ ਦੇ ਇਸ ਵੇਰਵੇ ਦੀ ਆਖ਼ਰੀ ਆਇਤ ਸਾਡੇ ਲਈ ਸ਼ੀਸ਼ਾ ਵਿਖਾਉਣ ਦਾ ਕੰਮ ਕਰਦੀ ਹੈ: ''ਕਿਉਂ ਜੋ ਉਨ੍ਹਾਂ ਨੇ ਉਨ੍ਹਾਂ ਰੋਟੀਆਂ ਦੀ ਗੱਲ ਨਹੀਂ ਸੀ ਸਮਝੀ ਪਰ ਉਨ੍ਹਾਂ ਦੇ ਦਿਲ ਸੁੰਨ ਹੋਏ ਹੋਏ ਸਨ'' (6:52)। ਇਸ ਤੋਂ ਅਸੀਂ ਇਹ ਕਹਿਣ ਦੀ ਅਜ਼ਮਾਇਸ਼ ਵਿਚ ਪੈ ਸਕਦੇ ਹਾਂ ਕਿ ''ਜੇ ਮੈਂ ਉੱਥੇ ਹੁੰਦਾ ਤਾਂ ਮੈਨੂੰ ਸਮਝ ਆ ਜਾਣੀ ਸੀ। ਜੇ ਮੈਂ ਯਿਸੂ ਨੂੰ ਉਹ ਰੋਟੀਆਂ ਅਤੇ ਮੱਛੀਆਂ ਤੋੜਦੇ ਹੋਏ ਵੇਖ ਲੈਂਦਾ ਤਾਂ ਮੈਨੂੰ ਸਮਝ ਆ ਜਾਣੀ ਸੀ ਅਤੇ ਮੈਂ ਯਕੀਨ ਕਰ ਲੈਣਾ ਸੀ ਕਿ ਉਹ ਸਚਮੁਚ ਵਿਚ ਕੌਣ ਹੈ।'' ਜੋ ਕੁਝ ਯਿਸੂ ਨੇ ਰੋਟੀਆਂ ਤੇ ਮੱਛੀਆਂ ਦਾ ਕੀਤਾ ਸਾਡੇ ਕੋਲ ਉਸ ਦੀ, ਉਸ ਨਾਲੋਂ ਬਹੁਤੀ ਸਾਫ਼ ਤਸਵੀਰ ਹੈ, ਜਿਹੜੀ ਰਸੂਲਾਂ ਕੋਲ ਸੀ, ਹੈ ਨਾ? ਇਹ ਪੱਕਾ ਹੈ ਕਿ ਉਨ੍ਹਾਂ ਨੇ ਇਸ ਨੂੰ ਵੇਖਿਆ; ਪਰ ਅਸੀਂ ਤਾਂ ਬਾਈਬਲ ਵਿਚ ਜੋ ਕੁਝ ਹੋ ਰਿਹਾ ਸੀ ਅਤੇ ਜਿਸ ਕਰਕੇ ਹੋ ਰਿਹਾ ਸੀ ਉਸ ਦੀ ਗਵਾਹੀ ਨੂੰ ਵੀ ਵੇਖਦੇ ਹਾਂ। ਭੈਅ–ਭੀਤ ਹੋ ਜਾਣ ਤੇ ਅਸੀਂ ਕੀ ਕਰਦੇ ਹਾਂ? ਕੀ ਅਸੀਂ ਆਪਣਾ ਧਿਆਨ ਯਿਸੂ ਤੇ ਲਾਉਂਦੇ ਹਾਂ? ਕੀ ਅਸੀਂ ਸਚੁਮਚ ਵਿਚ ਉਸ ਉੱਤੇ ਭਰੋਸਾ ਰੱਖਦੇ ਹਾਂ? ਕੀ ਅਸੀਂ ਸਚਮੁਚ ਵਿਚ ਸੰਦੇਸ਼ ਨੂੰ ਸਮਝ ਲਿਆ ਹੈ?

ਵਿਸ਼ਵਾਸ ਵਚਨ ਦੀ ਗੱਲ ਤੋਂ ਵਧ ਕੇ ਮੰਨਣਾ ਹੈ ਭਾਵ ਇਹ ਵਚਨ ਦੀ ਗੱਲ ਨੂੰ ਭਰੋਸੇ ਨਾਲ ਅਮਲ ਵਿਚ ਲਿਆਉਣਾ ਹੈ। ਅਸੀਂ ਜਾਣਦੇ ਹਾਂ ਕਿ ਯਿਸੂ ਕੌਣ ਹੈ। ਉਸ ਦਾ ਦੁਆ ਕਰਨਾ ਮਸੀਹਾ ਦੇ ਰੂਹਾਨੀ ਹੋਣ ਦਾ ਸੰਕੇਤ ਹੈ। ਉਸ ਦੇ ਚਮਤਕਾਰਾਂ ਨਾਲ ਉਸ ਸਮਰੱਥਾ ਦੀ ਝਲਕ ਮਿਲਦੀ ਹੈ ਜਿਹੜੀ ਸਿਰਫ਼ ਮਸੀਹਾ ਵਿਚ ਹੋ ਸਕਦੀ ਹੈ ਅਤੇ ਆਪਣੇ ਚੇਲਿਆਂ ਨੂੰ ਦਿੱਤੀ ਗਈ ਤਸੱਲੀ ਸਿਰਫ਼ ਮਸੀਹਾ ਵੱਲੋਂ ਹੀ ਮਿਲ ਸਕਦੀ ਹੈ। ਅਸੀਂ ਇਸ ਦਾ ਅਧਿਐਨ ਕੀਤਾ ਹੈ, ਇਸ ਕਰਕੇ ਅਸੀਂ ਜਾਣਦੇ ਹਾਂ ਅਤੇ ਮੰਨਦੇ ਹਾਂ। ਫਿਰ ਵੀ ਭਲਾ ਅਸੀਂ ਰੋਜ਼ ਉਸ ਵਿਚ ਭਰੋਸਾ ਕਰ ਰਹੇ ਹਾਂ?

ਰਸੂਲਾਂ ਦੇ ਮਨਾਂ ਦੇ ਸਬੰਧ ਵਿਚ ਇਕ ਸਖ਼ਤ ਸ਼ਬਦ ''ਸੁੰਨ ਹੋਏ ਹੋਏ'' ਵਰਤਿਆ ਗਿਆ ਹੈ। ਉਨ੍ਹਾਂ ਨੇ ਆਪਣੇ ਮਨਾਂ ਨੂੰ ਉਵੇਂ ਸਖ਼ਤ ਨਹੀਂ ਕੀਤਾ ਸੀ ਜਿਵੇਂ ਫ਼ਿਰਊਨ ਨੇ ਆਪਣੇ ਮਨ ਨੂੰ ਕਰ ਲਿਆ। ਪਰ ਉਨ੍ਹਾਂ ਨੇ ਮਸੀਹ ਤੋਂ ਧਿਆਨ ਹਟਾ ਲਿਆ ਅਤੇ ਉਸ ਦੀਆਂ ਸਿੱਖਿਆਵਾਂ ਦੇ ਵਧੀਆ ਸਿਖਿਆਰਥੀ ਨਹੀਂ ਸਨ। ਉਨ੍ਹਾਂ ਨੇ ਮੋਅਜ਼ਿਆਂ ਦੇ ਅਰਥ ਇਹ ਧਿਆਨ ਲਾਉਣ ਨੂੰ ਨਜ਼ਰਅੰਦਾਜ਼ ਕਰ ਦਿੱਤੇ ਅਤੇ ਜੋ ਕੁਝ ਉਨ੍ਹਾਂ ਨੇ ਵੇਖਿਆ ਸੀ ਉਸ ਦੇ ਅਸਰ ਨੂੰ ਅਮਲ ਵਿਚ ਨਹੀਂ ਲਿਆ ਸਕੇ। ਯਿਸੂ ਨੇ ਉਨ੍ਹਾਂ ਨੂੰ ਇਹ ਮੁਸ਼ਕਿਲ ਸਹਿਣ ਦਿੱਤੀ ਜਾਂ ਜੋ ਉਹ ਆਪਣੇ ਭਰੋਸੇ ਅਤੇ ਸਮਝ ਨੂੰ ਵਧਾ ਸਕਣ।

ਮਸੀਹ ਅਤੇ ਸ਼ਾਂਤੀ ਦੋਵੇਂ ਨਾਲ–ਨਾਲ ਚੱਲਦੇ ਹਨ। ਜੇ ਰਸੂਲਾਂ ਨੂੰ ਰੋਟੀਆਂ ਅਤੇ ਮੱਛੀਆਂ ਵਾਲੇ ਪਿਛਲੇ ਮੋਅਜਜ਼ੇ ਦੇ ਸਬਕ ਦੀ ਸਮਝ ਆ ਗਈ ਹੁੰਦੀ ਤਾਂ ਉਨ੍ਹਾਂ ਨੂੰ ਤੂਫ਼ਾਨ ਜਾਂ ਝੀਲ ਦੀ ਪਰਵਾਹ ਨਹੀਂ ਹੋਣੀ ਸੀ। ਹਰ ਸਬਕ ਜਿਹੜਾ ਮਸੀਹ ਤੋਂ ਮਿਲਦਾ ਹੈ, ਉਹ ਅਗਲੇ ਸਬਕ ਨੂੰ ਥੋੜ੍ਹਾ ਅਸਾਨੀ ਨਾਲ ਸਿੱਖਣ ਵਾਲਾ ਬਨਾਉਣ ਵਾਲਾ ਹੋਣਾ ਚਾਹੀਦਾ ਹੈ। ਭਲਾ ਅਸੀਂ ਸਿੱਖਣ ਵਿਚ ਕਮਜ਼ੋਰ ਜਾਂ ਉਹ ਗਿਣੇ ਚੁਣੇ ਚੇਲੇ ਹਾਂ ਜਿਨ੍ਹਾਂ ਨੇ ਸਚਮੁਚ ਵਿਚ ਯਿਸੂ ਵਿਚ ਭਰੋਸਾ ਕਰਨਾ ਸਿੱਖ ਲਿਆ ਹੈ?

### **ਯਿਸੂ ਕੌਣ ਹੈ?** (6:53-57)

ਗਲੀਲ ਦੀ ਝੀਲ ਤੇ ਤੂਫ਼ਾਨੀ ਰਾਤ ਭੀਤ ਚੁੱਕੀ ਸੀ। ਰਸੂਲਾਂ ਦੇ ਦਿਮਾਗ ਵਿਚ ਯਿਸੂ ਦੇ ਇਖ਼ਤਿਆਰ ਅਤੇ ਰਹਿਨੁਮਾਈ ਵਿਚ ਭਰੋਸਾ ਕਰਨ ਦਾ ਸਬਕ ਬੈਠ ਚੁੱਕਿਆ ਸੀ। ਰਸੂਲ ਗੰਨੇਸਰਤ ਵਿਚ ਪਹੁੰਚ ਗਏ ਸਨ ਜੋ ਕਿ ਝੀਲ ਦੇ ਪੱਛਮ ਵੱਲ ਮੈਦਾਨੀ ਇਲਾਕਾ ਸੀ। ਆਪਣੀਆਂ ਬੇੜੀਆਂ ਨੂੰ ਉਸ ਕੰਢੇ ਤੇ ਲਾ ਕੇ ਉਹ ਇਲਾਕੇ ਦੇ ਅੰਦਰ ਜਾਣ ਲੱਗੇ। ਯਿਸੂ ਦੇ ਆਉਣ ਦੀ ਖ਼ਬਰ ਅੱਗ ਵਾਂਗ

ਫੈਲ ਗਈ। ਖ਼ਬਰ ਸੁਣ ਕੇ ਕਸਬਿਆਂ ਅਤੇ ਪਿੰਡਾਂ ਦੇ ਲੋਕ ਨੱਸ ਆਏ ਸਨ। ਯਿਸੂ ਇਸ ਇਲਾਕੇ ਵਿਚ ਪਹਿਲਾਂ ਨਹੀਂ ਆਇਆ ਸੀ, ਪਰ ਲੋਕਾਂ ਨੇ ਉਹਦੇ ਬਾਰੇ ਸੁਣਿਆ ਹੋਇਆ ਸੀ ਅਤੇ ਉਨ੍ਹਾਂ ਨੂੰ ਬੜੀ ਖਿੱਚ ਸੀ ਕਿ ਉਹ ਉਨ੍ਹਾਂ ਵਿਚ ਆ ਰਿਹਾ ਹੈ।

ਬਹੁਤੀ ਸੰਭਾਵਨਾ ਇਹੀ ਹੈ ਕਿ ਭੀੜ ਵਿੱਚੋਂ ਯਿਸੂ ਦਾ ਪੱਲਾ ਛੂਹ ਲੈਣ ਵਾਲੀ ਔਰਤ ਦੀ ਕਹਾਣੀ ਇਸ ਇਲਾਕੇ ਵਿਚ ਫੈਲ ਗਈ ਸੀ (ਮਰਕੁਸ 5:25–34)। ਇਸ ਕਹਾਣੀ ਨਾਲ ਲੋਕਾਂ ਦੇ ਮਨਾਂ ਵਿਚ ਇਹ ਵਿਸ਼ਵਾਸ ਬੱਝ ਗਿਆ ਸੀ ਕਿ ਉਹਦਾ ਪੱਲਾ ਛੂਹਣ ਨਾਲ ਵੀ ਚੰਗਿਆਈ ਮਿਲ ਜਾਵੇਗੀ। ਦੋਸਤਾਂ ਅਤੇ ਰਿਸ਼ਤੇਦਾਰਾਂ ਨੇ ਆਪਣੇ ਬਿਮਾਰਾਂ ਨੂੰ ਲਿਆ ਕੇ ਉੱਥੇ ਰੱਖ ਦਿੱਤਾ ਤਾਂ ਜੋ ਯਿਸੂ ਉਨ੍ਹਾਂ ਦੇ ਕੋਲੋਂ ਦੀ ਲੰਘੇ। ਤੰਦਰੁਸਤ ਲੋਕ ਇਹ ਦੁਆਵਾਂ ਕਰਦੇ ਹੋਣਗੇ ਕਿ ਉਹ ਉਨ੍ਹਾਂ ਥਾਂਵਾਂ ਕੋਲੋਂ ਦੀ ਲੰਘੇ ਜਿੱਧਰ ਉਨ੍ਹਾਂ ਨੇ ਬਿਮਾਰਾਂ ਨੂੰ ਇਕੱਠੇ ਕੀਤਾ ਹੋਇਆ ਸੀ। ਮਰਕੁਸ ਇਹ ਤਸਵੀਰ ਇਸ ਤਰ੍ਹਾਂ ਨਾਲ ਵਿਖਾਉਂਦਾ ਹੈ: ''ਅਰ ਉਹ ਜਿੱਥੇ ਕਿਤੇ ਪਿੰਡਾਂ ਯਾ ਨਗਰਾਂ ਯਾ ਗਰਾਵਾਂ ਵਿੱਚ ਵੜਦਾ ਸੀ ਉੱਥੇ ਹੀ ਮਾਂਦਿਆਂ ਨੂੰ ਬਜ਼ਾਰਾਂ ਵਿੱਚ ਲਿਆ ਰੱਖਦੇ ਸਨ ਅਤੇ ਉਹਦੀ ਮਿੰਨਤ ਕਰਦੇ ਸਨ ਕਿ ਉਹਦੇ ਕੱਪੜੇ ਦਾ ਪੱਲਾ ਹੀ ਛੋਹ ਪਾਉਣ'' (6:56)।

ਇਸ ਸੰਖੇਪ ਹਵਾਲੇ ਵਿਚ ਸਿਰਫ਼ ਥੋੜ੍ਹਾ ਜਿਹਾ ਵੇਰਵਾ ਹੈ; ਪਰ ਚਮਤਕਾਰ ਬਹੁਤ ਸਾਰੇ ਹੋ ਰਹੇ ਸਨ। ਯਿਸੂ ਦੇ ਉਸ ਇਲਾਕੇ ਵਿੱਚੋਂ ਜਾਣ, ਵੱਧ ਤੋਂ ਵੱਧ ਉਪਦੇਸ਼ ਦੇਣ ਨਾਲ ਪੂਰਾ ਇਲਾਕਾ ਹਮੇਸ਼ਾ ਲਈ ਪ੍ਰਭਾਵਿਤ ਹੋ ਗਿਆ ਹੋਵੇਗਾ। ''ਅਰ ਜਿੰਨਿਆਂ ਨੇ ਉਹਦੇ ਪੱਲੇ ਨੂੰ ਛੋਹਿਆ ਸੋ ਚੰਗੇ ਹੋ ਗਏ'' (6:56; ਵੇਖੋ ਮੱਤੀ 14:36)। ਇਹ ਵਾਕ ਸਾਨੂੰ ਯਿਸੂ ਦੇ ਚਮਤਕਾਰਾਂ ਦੇ ਨਾਲ–ਨਾਲ ਉਨ੍ਹਾਂ ਦੇ ਭੇਤ ਅਤੇ ਸ਼ਾਨ ਬਾਰੇ ਸੋਚਣ ਲਈ ਮਜਬੂਰ ਕਰ ਦਿੰਦਾ ਹੈ।

1. ਇਸ ਦ੍ਰਿਸ਼ ਵਿਚ ਅਸੀਂ *ਉਸ ਤਰਸ ਭਰੇ ਪ੍ਰੇਮ ਨੂੰ ਜਿਹੜਾ ਯਿਸੂ ਵਿਚ ਸੀ* ਵੇਖਦੇ ਹਾਂ। ਸਾਡੇ ਮੁਕਤੀਦਾਤੇ ਨੂੰ ਪਤਾ ਸੀ ਕਿ ਤੰਦਰੁਸਤ ਦੇਹ ਵਿਚ ਬਿਮਾਰ ਮਨ ਦੇ ਹੋਣ ਨਾਲੋਂ ਬਿਮਾਰ ਦੇਹ ਵਿਚ ਤੰਦਰੁਸਤ ਮਨ ਦਾ ਹੋਣਾ ਚੰਗਾ ਹੋਵੇਗਾ, ਪਰ ਜਿੰਨੇ ਵੱਧ ਤੋਂ ਵੱਧ ਲੋਕਾਂ ਨੂੰ ਚੰਗਾ ਕਰ ਸਕਿਆ ਉਸ ਨੇ ਕੀਤੇ। ਲੋਕ ਆਪਣੀ ਹਰ ਬਿਮਾਰੀ ਅਤੇ ਰੋਗ ਤੋਂ ਚੰਗਾ ਹੋਣਾ ਚਾਹੁੰਦੇ ਸਨ। ਉਨ੍ਹਾਂ ਦਾ ਮੰਨਣਾ ਸੀ ਕਿ ਯਿਸੂ ਆਪਣੇ ਹੱਥ ਦੀ ਇਕ ਛੋਹ ਨਾਲ ਹੀ ਉਨ੍ਹਾਂ ਨੂੰ ਚੰਗਾ ਕਰ ਸਕਦਾ ਹੈ ਅਤੇ ਉਨ੍ਹਾਂ ਦਾ ਵੱਡਾ ਧਿਆਨ ਇਸੇ ਉੱਤੇ ਲਗਦਾ ਹੈ। ਜਦੋਂ ਉਨ੍ਹਾਂ ਨੂੰ ਯਿਸੂ ਦੀ ਸਰੀਰਕ ਤੌਰ ਤੇ ਮੌਜੂਦਗੀ ਵਿਚ ਹੋਣ ਦਾ ਮੌਕਾ ਮਿਲਿਆ ਤਾਂ ਉਨ੍ਹਾਂ ਨੇ ਕੀ ਚਾਹਿਆ? ਉਨ੍ਹਾਂ ਨੇ ਸਰੀਰਕ ਚੰਗਿਆਈ ਚਾਹੀ। ਉਨ੍ਹਾਂ ਲਈ ਇਹ ਸਭ ਤੋਂ ਵਧ ਕੇ ਸੀ। ਉਨ੍ਹਾਂ ਨੂੰ ਉਸ ਅਬਦੀ ਜ਼ਿੰਦਗੀ ਨੂੰ ਜਿਹੜੀ ਯਿਸੂ ਨੇ ਦੇਣ ਦੀ ਪੇਸ਼ਕਸ਼ ਕੀਤੀ, ਉਨ੍ਹਾਂ ਸਰੀਰਕ ਬਿਮਾਰੀਆਂ ਤੋਂ ਜਿਹੜੀਆਂ ਉਨ੍ਹਾਂ ਵਿਚ ਸਨ, ਪਹਿਲ ਦੇਣ ਵਿਚ ਦਿੱਕਤ ਸੀ।

ਫਿਰ ਵੀ ਯਿਸੂ ਨੇ ਉਨ੍ਹਾਂ ਨੂੰ ਆਪਣੇ ਆਪ ਨੂੰ ਛੂਹਣ ਦੇ ਕੇ ਅਤੇ ਉਹ ਚੰਗਿਆਈ ਦੇ ਕੇ ਜਿਹੜੀ ਉਹ ਚਾਹ ਰਹੇ ਸਨ ਉਨ੍ਹਾਂ ਨੂੰ ਸਿਖਾਇਆ। ਇਹ ਤਾਂ ਇਵੇਂ ਹੈ ਜਿਵੇਂ ਯਿਸੂ ਨੇ ਚੰਗਿਆਈ ਪਾਉਣ ਵਾਲਿਆਂ ਨੂੰ ਇਸ ਉਮੀਦ ਨਾਲ ਕਿ ਉਹ ਉਸ ਹਮੇਸ਼ਾ ਦੀ ਜ਼ਿੰਦਗੀ ਨੂੰ ਭਾਲਣ ਜਿਸ ਨੂੰ ਉਹਦੇਣ ਦੀ ਪੇਸ਼ਕਸ਼ ਕਰ ਰਿਹਾ ਸੀ, ਉਨ੍ਹਾਂ ਦੇ ਜ਼ਖ਼ਮਾਂ ਤੇ ਰਹਿਮ ਕੀਤਾ।

2. ਇਹ ਦ੍ਰਿਸ਼ ਸਾਨੂੰ ਉਸ *ਸਰਵਸ਼ਕਤੀ ਦਾ* ਚੇਤਾ ਕਰਵਾਉਂਦਾ ਹੈ *ਜੋ ਯਿਸੂ ਵਿਚ ਹੈ*। ਯਿਸੂ ਆਪਣੇ ਆਪ ਵਿਚ ਇਖ਼ਤਿਆਰ ਹੈ। ਕਿਉਂ ਜੋ ਉਹ ਦੇਹਧਾਰੀ ਹੋਇਆ ਖੁਦ ਖ਼ੁਦਾ ਹੈ।

ਜਿਵੇਂ ਕਿ ਉਮੀਦ ਸੀ, ਜਿਹੜੇ ਉਸ ਨੂੰ ਛੂਹ ਸਕੇ ਉਹ ਓਸੇ ਵੇਲੇ ਚੰਗੇ ਹੋ ਗਏ। ਇਹ ਚਮਤਕਾਰ ਉਨ੍ਹਾਂ ਨਾਲ ਜਿਹੜੇ ਅਸਾਂ ਵੇਖੇ ਹਨ, ਬਿਲਕੁਲ ਫ਼ਰਕ ਸਨ। ਆਮ ਤੌਰ ਤੇ ਅਸੀਂ ''ਚਮਤਕਾਰ'' ਸ਼ਬਦ ਦੀ ਦੁਰਵਰਤੋਂ ਕਰਦੇ ਹਾਂ। ਜਦ ਕੋਈ ਆਖਦਾ ਹੈ, ''ਸੂਰਜ ਦਾ ਡੁੱਬਣਾ ਚਮਤਕਾਰ ਹੈ, ਹੈ ਨਾ?'' ਤਾਂ ਸਾਡਾ ਜਵਾਬ ਹੋ ਸਕਦਾ ਹੈ, ''ਬਿਲਕੁਲ ਸਹੀ ਹੈ। ਮੈਂ ਅਜਿਹਾ ਪਹਿਲਾਂ ਕਦੇ ਨਹੀਂ ਵੇਖਿਆ।'' ਨਵਾਂ ਨੇਮ ਇਸ ਸ਼ਬਦ ਦੀ ਵਰਤੋਂ ਉਸ ਨਾਲੋਂ ਜਿਹੜਾ ਅਸੀਂ ਆਪਣੀ ਆਮ ਗੱਲਬਾਤ

ਵਿਚ ਕਰਦੇ ਹਾਂ ਬਿਲਕੁਲ ਫ਼ਰਕ ਢੰਗ ਨਾਲ ਕਰਦਾ ਹੈ। ਚਮਤਕਾਰ ਖ਼ੁਦਾ ਦੀ ਸ਼ਕਤੀ ਦੇ ਅਲੌਕਿਕ ਪ੍ਰਦਰਸ਼ਨ ਸਨ, ਭਾਵ ਇਹ ਉਹ ਕੰਮ ਸਨ ਜਿਨ੍ਹਾਂ ਨਾਲ ਕੁਦਰਤ ਦੇ ਨਿਯਮਾਂ ਨੂੰ ਨਜ਼ਰਅੰਦਾਜ਼ ਕਰਕੇ ਉਸ ਰੱਬੀ, ਸਿਰਜਣਹਾਰ ਸ਼ਕਤੀ ਨੂੰ ਵਿਖਾਇਆ ਗਿਆ ਜਿਹੜੀ ਸਿਰਫ਼ ਖ਼ੁਦਾ ਦੀ ਹੈ। ਮਨੁੱਖ ਚੀਜ਼ਾਂ ਨੂੰ ਬਣਾ ਸਕਦੇ ਹਨ, ਪਰ ਜੇ ਉਨ੍ਹਾਂ ਨੂੰ ਬਨਾਉਣ ਲਈ ਕੁਝ ਸਮਾਨ ਦਿੱਤਾ ਜਾਵੇ। ਪਰ ਅਸੀਂ ਰਚ ਨਹੀਂ ਸਕੇ। ਰਚ ਸਿਰਫ਼ ਖ਼ੁਦਾ ਸਕਦਾ ਹੈ। ਯਿਸੂ ਨੇ ਜਦ ਵੀ ਕਿਸੇ ਨੂੰ ਚੰਗਿਆਈ ਦਿੱਤੀ ਜਾਂ ਕਿਸੇ ਮੁਰਦੇ ਨੂੰ ਜ਼ਿੰਦਾ ਕੀਤਾ ਤਾਂ ਉਸ ਨੇ ਜ਼ਿੰਦਗੀ ਦੀ ਰਚਨਾ ਕੀਤੀ।

ਇਨ੍ਹਾਂ ਮੋਅਜਜ਼ਿਆਂ ਦਾ ਜਿਹੜੇ ਯਿਸੂ ਨੇ ਕੀਤੇ ਸਨ, ਜਾਦੂ ਨਾਲ ਕੋਈ ਸਬੰਧ ਨਹੀਂ ਸੀ। ਉਹ ਓਸੇ ਵੇਲੇ, ਪੂਰੇ, ਮਨੁੱਖ ਦੀ ਸਮਝ ਤੋਂ ਬਾਹਰ ਹੁੰਦੇ ਸਨ। ਉਨ੍ਹਾਂ ਉੱਤੇ ਕੰਮ ਕਰਦਿਆਂ ਯਿਸੂ ਨੇ ਧਰਤੀ ਉੱਤੇ ਖ਼ੁਦਾ ਦੇ ਇਖ਼ਤਿਆਰ ਨੂੰ ਵਿਖਾਇਆ। ਕੁਰਨੇਲਿਉਸ ਨੂੰ ਦਿੱਤੇ ਆਪਣੇ ਉਪਦੇਸ਼ ਵਿਚ, ਪਤਰਸ ਨੇ ਆਖਿਆ ਕਿ ''ਪਰਮੇਸ਼ੁਰ ਨੇ ਕਿਸ ਬਿਧ ਨਾਲ ਉਹਨੂੰ ਪਵਿੱਤਰ ਆਤਮਾ ਅਤੇ ਸਮਰੱਥਾ ਨਾਲ ਮਸਹ ਕੀਤਾ ਜੋ ਉਹ ਭਲਾ ਕਰਦਾ ਅਤੇ ਸਭਨਾਂ ਨੂੰ ਜੋ ਸ਼ਤਾਨ ਦੇ ਕਾਬੂ ਕੀਤੇ ਹੋਏ ਸਨ ਚੰਗਾ ਕਰਦਾ ਫਿਰਿਆ ਕਿਉਂ ਜੋ ਪਰਮੇਸ਼ੁਰ ਉਹਦੇ ਨਾਲ ਸੀ'' (ਕਰਤੱਬ 10:38)।

ਹਾਂ, ਚਮਤਕਾਰਾਂ ਵਿਚ ਅਸੀਂ ਭੇਤ ਅਤੇ ਤੇਜ ਨੂੰ ਵੇਖਦੇ ਹਾਂ। ਯਿਸੂ ਦੇ ਇਸ ਤਰ੍ਹਾਂ ਦੇ ਅਚੰਭੇ ਕੰਮ ਕਰਨ ਦੀ ਨਿਰਾਲੀ ਯੋਗਤਾ ਇਸ ਸ਼ਾਨਦਾਰ ਸਚਿਆਈ ਨੂੰ ਵਿਖਾਉਂਦੀ ਹੈ ਕਿ ਉਹ ਖ਼ੁਦਾ ਦਾ ਪੁੱਤਰ ਭਾਵ ਖੁਦ ਖ਼ੁਦਾ ਹੈ।

3. ਇਸ ਤੋਂ ਛੁੱਟ, ਇਹ ਦ੍ਰਿਸ਼ ਸਾਡੇ ਲਈ ਉਸ *ਸੰਪੂਰਣ ਵਫ਼ਾਦਾਰੀ ਨੂੰ* ਵੀ ਵਿਖਾਉਂਦਾ ਹੈ *ਜਿਹੜੀ ਯਿਸੂ ਵਿਚ ਹੈ*। ਜਿਵੇਂ ਖ਼ੁਦਾ ਲਈ ਝੂਠ ਬੋਲਣਾ ਨਾਮੁਮਕਿਨ ਹੈ, ਉਵੇਂ ਹੀ ਯਿਸੂ ਲਈ ਵੀ ਕਿਸੇ ਨਾਲ ਵੀ ਜਾਂ ਕਿਸੇ ਵੀ ਗੱਲ ਤੇ ਝੂਠ ਬੋਲਣਾ ਨਾਮੁਮਕਿਨ ਹੈ। ਉਸ ਨੇ ਆਖਿਆ, ''ਰਾਹ ਅਤੇ ਸਚਿਆਈ ਅਤੇ ਜੀਉਣ ਮੈਂ ਹਾਂ'' (ਯੂਹੰਨਾ 14:6)। ਉਹ ਸੱਚ ਬੋਲਦਾ ਸੀ; ਇਸ ਨਾਲੋਂ ਵੀ ਵਧ ਕੇ, ਉਹ ਸੱਚ ਸੀ ਅਤੇ ਸੱਚ ਹੈ। ਉਹਦੇ ਵਜੂਦ ਦੇ ਹਰ ਹਿੱਸੇ ਵਿੱਚੋਂ ਸੱਚ ਅਤੇ ਵਫ਼ਾਦਾਰੀ ਟਪਕਦੇ ਹਨ। ਜੋ ਕੁਝ ਵੀ ਉਹ ਆਖਦਾ ਹੈ ਉਹ ਸੱਚ ਹੁੰਦਾ ਹੈ; ਜੋ ਕੁਝ ਵੀ ਉਹ ਕਰਦਾ ਹੈ ਉਹ ਸੱਚ ਹੁੰਦਾ ਹੈ; ਅਤੇ ਜੋ ਕੁਝ ਵੀ ਉਹ ਵਿਚਾਰ ਕਰਦਾ ਹੈ ਉਹ ਸੱਚ ਹੁੰਦਾ ਹੈ।

ਚਮਤਕਾਰਾਂ ਨਾਲ ਉਸ ਦੀ ਵਫ਼ਾਦਾਰੀ ਦਾ ਐਲਾਨ ਹੁੰਦਾ ਹੈ। ਦੂਸਰੇ ਲੋਕ ਲੋਕਾਂ ਵਿਚ ਮਸੀਹਾ ਹੋਣ ਦੇ ਦਾਅਵੇ ਕਰ ਰਹੇ ਸਨ, ਪਰ ਆਪਣੇ ਇਲਾਹੀ ਦਾਅਵਿਆਂ ਲਈ ਉਨ੍ਹਾਂ ਕੋਲ ਕੋਈ ਸਬੂਤ ਨਹੀਂ ਸੀ। ਯਿਸੂ ਨੇ ਜੋ ਕੁਝ ਕਿਹਾ ਅਤੇ ਜੋ ਕੁਝ ਕੀਤਾ ਉਸ ਨੇ ਉਹਦੇ ਨਾਲ ਉਹ ਸਚਿਆਈ ਜੋ ਉਹ ਹੈ ਅਤੇ ਜੋ ਉਹਨੇ ਦੱਸੀ, ਸੱਚ ਸਾਬਿਤ ਹੋਈ। ਉਹਦੇ ਚਮਤਕਾਰ ਪੂਰੇ, ਬੇਨੁਸਕ, ਅਟੱਲ ਅਤੇ ਕਿਸੇ ਵੀ ਤਰ੍ਹਾਂ ਦੀ ਚਲਾਕੀ ਤੋਂ ਰਹਿਤ ਸਨ। ਉਹ ਮਨੁੱਖਾਂ ਦੇ ਸਾਹਮਣੇ ਖੁੱਲ੍ਹੇਆਮ ਕੀਤੇ ਜਾਂਦੇ ਸਨ। ਰੱਬੀ ਵਚਨ ਦਾ ਹਿੱਸਾ ਹੋਣ ਕਰਕੇ ਸਦੀਆਂ ਤੋਂ ਇਨ੍ਹਾਂ ਚਮਤਕਾਰਾਂ ਨੂੰ ਪਰਖਿਆ ਜਾਂਦਾ ਰਿਹਾ ਹੈ। ਕਿਸੇ ਨੇ ਕਦੇ ਇਹ ਇਨਕਾਰ ਨਹੀਂ ਕੀਤਾ ਕਿ ਯਿਸੂ ਨੇ ਚਮਤਕਾਰ ਕੀਤੇ, ਕਿਉਂ ਜੋ ਉਹ ਇਨਕਾਰ ਕਰ ਹੀ ਨਹੀਂ ਸਕਦੇ ਸਨ। ਕੁਝ ਲੋਕਾਂ ਨੇ ਉਹਦੀ ਸ਼ਕਤੀ ਨੂੰ ਬਆਲਜ਼ਬੂਲ ਨਾਲ ਮਿਲਾਇਆ, ਪਰ ਉਨ੍ਹਾਂ ਨੇ ਇਸ ਹਕੀਕਤ ਤੋਂ ਇਨਕਾਰ ਨਹੀਂ ਕੀਤਾ ਕਿ ਉਹਨੇ ਕੰਮ ਕੀਤੇ ਸਨ।

ਲੋਕ ਯਿਸੂ ਦੇ ਚਮਤਕਾਰਾਂ ਨੂੰ ਲੁਕਾਉਣ ਜਾਂ ਨਜ਼ਰਅੰਦਾਜ਼ ਕਰਨ ਦੀ ਕੋਸ਼ਿਸ਼ ਕਰ ਸਕਦੇ ਹਨ, ਪਰ ਉਹ ਉਨ੍ਹਾਂ ਤੋਂ ਮੁੱਕਰ ਨਹੀਂ ਸਕਦੇ। ਉਹ ਬੜੀ ਸ਼ਾਨ ਅਤੇ ਸਿੱਧਤਾ ਨਾਲ ਐਲਾਨ ਕਰਦੇ ਹਨ ਕਿ ਯਿਸੂ ਹੀ ਮਸੀਹ ਹੈ। ਉਹਦਾ ਸਰਵਸ਼ਕਤੀਮਾਨ ਹੋਣਾ ਇਸ ਨੂੰ ਸਾਬਿਤ ਕਰਦਾ ਹੈ।

*ਨਿਚੋੜ:* ਤਾਂ ਫਿਰ ਯਿਸੂ ਕੌਣ ਹੈ? ਇਹ ਸੰਖੇਪ ਹਵਾਲਾ ਉਹਦੇ ਬਾਰੇ ਕੀ ਦੱਸਦਾ ਹੈ? ਉਹ ਉਹੀ ਹੈ ਜਿਸ ਵਿਚ ਤਰਸ ਭਰਿਆ ਪ੍ਰੇਮ, ਸਰਵਸ਼ਕਤੀਮਾਨ ਹੋਣ ਦੀ ਯੋਗਤਾ ਅਤੇ ਪੂਰੀ ਵਫ਼ਾਦਾਰੀ ਹੈ। ਸਾਨੂੰ ਸਾਰਿਆਂ ਨੂੰ ਇਕ ਦੋਸਤ, ਇਕ ਮੁਕਤੀਦਾਤੇ ਅਤੇ ਇਕ ਪ੍ਰਭੂ ਦੀ ਲੋੜ ਹੈ, ਜਿਸ ਵਿਚ ਇਹ ਸਾਰੀਆਂ ਖੂਬੀਆਂ ਹੋਣ।

ਉਹ ਸਭ ਤੋਂ ਵਧੀਆ ਦੋਸਤ ਹੈ। ਉਸ ਤੋਂ ਵਧ ਕੇ ਵਫ਼ਾਦਾਰ, ਸਮਝਦਾਰ ਜਾਂ ਭਰੋਸੇ ਦੇ ਯੋਗ

ਕੋਈ ਹੋਰ ਨਹੀਂ ਹੈ। ਉਹ ਸਾਨੂੰ ਇਸ ਤਰ੍ਹਾਂ ਸਮਝਦਾ ਹੈ ਜਿਵੇਂ ਕੋਈ ਹੋਰ ਨਹੀਂ ਸਮਝ ਸਕਦਾ। ਉਹ ਸਾਨੂੰ ਵਧੀਆ ਤੋਂ ਵਧੀਆ ਚੀਜ਼ਾਂ ਇਵੇਂ ਖੁਆਉਂਦਾ ਹੈ ਜਿਵੇਂ ਕੋਈ ਹੋਰ ਨਹੀਂ ਖੁਆ ਸਕਦਾ। ਯਿਸੂ ਕੈਸਾ ਦੋਸਤ ਪਿਆਰਾ!

ਮੁਕਤੀਦਾਤੇ ਦੇ ਰੂਪ ਵਿਚ, ਯਿਸੂ ਮਾਫ਼ ਕਰਦਾ ਅਤੇ ਰੋਜ਼ ਸਾਡੇ ਲਈ ਸਿਫ਼ਾਰਿਸ਼ ਕਰਦਾ ਅਤੇ ਹਮੇਸ਼ਾ ਲਈ ਸਾਨੂੰ ਬਚਾਉਂਦਾ ਹੈ। ਜ਼ਿੰਦਗੀ ਦੀ ਇਸ ਸਭ ਤੋਂ ਵੱਡੀ ਲੋੜ ਵਿਚ ਸਾਡੀ ਮਦਦ ਕਰਨ ਦੇ ਯੋਗ ਹੋਰ ਕਿਹੜਾ ਹੈ? ਸਾਡੇ ਸਾਹਮਣੇ ਪਾਪ, ਮਕਸਦ ਅਤੇ ਮੌਤ ਦੀਆਂ ਮਨੁੱਖੀ ਮੁਸ਼ਕਿਲਾਂ ਹਨ। ਸਿਰਫ਼ ਉਹੀ ਹੈ ਜਿਹੜਾ ਸਾਨੂੰ ਮਾਫ਼ ਕਰ ਸਕਦਾ ਹੈ, ਭਰਪੂਰੀ ਦੀ ਜ਼ਿੰਦਗੀ ਦੇ ਸਕਦਾ ਹੈ ਅਤੇ ਸਾਨੂੰ ਹਮੇਸ਼ਾ ਦੀ ਜ਼ਿੰਦਗੀ ਦਿੰਦਾ ਹੈ। ਉਹ ਸਾਡੇ ਅਬਦੀ ਘਰ ਵਿਚ ਮੌਤ ਦੇ ਮਜ਼ਬੂਤ ਫ਼ਾਟਕਾਂ ਵਿੱਚੋਂ ਦੀ ਸਾਡੇ ਨਾਲ ਚੱਲ ਸਕਦਾ ਹੈ। ਉਹ ਸਾਨੂੰ ਸਾਡੇ ਪਾਪਾਂ ਤੋਂ ਬਚਾ ਕੇ ਅਖ਼ੀਰ ਦੇ ਆਉਣ ਤਕ ਬਚਾਈ ਰੱਖ ਸਕਦਾ ਹੈ।

ਯਿਸੂ ਉਹ ਪ੍ਰਭੂ ਹੈ ਜਿਹੜਾ ਸਾਨੂੰ ਪੂਰੀ ਅਗਵਾਈ ਦੇ ਸਕਦਾ ਹੈ। ਉਹ ਸਾਨੂੰ ਕਦੇ ਗੁਮਰਾਹ ਨਹੀਂ ਕਰੇਗਾ। ਉਹਦਾ ਵਚਨ ਸੱਚਾ ਹੈ, ਉਹਦੀ ਨਿਗਰਾਨੀ ਅਚੂਕ ਹੈ ਅਤੇ ਉਹਦੀ ਵਫ਼ਾਦਾਰੀ ਸਦਾ ਦੀ ਹੈ ਉਹ ''ਹਰੇਕ ਹਕੂਮਤ, ਇਖ਼ਤਿਆਰ, ਕੁਦਰਤ, ਰਿਆਸਤ, ਅਤੇ ਹਰੇਕ ਨਾਉਂ ਦੇ ਉਤਾਹਾਂ ਹੈ ਜੋ ਨਾ ਕੇਵਲ ਇਸ ਜੁੱਗ ਵਿਚ ਸਗੋਂ ਆਉਣ ਵਾਲੇ ਜੁੱਗ ਵਿਚ ਭੀ ਲਈਦਾ ਹੈ'' (ਅਫ਼ਸੀਆਂ 1:21)।

ਅਸੀਂ ਮੌਤ ਦੇ ਸਾਹਮਣੇ ਹੋਣ ਤੇ ਯੂਹੰਨਾ ਨੂੰ ਆਪਣੇ ਮੁਕਾਸ਼ਫ਼ੇ ਵਿਚ ਕਹੀ ਗਈ ਯਿਸੂ ਦੀ ਗੱਲ ਨੂੰ ਚੇਤੇ ਕਰ ਸਕਦੇ ਹਾਂ:

> ਨਾ ਡਰ। ਮੈਂ ਪਹਿਲਾ ਅਤੇ ਪਿਛਲਾ ਹਾਂ। ਅਤੇ ਜੀਉਂਦਾ ਹਾਂ। ਮੈਂ ਮੁਰਦਾ ਸਾਂ ਅਰ ਵੇਖ, ਮੈਂ ਜੁੱਗੋ ਜੁੱਗ ਜੀਉਂਦਾ ਹਾਂ ਅਤੇ ਮੌਤ ਅਤੇ ਪਤਾਲ ਦੀਆਂ ਕੁੰਜੀਆਂ ਮੇਰੇ ਕੋਲ ਹਨ।
>
> ... ਜਿਹੜਾ ਜਿੱਤਣ ਵਾਲਾ ਹੈ ਉਹਨੂੰ ਮੈਂ ਜੀਵਨ ਦੇ ਬਿਰਛ ਵਿੱਚੋਂ ਜੋ ਪਰਮੇਸ਼ੁਰ ਦੇ ਫ਼ਿਰਦੌਸ ਵਿਚ ਹੈ ਖਾਣ ਲਈ ਦਿਆਂਗਾ (ਪਰਕਾਸ਼ ਦੀ ਪੋਥੀ 1:17–2:7)।

ਯਿਸੂ ਕੌਣ ਹੈ? ਉਹ ਜਲਾਲੀ ਪ੍ਰਭੂ ਹੈ! ਜੇ ਅਸੀਂ ਉਸ ਨੂੰ ਸਾਨੂੰ ਬਦਲਣ ਦਈਏ ਤਾਂ ਉਹ ਸਾਨੂੰ ਆਪਣੇ ਸਰੂਪ ਵਿਚ ਤੇਜ ਤੋਂ ਤੇਜ ਵਿਚ ਬਦਲ ਦਏਗਾ। ਉਹਦੀ ਸੰਤਾਨ ਹੋਣ ਕਰਕੇ, ਸਾਨੂੰ ਹਮੇਸ਼ਾ ਦੀ ਮੁਕਤੀ ਮਿਲੇਗੀ।

---

ਟਿੱਪਣੀਆਂ

[1]ਇਕ ਸਮਾਨਾਂਤਰ ਵਿਰਤਾਂਤ 13:54–57 ਵਿਚ ਹੈ; ਵੇਖੋ ਲੂਕਾ 4:16–22. [2]ਨਾਸਰਤ ਦੇ ਛੋਟੇ ਜਿਹੇ ਕਸਬੇ ਬਾਰੇ ਨਥਾਨਿਏਲ ਦਾ ਇਹੀ ਵਿਚਾਰ ਸੀ; ਯੂਹੰਨਾ 1:46–51 ਵਿਚ ਯਿਸੂ ਨਾਲ ਉਸ ਦੀ ਮੁਲਾਕਾਤ ਨੇ ਉਸ ਦੀ ਸੋਚ ਨੂੰ ਪੂਰੀ ਤਰ੍ਹਾਂ ਨਾਲ ਬਦਲ ਦਿੱਤਾ। [3]ਐਂਥਨੀ ਐੱਲ. ਐੱਸ. *ਦ ਗੌਸਪਲ ਅਕਾਰਡਿੰਗ ਟੂ ਲੂਕ,* ਭਾਗ 1, ਦ ਲਿਵਿੰਗ ਵਰਡ ਕਮੈਂਟਰੀ (ਆਸਟਿਨ, ਟੈਕਸਸ: ਸਵੀਟ ਪਬਲੀਸ਼ਿੰਗ ਕੰ., 1972), 90. [4]ਦ ਹਿਊਗ ਐਂਡਰਸਨ, *ਦ ਗੌਸਪਲ ਆਫ਼ ਮਾਰਕ,* ਨਿਊ ਬਾਈਬਲ ਸੈਂਚੁਰੀ ਕਮੈਂਟਰੀ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਜ਼ ਪਬਲੀਸ਼ਿੰਗ ਕੰ., 1976), 157. [5]ਸਿਰਫ਼ ਮਰਕੁਸ ਸਾਨੂੰ ਦੱਸਦਾ ਹੈ ਕਿ ਯਿਸੂ ਇਕ ਤਰਖਾਣ ਸੀ ਨਾ ਕਿ ਸਿਰਫ ਇਹ ਕਿ ਉਹ ਤਰਖਾਣ ਦਾ ਪੁੱਤਰ ਸੀ। [6]ਜਸਟਿਨ ਮਾਰਟੇਅਰ ਨੇ ਲਿਖਿਆ ਕਿ ਉਹ ਅਜਿਹੀਆਂ ਚੀਜ਼ਾਂ ਬਣਾਉਂਦਾ ਸੀ (ਜਸਟਿਨ ਮਾਰਟੇਅਰ ਡਾਇਲਾਗ ਵਿਦ ਟ੍ਰਾਇਫ਼ੇ 88.) ''ਤਰਖਾਣ'' ਲਈ ਸ਼ਬਦ (**τεκτων**, ਟੇਕਟੋਨ) ਦਾ ਅਰਥ ਇਕ ਕਾਰੀਗਰ ਹੋ ਸਕਦਾ ਹੈ ਜੋ ਸਿਰਫ ਲੱਕੜਾਂ ਜੋੜਨ ਤੋਂ ਇਲਾਵਾ ਹੋਰ ਵੀ ਕੰਮ ਕਰਦਾ ਹੈ। (ਵਿਲੀਅਮ ਬਾਰਕਲੇ, *ਦ ਗੌਸਪਲ ਆਫ਼ ਮਾਰਕ,*

ਜਿਲਦ 2ਜੀ, ਸੰਪਾ., ਦ ਡੇਅਲੀ ਸਟੱਡੀ ਬਾਈਬਲ *[ਫ਼ਿਲਾਡੈਲਫ਼ੀਆ: ਵੈਸਟਮਿੰਸਟਰ ਪ੍ਰੈੱਸ]*, 1956), 138. [7]ਯਹੂਦੀ ਰੀਤ ਅਨੁਸਾਰ, ਜਦੋਂ ਕਿਸੇ ਜੋੜੇ ਦੀ ਮੰਗਣੀ ਹੋ ਜਾਂਦੀ ਸੀ, ਤਾਂ ਉਨ੍ਹਾਂ ਨੂੰ ਵਿਆਹਿਆਂ ਵਾਂਗ ਹੀ ਮੰਨਿਆ ਜਾਂਦਾ ਸੀ। ਮੱਤੀ 1:19 ਵਿਚ ਯੂਸੁਫ਼ ਨੂੰ ਮਰੀਅਮ ਦਾ ''ਪਤੀ'' ਕਿਹਾ ਗਿਆ ਹੈ ਜਦਕਿ ਉਹ ਉਸ ਦੀ ਮੰਗੇਤਰ ਸੀ। [8]ਆਰ. ਸੀ. ਫ਼ੋਸਟਰ, *ਸਟੱਡੀਜ਼ ਇਨ ਦ ਲਾਈਫ਼ ਆਫ਼ ਕ੍ਰਾਈਸਟ* (ਗ੍ਰੈਂਡ ਰੈਪਿਡਸ, ਮਿਸ਼ਿਗਨ: ਬੇਕਰ ਬੁਕ ਹਾਉਸ, 1971), 613. [9]ਐਵਰੇਟ ਫਰਗਿਯੂਸਨ, *ਚਰਚ ਹਿਸਟਰੀ,* ਭਾਗ 1, ਫ਼ਰਾਮ ਕ੍ਰਾਈਸਟ ਟੂ ਪ੍ਰੀ–ਰੈਫ਼ਰਮੇਸ਼ਨ (ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ 2005), 316. [10]ਟਰਟੁੱਲੀਅਨ *ਅਗੇਂਸਟ ਮਾਰਟੀਅਨ* 19.8–13.

[11]ਮੱਤੀ 1:20, 24, 25 ਕੁਆਰੀ ਤੋਂ ਜਨਮ ਦੀ ਗੱਲ ਕਰਦਾ ਹੈ। [12]ਵੇਖੋ ਕਰਤੱਬ 12:17; 15:13; 21:18; 1 ਕੁਰਿੰਥੀਆਂ 15:7; ਗਲਾਤੀਆਂ 1:19; 2:9, 12; ਯਾਕੂਬ 1:1; ਯਹੂਦਾ 1. [13]ਪੌਲੁਸ ਨੇ ਕਿਹਾ ਕਿ ਜੀ ਉੱਠੇ ਪ੍ਰਭੂ ਦਾ ''ਸਭ ਤੋਂ ਪਿੱਛੋਂ'' ਹੋਇਆ (1 ਕੁਰਿੰਥੀਆਂ 15:7, 8), ਪਰ ਯਾਕੂਬ ਨੂੰ ਜੀ ਉੱਠੇ ਪ੍ਰਭੂ ਦਾ ਇਕ ਖ਼ਾਸ ਦਰਸਣ ਮਿਲਿਆ ਹੋਵੇਗਾ, ਜਿਹਦਾ ਅਰਥ ਇਹ ਹੈ ਕਿ ਉਸ ਨੂੰ ਖ਼ਾਸ ਮਿਸ਼ਨ ਤੇ ਯਹੂਦੀਆਂ ਕੋਲ ਭੇਜਿਆ ਗਿਆ ਸੀ। [14]ਸਮਾਨਾਂਤਰ ਵਿਰਤਾਂਤ ਮੱਤੀ 13:57, 58 ਅਤੇ ਲੂਕਾ 4:23–30 ਵਿਚ ਹਨ। [15]ਰੌਇ ਬੀ. ਜ਼ੱਕ, *ਦ ਸਪੀਕਰਜ਼ ਕੋਟ ਬੁਕ: 5,000 ਇਲੱਸਟ੍ਰੇਸ਼ੰਜ਼ ਐਂਡ ਕੋਟੇਸ਼ੰਜ਼ ਫ਼ਾਰ ਆਲ ਓਕੇਸ਼ੰਜ਼* (ਗ੍ਰੈਂਡ ਰੈਪਿਡਸ, ਮਿਸ਼ਿਗਨ: ਕ੍ਰੇਗਲ ਅਕਾਦਮਿਕ ਐਂਡ ਪ੍ਰੋਫ਼ੇਸ਼ਨਲ, 2009), 189. [16]''ਸਾਮਰਥ'' ਸ਼ਬਦ ਦੀ ਵਰਤੋਂ ਕਰਨ ਦੀ ਬਜਾਇ NASB ਵਿਚ ਕਿਹਾ ਗਿਆ ਹੈ ਕਿ ''ਉਹ ਉੱਥੇ ਕੋਈ ਮੋਅਜਜ਼ਾ ਨਹੀਂ ਕਰ ਸਕਿਆ।'' ਉਨ੍ਹਾਂ ਦੀ ਬੇਪਰਤੀਤੀ ਦਾ ਯਿਸੂ ਨੂੰ ਪਤਾ ਸੀ, ਜਿਸ ਕਰਕੇ ਉੱਥੇ ਉਹਨੇ ਹੋਰ ਮੋਅਜਜ਼ੇ ਨਹੀਂ ਕੀਤੇ, ਜੋ ਕੁਝ ਉਸ ਨੇ ਕੀਤਾ ਸੀ ਉਨ੍ਹਾਂ ਲਈ ਵਿਸਵਾਸ ਕਰਨ ਲਈ ਉਹ ਕਾਫ਼ੀ ਹੋਣਾ ਚਾਹੀਦਾ ਸੀ। [17]ਵਿਲੀਅਮ ਹੈਂਡ੍ਰਿਕਸਨ, *ਐਸੋਸਿਏਸ਼ਨ ਆਫ਼ ਦ ਗੌਸਪਲ ਅਕਾਰਡਿੰਗ ਟੂ ਮਾਰਕ,* ਨਿਊ ਟੈਸਟਾਮੈਂਟ ਕਮੈਂਟਰੀ (ਗ੍ਰੈਂਡ ਰੈਪਿਡਸ, ਮਿਸ਼ਿਗਨ: ਬੇਕਰ ਬੁਕ ਹਾਊਸ, 1975), 220. [18]ਸਮਾਨਾਂਤਰ ਵਿਰਤਾਂਤ ਮੱਤੀ 9:35–10:14 ਅਤੇ ਲੂਕਾ 9:1–6 ਵਿਚ ਹਨ। [19]ਹੈਂਡ੍ਰਿਕਸਨ, 225; ਵੇਖੋ ਲੂਕਾ 6:12, 13, 17, 20. [20]ਮਰਕੁਸ ਪ੍ਰਚਾਰ ਕਰਨ ਅਤੇ ਉਪਦੇਸ਼ ਦੇਣ ਵਿਚ ਕੋਈ ਫ਼ਰਕ ਨਹੀਂ ਕਰਦਾ ਸੀ; ਬਾਈਬਲ ਵਿਚ ਮਿਲਦੇ–ਜੁਲਦੇ ਮਿਸ਼ਨਾਂ ਦੇ ਸਬੰਧ 6:6 ਵਿਚ ਉਪਦੇਸ਼ ਕਰਨ ਦੀ ਗੱਲ ਹੈ ਪਰ 1:14 ਅਤੇ 1:38 ਵਿਚ ਪ੍ਰਚਾਰ ਕਰਨਾ ਦੀ।

[21]*ਦ ਜ਼ੌਂਡਰਵਨ ਪਿਕਟੋਰੀਅਲ ਬਾਈਬਲ ਡਿਕਸ਼ਨਰੀ,* ਸੰਪਾ. ਮੈਰਿਲ ਸੀ. ਟੈਨੀ (ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ ਪਬਲੀਸ਼ਿੰਗ ਹਾਉਸ, 1963), 52 ਵਿਚ ਸਟੀਵਨ ਬਰਨਬਾਸ, ''ਅਪੋਸਟਲ।'' [22]ਰਸੂਲਾਂ ਨੂੰ ਪੂਰੀ ਦੁਨੀਆਂ ਵਿਚ ਇੰਜੀਲ ਦਾ ਪ੍ਰਚਾਰ ਕਰਨ ਦੇ ਸਬੰਧ ਵਿਚ, ਵੇਖੋ ਕੁਲੁੱਸੀਆਂ 1:5, 6, 23. ਯਕੀਨਨ ਰੋਮੀਆਂ ਲਈ ਸਾਰੇ ਸੰਸਾਰ ਦਾ ਮਤਲਬ ਉਹ ਇਲਾਕ ਸੀ ਜਿਨ੍ਹਾਂ ਉੱਤੇ ਉਨ੍ਹਾਂ ਦਾ ਕਬਜ਼ਾ ਸੀ। [23]ਇੰਜੀਲ ਦੇ ਪ੍ਰਚਾਰਕ ਦੇ ਕਿਸੇ ਇਲਾਕੇ ਵਿਚ ਬਹੁਤ ਸਾਰੇ ਲੋਕਾਂ ਨੂੰ ਬਦਲ ਲੈਣ ਤੇ ਉਸ ਨੂੰ ਦਲੇਰੀ ਦਿੰਦੇ ਰਹਿਣ ਲਈ ਉਸ ਦੇ ਕਈ ਦੋਸਤ ਅਤੇ ਸਹਿਕਰਮੀ ਬਣ ਜਾਂਦੇ ਹਨ। ਪੌਲੁਸ ਨੂੰ ਉਨ੍ਹਾਂ ਲੋਕਾਂ ਦੀ ਜਿਨ੍ਹਾਂ ਨੂੰ ਉਹਨੇ ਸਿਖਾਇਆ ਸੀ ਹਮਾਇਤ ਅਤੇ ਸੰਗਤੀ ਦੋਹਾਂ ਦੀ ਬਰਕਤ ਮਿਲੀ ਸੀ; ਉਹਨੇ ਆਪਣੀ ਸਿੱਖਿਆ ਦੇ ਕਾਰਣ ਇੰਜੀਲ ਦਾ ਹੁਕਮ ਮੰਨ ਲੈਣ ਵਾਲਿਆਂ ਨਾਲ ਚੰਗੇ ਸਬੰਧ ਬਣਾ ਲਏ ਸਨ (ਵੇਖੋ ਕਰਤੱਬ 15:36; 1 ਕੁਰਿੰਥੀਆਂ 4:15; ਫ਼ਿਲਿੱਪੀਆਂ 1:3–8)। [24]ਵੇਖੋ ਗਿਣਤੀ 25:30; ਬਿਵਸਥਾ ਸਾਰ 19:15; ਮੱਤੀ 18:16 ਡੋਨਲਡ ਇੰਗਲਿਸ਼ ਨੇ ਟਿੱਪਣੀ ਕੀਤੀ ਕਿ ਦੋ ਦੋ ਕਰਕੇ ਭੇਜਣਾ ਯਹੂਦੀ ਰਿਵਾਜ਼ ਸੀ (ਵੇਖੋ ਮਰਕੁਸ 11:1; 14:13)। (ਡੋਨਲਡ ਇੰਗਲਿਸ਼, *ਦ ਮੈਸੇਜ ਆਫ਼ ਮਾਰਕ: ਦ ਮਿਸਟਰੀ ਆਫ਼ ਫ਼ੇਥ,* ਦ ਬਾਈਬਲ ਸਪੀਕਸ ਟੁਡੇ *[ਡਾਉਨਰਜ਼ ਗ੍ਰੋਵ, ਇਲਿਨੋਇ: ਇੰਟਰ–ਵਰਸਿਟੀ ਪ੍ਰੈੱਸ, 1992]*, 124.) [25]ਜਿੱਥੇ ਮਰਕੁਸ 6:9 ਇਹ ਸੰਕੇਤ ਹੈ ਕਿ ਉਨ੍ਹਾਂ ਨੂੰ ਜੁੱਤੀਆਂ ਪਾਉਣੀਆਂ ਜ਼ਰੂਰੀ ਸਨ, ਉੱਥੇ ਹੀ ਮੱਤੀ 10:10 ਦਾ ਅਰਥ ਇਹ ਹੋ ਸਕਦਾ ਹੈ ਕਿ ਉਨ੍ਹਾਂ ਨੇ ''ਦੋ ਕੁੜਤੇ'' ਨਹੀਂ ਲੈਣੇ ਸਨ। [26]ਅਡੋਲਫ਼ ਡਿਸਮੈਨ ਨੇ ਯਾਦ ਦੁਆਇਆ

ਕਿ ਇਸ ਸ਼ਬਦ ਦੀ ਵਰਤੋਂ ‘‘ਮੰਗਤੇ’’ ਲਈ ਵਰਤਿਆ ਗਿਆ ਸੀ (ਅਡੋਲਫ਼ ਡਿਸਮੈਨ, *ਲਾਈਟ ਫ਼ਰਾਮ ਦ ਐਂਸਿਅੰਟ ਈਸਟ* [ਨਿਊ ਯਾਰਕ: ਹਾਰਪਰ ਐਂਡ ਬ੍ਰਦਰਜ਼, ਐਨ. ਡੀ.], 109)। [27]ਇਸ ਸਬੰਧ ਵਿਚ ਕਿ ਉਨ੍ਹਾਂ ਘੱਲੇ ਹੋਇਆਂ ਨੇ ਨਾਲ ਕੀ ਲੈਣਾ ਸੀ ਅਤੇ ਕੀ ਨਹੀਂ, ਮੱਤੀ 10 ਅਤੇ ਲੂਕਾ 9 ਵਾਲੇ ਫ਼ਰਕਾਂ ਦੇ ਸਬੰਧ ਵਿਚ ‘‘ਸਭ ਦੀ ਸੰਤੁਸ਼ਟ ਕਰਨ ਵਾਲਾ ਕੋਈ ਹੱਲ ਨਹੀਂ ਦਿੱਤਾ ਗਿਆ ਹੈ’’ (ਹੈਂਡ੍ਰਿਕਸਨ, 228)। ਪਰ ਇੰਜੀਲ ਦੇ ਲੇਖਕਾਂ ਵੱਲੋਂ ਐਨੀਆਂ ਛੋਟੀਆਂ ਛੋਟੀਆਂ ਗੱਲਾਂ ਵਿਚ ਫ਼ਰਕ ਦਿੱਤਾ ਜਾਣਾ ਇਹ ਦਾਅਵਾ ਕਰਨ ਦਾ ਕੋਈ ਕਾਰਣ ਨਹੀਂ ਦਿੰਦਾ ਕਿ ਇਹ ਵਿਰਤਾਂਤ ਮਰਕੁਸ ਦਾ ਬਿਲਕੁਲ ਨਹੀਂ ਸੀ ਜਾਂ ਇਹ ਕਿ ਉਹਨੇ ਵਾਧੂ ਵਸੀਲਿਆਂ ਦੀ ਵਰਤੋਂ ਕੀਤੀ। [28]ਕ੍ਰੇਗ ਐੱਸ. ਕੀਨਰ, *ਦ IVP ਬਾਈਬਲ ਬੈਕਗ੍ਰਾਉਂਡ ਕਮੈਂਟਰੀ: ਨਿਊ ਟੈਸਟਾਮੈਂਟ* (ਡਾਉਨਰਜ਼ ਗ੍ਰੋਵ, ਇਲਿਨੋਇ: ਇੰਟਰਵਰਸਿਟੀ ਪ੍ਰੈੱਸ, 1993), 150, 212. [29]ਜੋਸੇਫ਼ਸ *ਐਂਟਿਕੁਇਟੀਜ਼* 17.6.5 [172]। [30]*ਜ਼ੋਂਡਰਵਨ ਆਲ-ਇਨ-ਵਨ ਬਾਈਬਲ ਰੈਫ਼ਰੈਂਸ ਗਾਈਡ* (ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੋਂਡਰਵਨ, 2008), 61 ਵਿਚ ਕੇਵਿਨ ਗ੍ਰੀਨ ਸੰਕਲਨ ‘‘ਅਨਾਇੰਟ।’’

[31]ਆਰ. ਕੋਲ, *ਦ ਗੌਸਪਲ ਅਕਾਰਡਿੰਗ ਟੂ ਸੇਂਟ ਮਾਰਕ: ਐਨ ਇੰਟ੍ਰੋਡਕਸ਼ਨ ਐਂਡ ਕਮੈਂਟਰੀ,* ਦ ਟਿੰਡੇਲ ਨਿਊ ਟੈਸਟਾਮੈਂਟ ਕਮੈਂਟਰੀਜ਼ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਜ਼ ਪਬਲੀਸ਼ਿੰਗ ਕੰ., 1973), 109. [32]‘‘ਨਿਹਚਾ ਦੀ ਅਸਲ ਪ੍ਰੀਖਿਆ ਅਤੇ ਸਹੀ ਸਮਾਂ ਉਦੋਂ ਆਉਂਦਾ ਹੈ ਜਦੋਂ ਮੈਂ ਗਵਾਹੀ ਦੀ ਗੱਲ ਕਹਿਣ ਦੇ ਯੋਗ ਹੋ ਜਾਂਦਾ ਹਾਂ’’ (ਇੰਗਲਿਸ਼, 126)। [33]ਸਮਾਨਾਂਤਰ ਵਿਰਤਾਂਤ ਮੱਤੀ 14:1-5 ਅਤੇ ਲੂਕਾ 9:7-9 ਵਿਚ ਹਨ। [34]ਇੰਜੀਲ ਦੇ ਮਰਕੁਸ ਦੇ ਵਿਰਤਾਂਤ ਵਿਚ ਇਹ ਇਕ ਕਹਾਣੀ ਹੈ ਜਿਹੜੀ ‘‘ਯਿਸੂ ਤੇ ਕੇਂਦਰਿਤ’’ ਨਹੀਂ ਹੈ (ਇੰਗਲਿਸ਼, 128)। [35]ਹੇਰੋਦੇਸ ਅੰਤਿਪਾਸ ਹੇਰੋਦੇਸ ਪਹਿਲੇ (ਮਹਾਨ) ਦਾ ਪੁੱਤਰ ਸੀ। [36]ਜੋਸੇਫ਼ਸ ਦੇ ਅਨੁਸਾਰ, ਹੇਰੋਦਿਆਸ ਦੀ ਕਾਮਨਾ ਹੇਰੋਦੇਸ ਅੰਤਿਪਾਸ ਦੀ ਬਰਬਾਦੀ ਨਾਲ ਪੂਰੀ ਹੋਈ। ਆਪਣੇ ਭਰਾ ਅਗ੍ਰਿੱਪਾ ਦੀ ਤਾਕਤ ਤੋਂ ਸੜਨ ਕਰਕੇ ਉਹਨੇ ਹੇਰੋਦੇਸ ਨੂੰ ਕਲਿਗੁਲਾ ਤੋਂ ਰਾਜੇ ਦੀ ਪਦਵੀ ਦੀ ਮੰ ਕਰਨ ਲਈ ਉਕਸਾਇਆ। ਅਗ੍ਰਿੱਪਾ ਦੇ ਦਾਅ ਪੇਚਾਂ ਨਾਲ ਇਸ ਨੂੰ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ, ਅਤੇ ਹੇਰੋਦੇਸ ਨੂੰ ਕੱਢ ਦਿੱਤਾ ਗਿਆ (ਜੋਸੇਫ਼ਸ 18.7.1-2 [240-55].) [37]ਹੇਰੋਦੇਸ ਅੰਤਿਪਾਸ ਨੂੰ ਰੋਮ ਨੇ ਭਾਵੇਂ ਕਦੇ ਰਾਜਾ ਨਹੀਂ ਮੰਨਿਆ ਸੀ, ਪਰ ਉਸ ਦੇ ਇਲਾਕੇ ਦੇ ਲੋਕ ਉਹਨੂੰ ਰਾਜਾ ਮੰਨਦੇ ਸਨ; ਇਸ ਕਰਕੇ ਇਸ ਅਧਿਆਇ ਵਿਚ ਉਸ ਨੂੰ ਰਾਜਾ ਕਿਹਾ ਗਿਆ ਹੈ। ‘‘ਅੰਤਿਪਾਸ’’ ‘‘ਅੰਤਿਪੇਤਰ’’ (ਮੂਲ ਵਿਚ, ‘‘ਪਿਤਾ ਵਰਗਾ’’) ਦਾ ਛੋਟਾ ਰੂਪ ਹੈ। [38]ਯਿਸੂ ਨੂੰ ਇਹ ਦੱਸੇ ਜਾਣ ਤੇ ਕਿ ਇਹ ਹੇਰੋਦੇਸ ਉਸ ਨੂੰ ਮਾਰਨਾ ਚਾਹੁੰਦਾ ਹੈ, ਉਸ ਨੇ ਉਸ ਨੂੰ ‘‘ਉਸ ਲੂੰਬੜੀ’’ ਕਿਹਾ (ਲੂਕਾ 13:32)। ਯਿਸੂ ਨੇ ਸੰਕੇਤ ਦਿੱਤਾ ਕਿ ਹੇਰੋਦੇਸ ਇਕ ਚਲਾਕ ਆਦਮੀ ਸੀ, ਪਰ ਹੇਰੋਦੇਸ ਨੂੰ ਮੌਕਾ ਮਿਲਣ ਤੋਂ ਪਹਿਲਾਂ ਹੀ ਦੂਜੇ ਲੋਕਾਂ ਨੇ ਯਿਸੂ ਨੂੰ ਮਰਵਾ ਸੁੱਟਣਾ ਸੀ। [39]ਏਲੀਯਾਹ’’ ਲਈ ਯੂਨਾਨੀ ਸ਼ਬਦ ‘‘Elias’’ ਹੈ। [40]ਇਹ ਚੌਥੇ ਹਿੱਸੇ ਦਾ ਹਾਕਮ ਫ਼ਿਲਿੱਪੁਸ ਨਹੀਂ ਹੈ (ਹੇਰੋਦੇਸ ਫ਼ਿਲਿੱਪ ਦੂਜਾ), ਬਲਕਿ ਕਿਸੇ ਹੋਰ ਪਤਨੀ ਤੋਂ ਹੇਰੋਦੇਸ ਮਹਾਨ ਦਾ ਇਕ ਹੋਰ ਪੁੱਤਰ ਹੈ। (ਐਲਨ ਬਲੈਕ, *ਮਾਰਕ,* ਦ ਕਾਲਜ ਪ੍ਰੈੱਸ NIV ਕਮੈਂਟਰੀ [ਜੋਪਲਿਨ, ਮਿਜ਼ੋਰੀ: ਕਾਲਜ ਪ੍ਰੈੱਸ ਪਬਲੀਸ਼ਿੰਗ ਕੰ., 1995], 118.)

[41]ਜੋਸੇਫ਼ਸ 18.5.4 [136]. [42]ਉੱਥੇ ਹੀ, 18.5.1 [114-19]. [43]ਜੋਸੇਫ਼ਸ ਨੇ ਲਿਖਿਆ ਕਿ ਹੇਰੋਦੇਸ ਯੂਹੰਨਾ ਨੂੰ ਮਰਵਾ ਸੁੱਟਣਾ ਚਾਹੁੰਦਾ ਸੀ ਕਿਉਂ ਜੋ ਉਹਨੂੰ ਲੋਕਾਂ ਦੀ ਬਗ਼ਾਵਤ ਦਾ ਖ਼ਤਰਾ ਸੀ (ਉੱਥੇ ਹੀ, 18.5.2 [118]।) [44]ਇੰਗਲਿਸ਼ ਨੇ ਸ਼ਰਤ ਲਾਈ ਕਿ ‘‘ਭਾਵੇਂ ਬਹੁਤੀਆਂ ਹੱਥ-ਲਿਖਤਾਂ ਵਿਚ ਤਾਂ ਨਹੀਂ, ਪਰ ਸਭ ਤੋਂ ਵਧੀਆ ਪਾਠ ਵਿਚ ਭੈਅ, ਅਨੰਦ ਅਤੇ ਅੰਦਰੂਨੀ ਗੜਬੜ ਦਾ ਮਿਲਿਆ ਜੁਲਿਆ’’ ਵਿਚਾਰ ਹੈ। (ਇੰਗਲਿਸ਼, 129)। [45]ਇਕ ਸਮਾਨਾਂਤਰ ਵਿਰਤਾਂਤ ਮੱਤੀ 14:6-12 ਵਿਚ ਹੈ। [46]ਟੀ. ਡਬਲਯੂ. ਮੈਨਸਨ ਨੇ ਕਿਹਾ, ‘‘... ਇੱਕੋ ਥਾਂ ਜਿੱਥੇ ਉਸ ਦੇ ਵਿਆਹ ਦਾ ਪ੍ਰਮਾਣ-ਪੱਤਰ ਸੁਰੱਖਿਅਤ ਢੰਗ ਨਾਲ ਲਿਖਿਆ ਜਾ ਸਕਦਾ ਸੀ, ਉਹ ਯੂਹੰਨਾ ਬਪਤਿਸਮਾ ਦੇਣ ਵਾਲੇ ਦੀ ਮੌਤ ਦੇ ਫ਼ਰਮਾਨ ਦਾ ਪਿਛਲਾ ਪਾਸਾ ਸੀ’’ (ਟੀ. ਡਬਲਯੂ. ਮੈਨਸਨ, *ਦ ਸਰਵੈਂਟ-ਮਸਾਯਾਹ: ਏ ਸਟੱਡੀ ਆਫ਼ ਦ ਮਿਨਿਸਟਰੀ ਆਫ਼ ਜੀਜ਼ਸ* [ਗ੍ਰੈਂਡ ਰੈਪਿਡਸ,

ਮਿਸ਼ਿਗਨ: ਬੇਕਰ ਬੁਕ ਹਾਊਸ, 1977], 40)। [47]ਇਹ ਹਾਲਤ ਵਸ਼ਤੀ ਦਾ ਚੇਤਾ ਕਰਵਾਉਂਦੀ ਹੈ ਜਿਹਨੇ ਅਸਤਰ 1:10–12 ਵਿਚ ਆਪਣੇ ਪਤੀ ਅਹਸ਼ਵੇਰੋਸ਼ ਪਾਤਸ਼ਾਹ (ਜਿਸ ਦਾ ਯੂਨਾਨੀ ਨਾਮ ਅਕਸ਼ਰਸ਼ ਸੀ) ਦੇ ਹੁਕਮਾਂ 'ਤੇ ਵੀ ਵਾਸਨਾ ਨਾਲ ਭਰੇ ਆਦਮੀਆਂ ਸਾਹਮਣੇ ਆਪਣੇ ਆਪ ਨੂੰ ਨੰਗਾ ਨਹੀਂ ਕੀਤੀ। [48]ਅਲਕੋਹਲ ਪੀਣਾ ਕਿਸੇ ਨਾ ਕਿਸੇ ਬੁਰਿਆਈ ਦਾ ਕਾਰਣ ਬਣਦਾ ਲਗਦਾ ਹੈ, ਪਰ ਮਸਤ ਹੋ ਜਾਣਾ ਬੁਰੇ ਆਚਰਣ ਦਾ ਕੋਈ ਬਹਾਨਾ ਨਹੀਂ ਹੈ। [49]''ਬਹੁਤ ਉਦਾਸ'' περίλυπος (*ਪੇਰਿਲੁਪੋਸ*) ਦਾ ਅਨੁਵਾਦ ਹੈ, ਉਹੀ ਕਿਰਿਆ ਸ਼ਬਦ ਜਿਸਦੀ ਵਰਤੋਂ 14:34 ਵਿਚ ਇਹ ਕਹਿਣ ਲਈ ਹੋਈ ਹੈ ਕਿ ਯਿਸੂ ''ਬਹੁਤ ਉਦਾਸ'' ਸੀ। [50]ਸਮਾਨਾਂਤਰ ਵਿਰਤਾਂਤ ਮੱਤੀ 14:13–21; ਲੂਕਾ 9:10–17; ਅਤੇ ਯੂਹੰਨਾ 6:1–13 ਵਿਚ ਹਨ।

[51]ਵੈਂਸ ਹੈਵਨਰ, *ਪੈਪਰ, ਐਨ ਸਾਲਟ* (ਵੈਸਟਵੁਡ, ਨਿਊ ਜਰਸੀ: ਫ਼ਲੇਮਿੰਗ ਐੱਚ. ਰੈਵਲ ਕੰ., 1966), 9. [52]ਬਾਰਕਲੇ, 157. [53]ਦੀਨਾਰ ਆਮ ਮਜ਼ਦੂਰ ਦੀ ਇਕ ਦਿਨ ਦੀ ਮਜ਼ਦੂਰੀ ਹੁੰਦਾ ਸੀ। ਇਸ ਕਰਕੇ ਦੋ ਸੌ ਦੀਨਾਰ ਕਮਾਉਣ ਲਈ ਕਿਸੇ ਨੂੰ ਦੋ ਸੌ ਦਿਨ ਜਾਂ ਲਗਭਗ ਸੱਤ ਮਹੀਨੇ ਕੰਮ ਕਰਨਾ ਪੈਣਾ ਸੀ। [54]ਬਾਰਕਲੇ, 161. [55]ਰੌਡਨੀ ਐੱਲ. ਕੂਪਰ, *ਮਾਰਕ,* ਹਾਲਮਨ ਨਿਊ ਟੈਸਟਾਮੈਂਟ ਕਮੈਂਟਰੀ (ਨੈਸ਼ਵਿਲ: ਬ੍ਰੌਡਮੈਨ ਅਤੇ ਹਾਲਮਨ ਪਬਲੀਸ਼ਰਜ਼, 2000), 107. [56]ਵਾਲਟਰ ਬਾਉਰ, *ਏ ਗ੍ਰੀਕ–ਇੰਗਲਿਸ਼ ਲੈਕਸੀਕਨ ਐਂਡ ਅਦਰ ਅਰਲੀ ਕ੍ਰਿਸਚਿਅਨ ਲਿਟਰੇਚਰ,* ਜਿਲਦੀ ਤੀਜੀ, ਸੋਧ ਅਤੇ ਸੰਪਾ., ਫ਼੍ਰੈਡਰਿਕ ਵਿਲੀਅਮ ਡੈਂਕਰ (ਸ਼ਿਕਾਗੋ: ਯੂਨੀਵਰਸਿਟੀ ਆਫ਼ ਸ਼ਿਕਾਗੋ ਪ੍ਰੈੱਸ, 2000), 759. [57]*ਦ ਅਮੈਰੀਕਨ ਹੈਰੀਟੇਜ ਡਿਕਸ਼ਨਰੀ,* ਜਿਲਦ 5ਵੀਂ (2012), ਐੱਸ. ਵੀ. ''ਸਿੰਪੋਜ਼ਿਅਮ।'' [58]ਬਾਰਕਲੇ, 159. [59]ਉੱਥੇ ਹੀ। [60]ਸਮਾਨਾਂਤਰ ਵਿਰਤਾਂਤ ਮੱਤੀ 14:22–33 ਅਤੇ ਯੂਹੰਨਾ 6:16–21 ਵਿਚ ਹਨ।

[61]ਰੌਬਰਟ ਈ. ਸਪੀਅਰ, *ਦ ਪ੍ਰਿੰਸਪਲਜ਼ ਆਫ਼ ਜੀਜ਼ਸ ਅਪਲਾਈਡ ਟੁ ਸਮ ਪ੍ਰਿੰਸਪਲਜ਼ ਆਫ਼ ਟੁਡੇ* (ਨਿਊ ਯਾਰਕ: ਐਸੋਸੀਏਸ਼ਨ ਪ੍ਰੈੱਸ, 1902), 20. [62]ਅਗਸਤੁਸ ਦੇ ਸਮੇਂ ਵਿਚ, ਫ਼ੌਜ ਵਿਚ ਸਿਰਫ਼ ਛੇ ਹਜ਼ਾਰ ਪੈਦਲ ਸਿਪਾਹੀ ਹੀ ਨਹੀਂ ਹੁੰਦੇ ਸਨ ਬਲਕਿ ਇਹਦੇ ਨਾਲ ਕਈ ਵਾਰ ਇਕ ਛੋਟੀ ਘੋੜਸਵਾਰ ਡਿਵੀਜ਼ਨ ਜਾਂ ਆਲਾ (ਕਰੀਬ 120) ਲਾਏ ਜਾਂਦੇ ਸਨ'' (ਜੇ. ਡੀ. ਡਗਲਸ, ਸੰਪਾ, *ਦ ਨਿਊ ਬਾਈਬਲ ਡਿਕਸ਼ਨਰੀ* [ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਜ਼ ਪਬਲੀਸ਼ਿੰਗ ਕੰ., 1962), 728 ਵਿਚ ਜੇ. ਏ. ਬਾਲਚਿਨ, ''ਲੀਜਨ।'' ਕਈ ਵਾਰ ਇਹ ਸ਼ਬਦ ਸਿਰਫ਼ ਵੱਡੀ ਗਿਣਤੀ ਵਿਖਾਉਣ ਲਈ ਵਰਤਿਆ ਜਾਂਦਾ ਸੀ। [63]ਬਾਰਕਲੇ, 126. [64]ਬਾਰਕਲੇ, 163. [65]ਇਕ ਸਮਾਨਾਂਤਰ ਵਿਰਤਾਂਤ ਮੱਤੀ 14:34–36 ਵਿਚ ਹੈ। [66]ਜੋਸੇਫ਼ਸ *ਵਾਰਜ਼* 3.10.7–8 [506–21]. [67]ਇਹ ਮੀਕਾਯਾਹ ਜੋ ਕਿ ਯਿਮਲਾਹ ਦਾ ਪੁੱਤਰ ਸੀ, ਏਲੀਆਹ ਦਾ ਸਮਕਾਲੀ ਨਬੀ ਸੀ। ਪੁਰਾਣੇ ਨੇਮ ਵਿਚ ਉਹ 1 ਰਾਜਿਆਂ 22:1–27 ਅਤੇ 2 ਇਤਹਾਸ 18:3–27 ਵਿਚ ਮਿਲਦਾ ਹੈ, ਜਿੱਥੇ ਉਸ ਨੇ ਅਹਾਬ ਇਸਰਾਏਲੀ ਕੋਲ ਬਾਦਸ਼ਾਹ ਨੂੰ ਇਹ ਚੇਤਾਵਨੀ ਦਿੰਦਿਆਂ ਇਹ ਨਬੂਵਤ ਕੀਤੀ ਕਿ ਉਹਦੇ ਆਪਣੇ ਨਬੀ ਉਹਦੇ ਨਾਲ ਧੋਖਾ ਕਰ ਰਹੇ ਸਨ। (*ਦ ਇੰਟਰਨੈਸ਼ਨਲ ਸਟੈਂਡਰਡ ਬਾਈਬਲ ਇੰਸਾਈਕਲੋਪੀਡੀਆ,* ਸੋਧਿਆ ਅੰਕ, ਸੰਪਾ. ਜੈਫ਼ਰੀ ਡਬਲਯੂ. ਬ੍ਰੋਮਿਲੇ [ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਜ਼ ਪਬਲੀਸ਼ਿੰਗ ਕੰ., 1986]: 3:347) ਮੁਰਡੋ ਏ. ਮੈਕਲਿਓਡ, ''ਮੀਕਾਯਾਹ।''